ISSN 2394-8507
ਭੇਟਾ : ₹ ੫/-

ਮਾਸਿਕ

ਗੁਰਮਤਿ ਪ੍ਰਕਾਸ਼

ਜਿਲਦ : ੬੯ ਚੇਤ-ਵੈਸਾਖ ਸੰਮਤ ਨਾਨਕਸ਼ਾਹੀ ੫੫੭ ਅਪ੍ਰੈਲ ੨੦੨੫ ਅੰਕ : ੧
Vol. : 69 April 2025 Issue : 1

ਤਖ਼ਤ ਸ੍ਰੀ ਕੇਸਗੜ੍ਹ ਸਾਹਿਬ,
ਸ੍ਰੀ ਅਨੰਦਪੁਰ ਸਾਹਿਬ



ਗੁਰਦੁਆਰਾ ਸ੍ਰੀ ਬੰਗਲਾ ਸਾਹਿਬ, ਦਿੱਲੀ

ੴ ਸਤਿਗੁਰ ਪ੍ਰਸਾਦਿ॥
ਗੁਰਮਤਿ ਸਾਚੀ ਸਾਚਾ ਵੀਚਾਰੁ॥

ਗੁਰਮਤਿ ਪ੍ਰਕਾਸ਼

(ਧਰਮ ਪ੍ਰਚਾਰ ਕਮੇਟੀ ਦਾ ਮਾਸਿਕ-ਪੱਤਰ)

ਚੇਤ-ਵੈਸਾਖ, ਸੰਮਤ ਨਾਨਕਸ਼ਾਹੀ ੫੫੭ ਅਪ੍ਰੈਲ 2025

ਜਿਲਦ ੬੯ (Vol. 69) ਅੰਕ ੦੧ (Issue 01)

ਸੰਪਾਦਕ
ਸਤਵਿੰਦਰ ਸਿੰਘ
ਸਹਾਇਕ ਸੰਪਾਦਕ
ਬਿਕਰਮਜੀਤ ਸਿੰਘ

ਚੰਦਾ

(ਦੇਸ਼)		(ਵਿਦੇਸ਼)	
ਪ੍ਰਤੀ ਕਾਪੀ	₹ 5	ਸਾਲਾਨਾ	₹ 1250
ਸਾਲਾਨਾ	₹ 50	ਪੰਜ ਸਾਲ	₹ 5000
ਪੰਜ ਸਾਲ	₹ 250	ਲਾਈਫ਼	₹ 10000
ਲਾਈਫ਼	₹ 500		

ਚੰਦਾ ਭੇਜਣ ਦਾ ਪਤਾ

ਸਕੱਤਰ
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ-੧੪੩੦੦੬

Secretary
Dharam Parchar Committee
(S.G.P.C.)
Sri Amritsar-143006

ਫੋਨ: 0183-2553956-59 ਐਕਸ 304 ਫੈਕਸ: 0183-2553919
website : www.sgpc.net
e-mail :gurmatparkashmonthly@gmail.com,
gyan_gurmat@yahoo.com

ਡਾਕ ਰਾਹੀਂ 'ਗੁਰਮਤਿ ਪ੍ਰਕਾਸ਼' ਨਾ ਪੁੱਜਣ ਬਾਰੇ ਉਪਰੋਕਤ ਫੋਨ ਨੰਬਰ ਮਿਲਾ ਕੇ ਇੰਚਾਰਜ ਗੁਰਮਤਿ ਪ੍ਰਕਾਸ਼ ਨਾਲ ਐਕਸ: 303 'ਤੇ ਸੰਪਰਕ ਕਰੋ ਜੀ।

Approved for School libraries by the Director of Public Instructions Punjab
Vide Circular No. 4580-2/25-58-B-49154 Dated Oct. 1958

ਤਤਕਰਾ

ਗੁਰਬਾਣੀ ਵਿਚਾਰ		੫
ਸੰਪਾਦਕੀ		੬
ਸ੍ਰੀ ਗੁਰੂ ਨਾਨਕ ਦੇਵ ਜੀ ਬਾਣੀ ਦਾ ਸੱਭਿਆਚਾਰਕ ਪ੍ਰਸੰਗ:...	-ਡਾ. ਗੁੰਜਨਜੋਤ ਕੌਰ	੮
ਬਾਲਾ ਪ੍ਰੀਤਮ: ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ	-ਸ. ਜਸਬੀਰ ਸਿੰਘ ਤੇਗ	੧੫
ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਬਹੁਪੱਖੀ ਦੇਣ	-ਸ. ਬਲਵਿੰਦਰ ਸਿੰਘ ਕਾਹਲਵਾਂ	੧੮
ਕਿਹੋ ਜਿਹਾ ਹੋਵੇ ਖਾਲਸਈ ਅਮਲ ਦਾ ਜੀਵਨ-ਨਿਜ਼ਾਮ	-ਪ੍ਰੋ. ਹਰਿੰਦਰ ਸਿੰਘ ਮਹਿਬੂਬ	੨੩
ਵਾਰ ਸ੍ਰੀ ਭਗਉਤੀ ਜੀ ਕੀ॥	-ਸ. ਗੁਰਚਰਨਜੀਤ ਸਿੰਘ ਲਾਂਬਾ	੩੧
ਕਿਰਪਾਨ: ਇਤਿਹਾਸ ਅਤੇ ਚੁਣੌਤੀਆਂ	-ਡਾ. ਗੁਰਮਿੰਦਰ ਸਿੰਘ ਰੂਪੋਵਾਲੀ	੩੯
ਕਾਲੇ ਪਾਣੀਆਂ ਦੀ ਸੈਲੂਲਰ ਜੇਲ੍ਹ ਦੇ ਜਾਂਬਾਜ਼ ਸਿਰਲੱਥ ਸ਼ਹੀਦ ਯੋਧੇ	-ਪ੍ਰੋ. ਕਿਰਪਾਲ ਸਿੰਘ ਬਡੂੰਗਰ	੪੮
ਅਸ਼ਲੀਲ ਬੋਲਾਂ 'ਤੇ ਨਿਯੰਤਰਣ ਦੀ ਲੋੜ	-ਡਾ. ਜਸਵੰਤ ਸਿੰਘ ਨੇਕੀ	੬੦
ਦਾਸਤਾਨ: ਅੰਮ੍ਰਿਤਸਰ ਦੇ ਵੱਸਣ, ਵਿਕਾਸ ਤੇ ਪਛੜਣ ਦੀ	-ਸ. ਅਜਾਦ ਦੀਪ ਸਿੰਘ	੬੨
ਅਪ੍ਰੈਲ ਮਹੀਨੇ ਨਾਲ ਸੰਬੰਧਿਤ ਸ਼ਖ਼ਸੀਅਤਾਂ:	-ਡਾ. ਗੁਰਪ੍ਰੀਤ ਸਿੰਘ	੬੮
ਇਤਿਹਾਸ ਸਿੱਖ ਰਹਿਤ ਮਰਯਾਦਾ...	-ਸ. ਗੁਰਚਰਨਜੀਤ ਸਿੰਘ ਲਾਂਬਾ	੭੭
ਗੁਰਮਤਿ ਦੇ ਅਨਮੋਲ ਵਿਚਾਰ	-ਭਾਈ ਰੇਸ਼ਮ ਸਿੰਘ	੮੪
ਮਨ ਰੇ ਗ੍ਰਿਹ ਹੀ ਮਾਹਿ ਉਦਾਸੁ	-ਡਾ. ਸ਼ਿਆਮ ਸੁੰਦਰ ਦੀਪਤੀ	੮੬
ਅਪ੍ਰੈਲ ਅਤੇ ਮਈ ੨੦੨੫ ਈ. ਦੇ ਗੁਰਪੁਰਬ ਅਤੇ ਇਤਿਹਾਸਿਕ ਦਿਹਾੜੇ		੮੯
ਗੂਜਰੀ ਕੀ ਵਾਰ ਮਹਲਾ ੩	-ਮਾ. ਬਲਬੀਰ ਸਿੰਘ ਹੰਸਪਾਲ	੯੦
ਸਿੱਖ ਸਾਹਿਤ ਦੇ ਰੂ-ਬ-ਰੂ ...	-ਡਾ. ਰਣਜੀਤ ਕੌਰ ਪੰਨਵਾਂ	੯੨
ਖ਼ਬਰਨਾਮਾ		੯੪

ਗੁਰਬਾਣੀ ਵਿਚਾਰ

ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ॥
ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ॥
ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ॥
ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ॥
ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ॥
ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ॥
ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ॥
ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ॥
ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੩)

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ 'ਬਾਰਹ ਮਾਹਾ ਮਾਂਝ' ਦੀ ਇਸ ਪਾਵਨ ਪਉੜੀ ਦੁਆਰਾ 'ਵੈਸਾਖ' ਮਹੀਨੇ ਦੇ ਨਾਲ ਸੰਬੰਧਿਤ ਸੰਕੇਤਾਵਲੀ ਤੇ ਦ੍ਰਿਸ਼ਾਵਲੀ ਦੇ ਮਾਧਿਅਮ ਨਾਲ ਪਰਮਾਤਮਾ ਦੇ ਸੱਚੇ ਨਾਮ ਤੋਂ ਵਿੱਛੜੀ ਜੀਵ-ਇਸਤਰੀ ਦੀ ਇਸ ਨਾਸ਼ਮਾਨ ਸੰਸਾਰ ਵਿਚ ਉਲਾਰੂ ਬਿਰਤੀ ਨੂੰ ਉਸਾਰੂ ਦਿਸ਼ਾ ਪ੍ਰਦਾਨ ਕਰਦੇ ਹੋਏ ਉਸ ਨੂੰ ਸਤਿਗੁਰੂ ਦੇ ਗੁਰਮਤਿ ਗਿਆਨ ਦੀ ਸੇਧ ਵਿਚ ਚੱਲਦਿਆਂ ਪਰਮਾਤਮਾ ਦੇ ਸਦੀਵੀ ਰਹਿਣ ਵਾਲੇ ਸੱਚੇ ਨਾਮ ਦੀ ਸੰਭਾਲ ਕਰਨ ਦਾ ਸੁਮਾਰਗ ਬਖ਼ਸ਼ਿਸ਼ ਕਰਦੇ ਹਨ। ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਵੈਸਾਖ ਮਹੀਨਾ ਜੋ ਕਿ ਮਨੁੱਖ-ਮਾਤਰ ਨੂੰ ਉਸ ਦੀ ਕਮਾਈ ਦੇ ਮਿੱਠੇ ਫਲ ਦੀ ਆਸ ਬੰਨ੍ਹਾਉਣ ਵਾਲਾ ਹੈ ਉਸ ਵਿਚ ਵੀ ਉਨ੍ਹਾਂ ਜੀਵ-ਇਸਤਰੀਆਂ ਨੂੰ ਧੀਰਜ ਕਿਉਂ ਆਏਗਾ ਜਿਹੜੀਆਂ ਮਾਲਕ ਦੇ ਪਿਆਰ ਤੋਂ ਵਿੱਛੜੀਆਂ ਹੋਈਆਂ ਹਨ, ਜਿਨ੍ਹਾਂ ਜੀਵ-ਇਸਤਰੀਆਂ ਨੇ ਪਰਮਾਤਮਾ ਰੂਪੀ ਅਸਲ ਸੱਜਣ ਨੂੰ ਭੁਲਾ ਛੱਡਿਆ ਹੋਇਆ ਹੈ ਅਤੇ ਜੋ ਸੰਸਾਰ ਦੀ ਦਿੱਸਦੀ ਮਾਇਆ ਦੇ ਅਸਰ ਥੱਲੇ ਹਨ! ਅਗਿਆਨੀ ਮਨੁੱਖ ਨੂੰ ਇਹ ਸੱਚਾਈ ਇਸ ਸੰਸਾਰ 'ਚ ਵਿਚਰਦਿਆਂ ਵਿੱਸਰ ਜਾਂਦੀ ਹੈ ਕਿ ਨਾ ਪੁੱਤਰ, ਨਾ ਇਸਤਰੀ ਅਤੇ ਨਾ ਹੀ ਧਨ ਉਸ ਦੇ ਨਾਲ ਜਾਂਦਾ ਹੈ, ਸਿਰਫ ਤੇ ਸਿਰਫ ਕਦੇ ਨਾ ਨਾਸ਼ ਹੋਣ ਵਾਲਾ ਪਰਮਾਤਮਾ ਦਾ ਨਾਮ ਹੀ ਉਸ ਦੇ ਨਾਲ ਰਹਿੰਦਾ/ ਸਹਾਈ ਹੁੰਦਾ ਹੈ। ਇਸ ਘੋਰ ਅਗਿਆਨਤਾ ਵਿਚ ਸਾਰੀ ਲੋਕਾਈ ਹੀ ਉਲਝ ਕੇ ਆਤਮਿਕ ਮੌਤ ਦਾ ਗ੍ਰਾਸ ਬਣ ਰਹੀ ਹੈ। ਮਾਇਆ-ਮੋਹ ਦੇ ਕੂੜੇ ਧੰਦੇ ਵਿਚ ਮਨ ਉਲਝਿਆ ਪਿਆ ਹੈ। ਇਸ ਸੱਚਾਈ ਨੂੰ ਵੀ ਮਨੁੱਖ ਨੇ ਵਿਸਾਰਿਆ ਹੋਇਆ ਹੈ ਕਿ ਪਿਆਰੇ ਮਾਲਕ ਨੂੰ ਭੁਲਾ ਕੇ ਤਾਂ ਖੱਜਲ-ਖੁਆਰ ਹੀ ਹੋਈਦਾ ਹੈ ਤੇ ਉਸ ਮਾਲਕ ਬਿਨਾਂ ਮਨੁੱਖ ਦਾ ਕੋਈ ਸਦੀਵੀ ਸਾਥੀ ਮਦਦਗਾਰ ਹੈ ਹੀ ਨਹੀਂ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਕੁਝ ਸੁਭਾਗੇ ਮਨੁੱਖ ਜੋ ਪਿਆਰੇ ਪ੍ਰਭੂ ਦੇ ਚਰਨਾਂ ਨਾਲ ਲੱਗ ਜਾਂਦੇ ਹਨ ਉਨ੍ਹਾਂ ਦੀ ਸੁੱਚੀ ਤੇ ਮੈਲ ਰਹਿਤ ਸੋਭਾ ਵਡਿਆਈ ਹੈ। ਸਤਿਗੁਰੂ ਜੀ ਸੰਸਾਰਕ ਬਿਰਤੀ ਵਾਲੇ ਜੀਵਾਂ ਦੇ ਉੱਧਾਰ ਦੀ ਨਿਰਮਲ ਭਾਵਨਾ ਨੂੰ ਸੰਕੇਤਕ ਰੂਪ 'ਚ ਪ੍ਰਗਟਾਉਂਦੇ ਹੋਏ ਬਚਨ ਕਰਦੇ ਹਨ ਕਿ ਹੇ ਨਾਨਕ! ਬੇਨਤੀ ਹੈ ਕਿ ਤੁਸੀਂ ਆਪ ਹੀ ਮਿਲ ਪਵੋ। ਜੀਵਨ ਰੂਪੀ ਵੈਸਾਖ ਦਾ ਇਹ ਮਹੀਨਾ ਸਤਿਗੁਰੂ ਦੇ ਰੂ-ਬ-ਰੂ ਹੋ ਕੇ ਪਰਮਾਤਮਾ ਰੂਪੀ ਮਾਲਕ ਨਾਲ ਮਿਲਾਪ ਕਰਵਾਉਣ ਦੀ ਹਾਲਤ ਵਿਚ ਸੁਹਾਵਣਾ ਹੋ ਸਕਦਾ ਹੈ। ■

ਸੰਪਾਦਕੀ...

ਆਓ! ਖਾਲਸਈ ਆਦਰਸ਼ ਦੇ ਧਾਰਨੀ ਹੋਈਏ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖਾਲਸਾ ਪੰਥ ਦੀ ਸਾਜਨਾ ਧਰਤੀ ਉੱਪਰ ਸੰਪੂਰਨ ਮਨੁੱਖ ਦੀ ਘਾੜਤ ਲਈ 'ਨਾਨਕ ਨਿਰਮਲ ਪੰਥ' ਦੀ 'ਖਾਲਸਾ ਪੰਥ' ਦੇ ਰੂਪ ਵਿਚ ਸੰਪੂਰਨਤਾ ਸੀ।

ਇਹ ਖਾਲਸਾ ਪੰਥ 'ਪ੍ਰਭੂ ਦਾ ਪੰਥ' ਸੀ ਜਿਸ ਦੇ ਪੈਰੋਕਾਰਾਂ ਨੇ ਧਾਰਮਿਕ ਜਗਤ ਵਿਚ ਹਰ ਪ੍ਰਕਾਰ ਦੀ ਵਿਚੋਲਗੀ ਤੋਂ ਮੁਕਤ ਹੋ ਕੇ ਅਕਾਲ ਪੁਰਖ ਨਾਲ ਸਿੱਧਾ ਸੰਬੰਧ ਸਥਾਪਿਤ ਕਰਨਾ ਸੀ। ਇਸ ਪੰਥ ਨੇ ਇੱਕ ਅਕਾਲ ਦਾ ਪੁਜਾਰੀ ਹੋ ਕੇ ਅੱਗੇ ਤੋਂ ਮਨੁੱਖਤਾ ਦੀ ਅਗਵਾਈ ਵੀ ਕਰਨੀ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਚਿਤ੍ਰ ਨਾਟਕ ਵਿਚ ਪਹਿਲਾਂ ਦੇ ਹਾਲਾਤਾਂ ਅਤੇ ਆਪਣੇ ਮਿਸ਼ਨ ਬਾਰੇ ਲਿਖਦੇ ਹਨ:

ਪੇਡ ਪਾਤ ਆਪਨ ਤੇ ਜਲੈ॥ ਪ੍ਰਭ ਕੈ ਪੰਥ ਨ ਕੋਊ ਚਲੈ॥
ਜਿਨਿ ਜਿਨਿ ਤਨਿਕ ਸਿੱਧ ਕੋ ਪਾਯੋ॥ ਤਿਨ ਤਿਨ ਅਪਨਾ ਰਾਹੁ ਚਲਾਯੋ॥ . . .
ਸਭ ਅਪਨੀ ਅਪਨੀ ਉਰਝਾਨਾ॥ ਪਾਰਬ੍ਰਹਮ ਕਾਹੂ ਨ ਪਛਾਨਾ॥

ਅਖੌਤੀ ਧਾਰਮਿਕ ਆਗੂਆਂ ਦੁਆਰਾ ਮਨੁੱਖਤਾ ਨੂੰ ਸਹੀ ਮਾਰਗ 'ਤੇ ਨਹੀਂ ਸੀ ਪਾਇਆ ਜਾ ਰਿਹਾ, ਸਮਾਜ ਵਿਚ ਗਿਰਾਵਟ ਆ ਚੁੱਕੀ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਧਰਤੀ ਉੱਪਰ ਭੇਜ ਕੇ ਅਕਾਲ ਪੁਰਖ ਦੀ ਅਜਿਹਾ ਪੰਥ ਸਥਾਪਿਤ ਕਰਨ ਦੀ ਮਨਸ਼ਾ ਸੀ ਜੋ ਜਾਤ-ਪਾਤ ਦੀਆਂ ਵੰਡੀਆਂ ਤੋਂ ਉੱਪਰ ਉਠ ਕੇ ਮਨੁੱਖੀ ਭਾਈਚਾਰੇ ਦੀ ਸੇਵਾ ਲਈ ਤਤਪਰ ਰਹੇ। ਜੋ ਗੁਰਬਾਣੀ ਵਿਚ ਆਏ ਬੇਗਮਪੁਰੇ ਦੇ ਸੰਕਲਪ ਨੂੰ ਧਰਤੀ ਉੱਪਰ ਵਿਵਹਾਰਕ ਰੂਪ ਦੇ ਸਕੇ, ਜੋ "ਮੂਏ ਬਿਨੁ ਜੀਵਨ ਨਾਹੀ" ਨੂੰ ਸੱਚ ਕਰ ਵਿਖਾਏ, ਜੋ ਧਰਤੀ ਧਰਮਸਾਲ ਦੀ ਸਥਾਪਤੀ ਲਈ ਬੁਰਾਈਆਂ ਦਾ ਸੰਘਾਰ ਕਰ ਸਕੇ, ਦੁਰਜਨਾਂ (ਬਦੀ) ਨੂੰ ਮਾਰ ਮੁਕਾਵੇ, ਧਰਮੀਆਂ ਲਈ ਹਰ ਪ੍ਰਕਾਰ ਦੇ ਸੰਕਟ ਨਿਵਿਰਤ ਕਰ ਸਕੇ। ਇਸ ਮੰਤਵ ਦੀ ਪੂਰਤੀ ਲਈ ਗੁਰੂ ਸਾਹਿਬ ਕਹਿੰਦੇ ਹਨ ਅਕਾਲ ਪੁਰਖ ਨੇ ਮੈਨੂੰ ਧਰਤੀ ਉੱਪਰ ਜਾ ਕੇ ਪੰਥ ਸਥਾਪਿਤ ਕਰਨ ਦਾ ਹੁਕਮ ਦਿੱਤਾ ਹੈ:-

ਤਪ ਸਾਧਤ ਹਰਿ ਮੋਹਿ ਬੁਲਾਯੋ॥ ਇਮ ਕਹਿ ਕੈ ਇਹ ਲੋਕ ਪਠਾਯੋ॥ . . .
ਮੈਂ ਅਪਨਾ ਸੁਤ ਤੋਹਿ ਨਿਵਾਜਾ॥ ਪੰਥ ਪ੍ਰਚੁਰ ਕਰਬੇ ਕਹੁ ਸਾਜਾ॥
ਜਾਹਿ ਤਹਾਂ ਤੈ ਧਰਮੁ ਚਲਾਇ॥ ਕਬੁਧਿ ਕਰਨ ਤੇ ਲੋਕ ਹਟਾਇ॥ (ਸ੍ਰੀ ਦਸਮ ਗ੍ਰੰਥ)

ਅਕਾਲ ਪੁਰਖ ਦੇ ਇਸ ਮਿਸ਼ਨ ਤਹਿਤ ਕਲਗੀਧਰ ਪਿਤਾ ਜੀ ਨੇ ੧੬੯੯ ਈ: ਦੀ ਵੈਸਾਖੀ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਖਾਲਸਾ ਪੰਥ ਸਾਜਿਆ। ਭਾਰਤੀ ਸਮਾਜ ਅੰਦਰ ਸਦੀਆਂ ਤੋਂ ਲਿਤਾੜੇ, ਦੁਰਕਾਰੇ ਜਾ ਰਹੇ ਲੋਕਾਂ ਨੂੰ ਪਹਿਲੀ ਵਾਰ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਨੇ ਗ਼ਲ ਨਾਲ ਲਾਇਆ ਅਤੇ "ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ

ਬਖਸੀਸ" ਦਾ ਆਦਰਸ਼ਕ ਵਿਚਾਰ ਪੇਸ਼ ਕੀਤਾ। ਇਸੇ ਵਿਚਾਰ ਨੂੰ ਕਲਗੀਧਰ ਪਿਤਾ ਨੇ-

-ਨਾਮ ਗਰੀਬ ਨਿਵਾਜ਼ ਹਮਾਰਾ। ਹੈ ਜਗ ਮੇਂ ਪ੍ਰਸਿਧ ਅਪਾਰਾ।
ਸੋ ਸਫਲਾ ਜਗ ਮੈਂ ਤਬ ਥੈ ਹੈਂ। ਲਘੁ ਜਾਤਨ ਕੋ ਬਡਪਨ ਦੈ ਹੈਂ।
(ਪੰਥ ਪ੍ਰਕਾਸ਼, ਗਿ. ਗਿਆਨ ਸਿੰਘ)

ਰਾਹੀਂ ਅਖੌਤੀ ਜਾਤ ਅਭਿਮਾਨੀ ਵਿਹਲੜ ਵਰਗ ਨੂੰ ਨਕਾਰ ਕੇ, ਕਿਰਤੀ ਲੋਕਾਂ ਨੂੰ ਪਾਤਸ਼ਾਹੀ ਸੌਂਪ ਕੇ ਕਿਰਤ ਪ੍ਰਧਾਨ ਅਤੇ ਨਰੋਏ ਪੰਥ 'ਖਾਲਸਾ ਪੰਥ' ਦੀ ਸਿਰਜਣਾ ਕੀਤੀ। ਗੁਰੂ ਜੀ ਨੇ ਖਾਲਸਾ ਪੰਥ ਦੀ ਸਾਜਨਾ ਸਮੇਂ ਇੱਕੋ ਬਾਟੇ 'ਚੋਂ ਸਾਰਿਆਂ ਨੂੰ ਖੰਡੇ ਦੀ ਪਾਹੁਲ ਛਕਾ ਕੇ ਜਾਤ-ਵਰਨ ਦੀ ਵੰਡ ਨੂੰ ਪੂਰੀ ਤਰ੍ਹਾਂ ਖਤਮ ਕਰ ਦਿੱਤਾ। ਦੂਸਰਾ ਪੰਜਾਂ ਪਿਆਰਿਆਂ ਪਾਸੋਂ ਆਪ ਖੰਡੇ-ਬਾਟੇ ਦੀ ਪਾਹੁਲ ਲੈ ਕੇ ਗੁਰੂ ਚੇਲਾ ਦੇ ਭੇਦ ਨੂੰ ਮਿਟਾ ਕੇ 'ਗੁਰੂ ਚੇਲਾ ਚੇਲਾ ਗੁਰੂ' ਦਾ ਨਿਆਰਾ ਮਾਡਲ ਮਨੁੱਖਤਾ ਸਾਹਮਣੇ ਪੇਸ਼ ਕੀਤਾ। ਗੁਰੂ ਦਾ ਚੇਲੇ ਵਿਚ ਅਭੇਦ ਹੋਣਾ ਆਉਣ ਵਾਲੇ ਸਮੇਂ ਵਿਚ ਕਿਸੇ ਵੱਡੀ ਜ਼ਿੰਮੇਵਾਰੀ ਦਾ ਪ੍ਰਤੀਕ ਸੀ। "ਤਿਨ ਤਿਨ ਅਪਨਾ ਰਾਹੁ ਚਲਾਯੋ" ਵਾਲੀ ਸਮਾਜਿਕ ਗਿਟਾਵਟ ਨੂੰ ਸਦਾ ਲਈ ਦੂਰ ਕਰ ਕੇ ਹੁਣ ਖਾਲਸੇ ਨੇ ਆਪਣੀ ਅਗਵਾਈ ਆਪ ਕਰਨੀ ਸੀ ਅਤੇ ਸਾਰੀ ਮਨੁੱਖਤਾ ਦੀ ਅਗਵਾਈ ਕਰਨ ਦੇ ਯੋਗ ਹੋਣਾ ਸੀ। ਇਸ ਲਈ ਖਾਲਸੇ ਦੀ ਉੱਚੇ ਇਖ਼ਲਾਕ ਵਾਲੀ ਰਹਿਤ ਮਰਯਾਦਾ ਨਿਰਧਾਰਿਤ ਕਰ ਕੇ ਖਾਲਸੇ ਨੂੰ ਧਰਤੀ ਦਾ ਸੰਪੂਰਨ ਮਨੁੱਖ ਸਾਜਿਆ ਗਿਆ। ਇਸ ਨੇ ਹੁਣ ਤਕ ਦੀਆਂ ਧਾਰਮਿਕ ਭਰਾਂਤੀਆਂ ਵਹਿਮਾਂ-ਭਰਮਾਂ, ਬਿਪਰਵਾਦੀ ਰੀਤੀਆਂ ਤੋਂ ਆਪ ਮੁਕਤ ਹੋ ਕੇ ਲੋਕਾਈ ਨੂੰ ਮੁਕਤ ਕਰਨਾ ਸੀ ਤਾਂ ਹੀ ਖਾਲਸਾ ਅਖਵਾਉਣਾ ਸੀ:

ਖਾਲਸ ਖਾਸ ਕਹਾਵੈ ਸੋਈ। ਜਾ ਕੇ ਹਿਰਦੇ ਭਰਮ ਨਾ ਹੋਈ।
ਭਰਮ ਭੇਖ ਤੇ ਰਹੈ ਨਿਆਰਾ। ਸੋ ਖਾਲਸ ਸਤਿਗੁਰੂ ਹਮਾਰਾ॥ (ਸ੍ਰੀ ਗੁਰ ਸੋਭਾ)

ਮਨੁੱਖੀ ਹੱਕਾਂ ਦੀ ਰਾਖੀ ਲਈ ਗੁਰੂ ਸਾਹਿਬਾਨ ਦੁਆਰਾ ਪਾਈ ਗਈ ਸ਼ਹਾਦਤ ਦੀ ਪਿਰਤ ਨੂੰ ਵੀ ਹੁਣ ਖਾਲਸੇ ਨੇ ਅਗਾਂਹ ਤੋਰਨਾ ਸੀ। ਕਿਉਂਕਿ ਗੁਰੂ ਚੇਲੇ ਵਿਚ ਅਭੇਦ ਹੋਇਆ ਸੀ। ਖਾਲਸੇ ਨੇ ਇਹ ਜ਼ਿੰਮੇਵਾਰੀ ਵੀ ਬਾਖੂਬੀ ਨਿਭਾਈ। ਸਿੱਖ ਪੰਥ ਦਾ ਕੁਰਬਾਨੀਆਂ ਭਰਿਆ ਇਤਿਹਾਸ ਇਸ ਗੱਲ ਦਾ ਜਾਮਨ ਹੈ ਕਿ ਖਾਲਸਾ ਪੰਥ ਨੇ ਧਰਮ, ਦੇਸ਼, ਕੌਮ ਦੀ ਰਾਖੀ ਲਈ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਤੋਂ ਸੰਕੋਚ ਨਹੀਂ ਕੀਤਾ।

ਸੋ ਲੋੜ ਹੈ, ਖਾਲਸਾ ਪੰਥ ਦਾ ਸਾਜਨਾ ਦਿਵਸ ਮਨਾਉਂਦਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਨਿਰਧਾਰਤ ਖਾਲਸਈ ਆਦਰਸ਼ ਨੂੰ ਸਮਝ ਕੇ ਖੰਡੇ-ਬਾਟੇ ਦੀ ਪਾਹੁਲ ਛਕ ਕੇ ਕਰਨੀ ਪਰਧਾਨ ਜੀਵਨ ਜੀਉਂਦਿਆਂ ਵਿਸ਼ਵ ਸਾਹਮਣੇ ਆਦਰਸ਼ਕ ਮਿਸਾਲ ਪੈਦਾ ਕਰਨ ਦੀ। ਤਾਂਕਿ ਵਰਤਮਾਨ ਵਿਚ ਸਮੁੱਚੇ ਵਿਸ਼ਵ ਨੂੰ ਉਸ ਰੂਹਾਨੀਅਤ ਅਤੇ ਸ਼ਾਂਤੀ ਵੱਲ ਲਿਜਾਇਆ ਜਾ ਸਕੇ ਜਿਸ ਤੋਂ "ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ" ਵਾਲੀ ਭਰਾਤਰੀਅਤਾ ਦੀ ਭਾਵਨਾ ਪੈਦਾ ਹੋ ਸਕੇ, ਸਭ ਤਰ੍ਹਾਂ ਦੇ ਦ੍ਵੈਸ਼ ਦੀ ਭਾਵਨਾ ਖਤਮ ਹੋਵੇ। ਵਿਸ਼ਵ-ਵਿਆਪੀ ਪੱਧਰ 'ਤੇ ਪੈਦਾ ਹੋ ਰਹੀਆਂ ਚੁਣੌਤੀਆਂ ਦਾ ਸਾਹਮਣਾ ਕੀਤਾ ਜਾ ਸਕੇ। ■

ਮਾਰਚ ੨੦੨੫ ਦਾ ਬਾਕੀ:

ਸ੍ਰੀ ਗੁਰੂ ਨਾਨਕ ਦੇਵ ਜੀ ਬਾਣੀ ਦਾ ਸੱਭਿਆਚਾਰਕ ਪ੍ਰਸੰਗ: ਸਮਕਾਲੀ ਪਰਿਪੇਖ ਵਿਚ

*-ਡਾ. ਗੁੰਜਨਜੋਤ ਕੌਰ**

ਸੋ ਗੁਰੂ ਨਾਨਕ ਪਾਤਸ਼ਾਹ ਨੇ ਜਿੱਥੇ ਸਮਾਜਿਕ ਬਰਾਬਰੀ ਦੇ ਸਿਧਾਂਤ ਨੂੰ ਸਥਾਪਿਤ ਕਰਨ ਵਾਸਤੇ ਵਰਨ-ਵੰਡ ਅਤੇ ਜਾਤ ਪ੍ਰਣਾਲੀ ਨੂੰ ਆਪਣੀ ਤਿੱਖੀ ਆਲੋਚਨਾ ਦੁਆਰਾ ਰੱਦ ਕੀਤਾ, ਉੱਥੇ ਆਪ ਜੀ ਨੇ ਮਨੁੱਖੀ ਸਮਾਜ ਨੂੰ ਚਲਾਉਣ ਵਾਲੇ ਪੁਰਸ਼ ਅਤੇ ਇਸਤਰੀ ਵਿਚਕਾਰ ਬਰਾਬਰੀ ਦੀ ਅਣਹੋਂਦ ਦਾ ਮਸਲਾ ਬੜੇ ਦਲੀਲਮਈ ਢੰਗ ਨਾਲ ਆਪਣੀ ਬਾਣੀ ਵਿਚ ਉਠਾਇਆ। ਈਸਾਈ ਧਰਮ ਵਿਚ ਇਸਤਰੀ ਦਾ ਦਰਜਾ ਮਰਦ ਨਾਲੋਂ ਨੀਵਾਂ ਹੈ। ਮਹਾਤਮਾ ਬੁੱਧ ਇਸਤਰੀ ਨੂੰ ਧਰਮ ਦੇ ਮਾਰਗ 'ਤੇ ਚੱਲਣ ਵਾਲੇ ਮਰਦਾਂ ਦੇ ਰਾਹ ਵਿਚ ਰੋੜਾ ਸਮਝਦੇ ਸਨ, ਜੋਗੀਆਂ ਨੇ ਇਸਤਰੀ ਨੂੰ ਬਾਘਿਨ ਅਤੇ ਨਰਕਾਂ ਦੇ ਰਾਹ ਦਾ ਦੀਵਾ ਦੱਸਿਆ ਹੈ। ਮੁਸਲਮਾਨਾਂ ਦੇ ਆਉਣ ਨਾਲ ਇਸਤਰੀ ਉੱਤੇ ਹੋਰ ਅਤਿਆਚਾਰ ਹੋਣ ਲੱਗ ਪਏ। ਮੁਸਲਮਾਨ ਹਾਕਮ ਇਸਤਰੀਆਂ ਨੂੰ ਜਬਰਦਸਤੀ ਉਠਾ ਕੇ ਗ਼ੁਲਾਮ ਬਣਾ ਕੇ ਉਨ੍ਹਾਂ ਨਾਲ ਕਈ ਪ੍ਰਕਾਰ ਦੇ ਜ਼ੁਲਮ ਕਰਨ ਲੱਗ ਪਏ। ਰਾਜਪੂਤ ਇਸਤਰੀਆਂ ਸਤੀ ਦੀ ਰਸਮ 'ਤੇ ਚੱਲ ਪਈਆਂ। ਸੋ ਇਸ ਮਾੜੇ ਹਾਲਾਤਾਂ ਵਿਚ ਗੁਰੂ ਸਾਹਿਬ ਨੇ ਇਸਤਰੀ ਦੇ ਹੱਕ ਵਿਚ ਬੁਲੰਦ ਅਵਾਜ਼ ਉਠਾਈ। ਇਸਤਰੀ ਨੂੰ ਸਵੈਮਾਣ ਦਾ ਅਹਿਸਾਸ ਕਰਵਾਇਆ ਅਤੇ ਮਰਦ ਦੇ ਬਰਾਬਰ ਖੜ੍ਹਾ ਕੀਤਾ। ਉਨ੍ਹਾਂ ਕਿਹਾ ਕਿ ਜੋ ਇਸਤਰੀ ਰਾਜੇ-ਮਹਾਰਾਜਿਆਂ ਨੂੰ ਜਨਮ ਦਿੰਦੀ ਹੈ, ਜਿਸ ਨਾਲ ਦੁਨੀਆ ਚਲਦੀ ਹੈ, ਜਿਸ ਬਿਨਾਂ ਕੋਈ ਰਿਸ਼ਤਾ ਨਹੀਂ ਜੁੜਦਾ ਅਤੇ ਇਸਤਰੀ ਨਾਲ ਵਿਆਹ ਹੋ ਕੇ ਹੀ ਰਿਸ਼ਤੇਦਾਰੀ ਦੇ ਸੰਬੰਧ ਪੈਦਾ ਹੁੰਦੇ ਹਨ। ਸੋ ਇਸਤਰੀ ਨੂੰ ਨੀਵਾਂ ਕਿਵੇਂ ਕਿਹਾ ਜਾ ਸਕਦਾ ਹੈ:

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੪੭੩)

ਗੁਰੂ ਸਾਹਿਬਾਨ ਨੇ ਇਸਤਰੀ ਦੇ ਪੱਖ ਵਿਚ ਕੇਵਲ ਸਿਧਾਂਤਕ ਗੱਲਾਂ ਹੀ ਨਹੀਂ ਕੀਤੀਆਂ ਬਲਕਿ ਵਿਹਾਰਕ ਪੱਧਰ 'ਤੇ ਵੀ ਨਵੀਆਂ ਪੈੜਾਂ ਪਾਈਆਂ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਮਾਤਾ ਖੀਵੀ ਜੀ ਨੂੰ ਲੰਗਰ ਸੰਸਥਾ ਦਾ ਮੋਢੀ ਬਣਾ ਕੇ ਇਸਤਰੀ ਲਈ ਸ਼ੋਸਿਤ

** ਅਸਿਸਟੈਂਟ ਪ੍ਰੋਫੈਸਰ, ਸ੍ਰੀ ਗੁਰੂ ਗ੍ਰੰਥ ਸਾਹਿਬ, ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।*
ਮੋ: ੯੯੧੫੩-੭੦੪੯੧

ਤੋਂ ਸੁਤੰਤਰਤਾ ਦਾ ਪ੍ਰਸੰਗ ਸਿਰਜਿਆ। ਜਿਸ ਦੀ ਪੁਸ਼ਟੀ ਖ਼ੁਦ ਗੁਰਬਾਣੀ ਕਰਦੀ ਹੈ:

ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ॥
ਲੰਗਰ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੯੬੭)

ਇਸ ਦੇ ਨਾਲ ਹੀ ਵਰਤਮਾਨ ਜੀਵਨ-ਸ਼ੈਲੀ ਵਿਚ ਮਨੁੱਖ ਦੀਆਂ ਖਾਣ-ਪੀਣ ਦੀਆਂ ਆਦਤਾਂ ਵਿਚ ਵੀ ਭਾਰੀ ਬਦਲਾਅ ਆਇਆ ਹੈ। ਗੁਰੂ ਨਾਨਕ ਪਾਤਸ਼ਾਹ ਦੁਆਰਾ ਬੇਲੋੜੇ ਸੁਆਦ, ਲੋੜੋਂ ਵੱਧ ਭੋਜਨ ਜੋ ਮਨ ਵਿਚ ਵਿਕਾਰ ਪੈਦਾ ਕਰੇ ਤੋਂ ਚੇਤੰਨ ਕਰਦਿਆਂ ਕਿਹਾ:

ਬਾਬਾ ਹੋਰੁ ਖਾਣਾ ਖੁਸੀ ਖੁਆਰੁ॥
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੬)

ਇਸ ਤੋਂ ਇਲਾਵਾ ਨਸ਼ਿਆਂ ਦੇ ਸੇਵਨ ਤੋਂ ਵਿਸ਼ੇਸ਼ ਕਰਕੇ ਮਨਾਹੀ ਕੀਤੀ ਕਿਉਂਕਿ ਨਸ਼ੇ ਖਾਣ ਵਾਲਾ ਕਦੇ ਵੀ ਅੰਮ੍ਰਿਤ ਦਾ ਵਪਾਰੀ ਨਹੀਂ ਹੋ ਸਕਦਾ। ਗੁਰਬਾਣੀ ਦਾ ਕਥਨ ਹੈ:

ਪੂਰਾ ਸਾਚੁ ਪਿਆਲਾ ਸਹਜੇ ਤਿਸਹਿ ਪੀਆਏ ਜਾ ਕਉ ਨਦਰਿ ਕਰੇ॥
ਅੰਮ੍ਰਿਤ ਕਾ ਵਾਪਾਰੀ ਹੋਵੈ ਕਿਆ ਮਦਿ ਛੂਛੈ ਭਾਉ ਧਰੇ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੩੬੦)

ਵਰਤਮਾਨ ਸਮੇਂ ਵਿਚ ਪਹਿਰਾਵੇ ਵਿਚ ਆਏ ਕ੍ਰਾਂਤੀਕਾਰੀ ਪਰਿਵਰਤਨ ਜ਼ਿਆਦਾਤਰ ਨਾਕਾਰਾਤਮਕ ਪ੍ਰਭਾਵਾਂ ਵਾਲੇ ਹਨ। ਪਹਿਰਾਵਾ ਵੀ ਮਨੁੱਖੀ ਮਾਨਸਿਕਤਾ ਵਿਚ ਆਏ ਵਿਗਾੜਾਂ ਨੂੰ ਪ੍ਰਤੀਬਿੰਬਤ ਕਰਦਾ ਹੈ। ਅਜੋਕੀ ਜੀਵਨ-ਸ਼ੈਲੀ ਵਿਚ ਸਲੀਕੇਦਾਰ ਪਹਿਰਾਵੇ ਦੀ ਥਾਂ ਭੜਕੀਲੇ ਪਹਿਰਾਵੇ ਦਾ ਵਧਦਾ ਰੁਝਾਨ ਨਿਸ਼ਚੇ ਹੀ ਚਿੰਤਾਜਨਕ ਵਿਸ਼ਾ ਹੈ। ਗੁਰੂ ਨਾਨਕ ਪਾਤਸ਼ਾਹ ਨੇ ਅਜਿਹੇ ਪਹਿਰਾਵੇ ਦਾ ਵੀ ਖੰਡਨ ਕੀਤਾ ਜਿਸ ਦੇ ਪਹਿਨਣ ਨਾਲ ਅਸਹਿਜ ਮਹਿਸੂਸ ਹੋਵੇ ਤੇ ਵਿਕਾਰਾਂ ਦੀ ਉਤਪਤੀ ਹੋਵੇ:

ਬਾਬਾ ਹੋਰੁ ਪੈਨਣੁ ਖੁਸੀ ਖੁਆਰੁ॥
ਜਿਤੁ ਪੈਧੇ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੬)

ਇਸ ਤਰ੍ਹਾਂ ਗੁਰਬਾਣੀ ਨੇ ਸਮਾਜਿਕ ਬੁਰਾਈਆਂ ਨੂੰ ਰੋਕਣ ਲਈ ਨੈਤਿਕ ਅਤੇ ਸਦਾਚਾਰਕ ਕਦਰਾਂ-ਕੀਮਤਾਂ ਦਾ ਸਬਕ ਵੀ ਦਿੱਤਾ। ਵਰਤਮਾਨ ਜੀਵਨ ਵਿੱਚੋਂ ਉਚੇਰੇ ਨੈਤਿਕ ਮੁੱਲ ਮਨਫੀ ਹੋ ਰਹੇ ਹਨ ਪਰੰਤੂ ਗੁਰਬਾਣੀ ਨੇ ਅਨੈਤਿਕਤਾ ਤੇ ਸਮਾਜਿਕ ਬੁਰਾਈਆਂ ਵਿਰੁੱਧ ਜਨਤਕ ਤੌਰ ’ਤੇ ਸੰਘਰਸ਼ ਛੇੜਦਿਆਂ ਸਿਹਤਮੰਦ ਅਤੇ ਸਭਿਅਕ ਸਮਾਜ ਦੀ ਸਿਰਜਣਾ ਕੀਤੀ। ਆਦਰਸ਼ ਨਾਗਰਿਕ ਪੈਦਾ ਕਰਨ ਲਈ ਸਦਾਚਾਰ ਉੱਪਰ ਜ਼ੋਰ ਦਿੱਤਾ। ਸੋ ਗੁਰਬਾਣੀ ਨੇ ਨੈਤਿਕ ਮੁੱਲਾਂ ਅਤੇ ਸਦਾਚਾਰਕ ਆਦਰਸ਼ਾਂ ਉੱਪਰ ਜ਼ੋਰ ਦਿੰਦਿਆਂ ਮਨੁੱਖ ਦਾ ਸਚਿਆਰ ਹੋਣਾ, ਨਿਮਰਤਾ, ਮਿੱਠਾ

ਬੋਲਣਾ, ਅੰਦਰੂਨੀ ਸ਼ੁੱਧਤਾ, ਸੰਜਮ, ਸਹਿਜ, ਸਹਿਣਸ਼ੀਲਤਾ, ਸੰਤੋਖ ਅਤੇ ਨਿਮਰਤਾ ਆਦਿ ਗੁਣਾਂ ਦਾ ਧਾਰਨੀ ਹੋਣਾ ਦੱਸਿਆ ਹੈ। ਗੁਰੂ ਨਾਨਕ ਪਾਤਸ਼ਾਹ ਨੇ ਸਰਬ-ਸਾਂਝੇ ਸਦਾਚਾਰਕ ਗੁਣਾਂ ਦਾ ਜ਼ਿਕਰ ਕੁਝ ਇਸ ਤਰ੍ਹਾਂ ਕੀਤਾ:

- *ਘਾਲਿ ਖਾਇ ਕਿਛੁ ਹਥਹੁ ਦੇਇ॥*
  ਨਾਨਕ ਰਾਹੁ ਪਛਾਣਹਿ ਸੇਇ॥ *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੪੫)*
- *ਵਿਚਿ ਦੁਨੀਆ ਸੇਵ ਕਮਾਈਐ॥*
  ਤਾ ਦਰਗਹ ਬੈਸਣੁ ਪਾਈਐ॥ *(ਸ੍ਰੀ ਗੁਰੂ ਗ੍ਰੰਥ ਸਾਹਿਬ, ੨੬)*
- *ਬਹੁਤਾ ਬੋਲਣੁ ਝਖਣੁ ਹੋਇ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੬੬੧)*
- *ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੪੭੦)*

ਆਰਥਿਕ ਜੀਵਨ ਸੰਬੰਧੀ ਉਪਦੇਸ਼

ਸਿੱਖੀ ਦੇ ਮੁੱਢਲੇ ਤਿੰਨ ਅਸੂਲਾਂ ਵਿੱਚੋਂ ਨਾਮ ਜਪਣ ਤੋਂ ਇਲਾਵਾ ਕਿਰਤ ਕਰਨਾ ਅਤੇ ਵੰਡ ਛਕਣਾ ਮਨੁੱਖ ਦੀ ਆਰਥਿਕਤਾ ਨਾਲ ਜੁੜੇ ਹੋਏ ਮੁੱਦੇ ਹਨ। ਸਿੱਖ ਧਰਮ ਵਿਚ ਕਿਰਤ ਨੂੰ ਮਹਾਨਤਾ ਦਿੱਤੀ ਗਈ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਖੁਦ ਹੱਥੀਂ ਕਿਰਤ ਕੀਤੀ ਅਤੇ ਸਿੱਖ ਕੌਮ ਲਈ ਉੱਚੀ-ਸੁੱਚੀ ਕਿਰਤੀ ਜੀਵਨ ਜਿਊਣ ਦਾ ਆਧਾਰ ਮਾਡਲ ਪੇਸ਼ ਕੀਤਾ। ਜੀਵਨ ਬਸਰ ਕਰਨ ਦੇ ਠੀਕ ਰਸਤੇ ਦੀ ਵਿਆਖਿਆ ਕਰਦੇ ਹੋਏ ਗੁਰੂ ਨਾਨਕ ਪਾਤਸ਼ਾਹ ਫੁਰਮਾਉਂਦੇ ਹਨ ਕਿ ਜਿਹੜੇ ਮਨੁੱਖ ਕਿਰਤ ਕਰਦਿਆਂ ਆਪਣੀ ਉਪਜੀਵਕਾ ਕਮਾਉਂਦੇ ਹਨ ਅਤੇ ਮਿਹਨਤ ਦੀ ਕਮਾਈ ਵਿੱਚੋਂ ਕੁਝ ਹੋਰਨਾਂ ਨੂੰ ਦਿੰਦੇ ਹਨ ਉਹ ਜੀਵਨ ਦੇ ਸਹੀ ਰਸਤੇ ਨੂੰ ਪਛਾਣਦੇ ਹਨ:

ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥ *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੪੫)*

ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਕਿਰਤ ਨੂੰ ਜੀਵਨ ਨਿਰਬਾਹ ਲਈ ਜਰੂਰੀ ਤਾਂ ਦਰਸਾਇਆ ਹੈ ਪਰ ਨਾਲ ਹੀ ਇਹ ਵੀ ਸ਼ਰਤ ਹੈ ਕਿ ਲੋੜ ਤੋਂ ਜ਼ਿਆਦਾ ਧੰਨ, ਸੰਪਤੀ ਆਦਿ ਇਕੱਤਰ ਨਹੀਂ ਕਰਨੀ ਕਿਉਂਕਿ ਲੋੜ ਤੋਂ ਵੱਧ ਇਕੱਠੀ ਕੀਤੀ ਪੂੰਜੀ ਕਿਰਤ ਦੀ ਨਹੀਂ ਪਾਪ ਦੀ ਹੋਵੇਗੀ:

- *ਇਸ ਜਰ ਕਾਰਣਿ ਘਣੀ ਵਿਗੁਤੀ*
  ਇਨਿ ਜਰ ਘਣੀ ਖੁਆਈ॥
  ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੪੧੭)

ਇਸ ਦੇ ਨਾਲ ਹੀ ਕਿਰਤ ਨੂੰ ਸ਼ੁੱਧ ਹਿਰਦੇ ਨਾਲ ਕਰਨ ਦੀ ਤਾਕੀਦ ਕਰਦਿਆਂ ਕਿਸੇ ਦਾ ਹੱਕ ਨਾ ਮਾਰਨ ਦੀ ਪ੍ਰੇਰਨਾ ਦਿੱਤੀ:

ਹਕੁ ਪਰਾਇਆ ਨਾਨਕਾ

ਉਸੁ ਸੂਅਰ ਉਸੁ ਗਾਇ॥ *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੧)*

ਰਾਜਨੀਤਿਕ ਜੀਵਨ ਸੰਬੰਧੀ ਉਪਦੇਸ਼

ਸਮਾਜ ਵਿਚ ਹਰ ਵਿਅਕਤੀ ਨੂੰ ਜਨਮ ਤੋਂ ਮੌਤ ਤਕ ਜੀਵਨ ਜਿਊਣ ਲਈ ਮੁੱਢਲੇ ਅਧਿਕਾਰਾਂ ਦੀ ਪ੍ਰਾਪਤੀ ਤੇ ਪੂਰਨ ਅਜ਼ਾਦੀ ਨੂੰ ਮਨੁੱਖੀ ਅਧਿਕਾਰ ਕਿਹਾ ਜਾ ਸਕਦਾ ਹੈ ਕਿਉਂਕਿ ਰਾਜ ਵਿਚ ਮਨੁੱਖੀ ਹੱਕਾਂ ਨੂੰ ਤਾਂ ਹੀ ਨਾਗਰਿਕਾਂ ਵੱਲੋਂ ਮਾਣਿਆ ਜਾ ਸਕਦਾ ਹੈ ਜੇਕਰ ਉਨ੍ਹਾਂ ਨੂੰ ਪੂਰਨ ਰੂਪ ਵਿਚ ਅਜ਼ਾਦੀ ਮਿਲੇ। ਅੰਤਰ-ਰਾਸ਼ਟਰੀ ਪੱਧਰ 'ਤੇ ਮਨੁੱਖੀ ਹੱਕਾਂ ਦੀ ਲੋੜ ਨੂੰ ਮਹਿਸੂਸ ਕਰਦਿਆਂ ਯੂ.ਐਨ.ਓ. ਦੀ ਜਨਰਲ ਅਸੈਂਬਲੀ ਨੇ ੧੦ ਦਸੰਬਰ, ੧੯੪੮ ਨੂੰ ਮਾਨਵ ਅਧਿਕਾਰਾਂ (Human Rights) ਦੇ ਸੰਦਰਭ ਵਿਚ ਇੱਕ ਮਤਾ (ਮਤਾ ਨੰ. ੨੧੭-ਏ) ਪਾਸ ਕਰਦਿਆਂ ਸਾਰੇ ਮੈਂਬਰ ਦੇਸ਼ਾਂ ਨੂੰ ਆਖਿਆ ਸੀ ਕਿ ਉਹ ਆਪੋ-ਆਪਣੇ ਦੇਸ਼ਾਂ ਅਤੇ ਪ੍ਰਭਾਵ ਅਧੀਨ ਖੇਤਰਾਂ ਵਿਚ ਉੱਥੋਂ ਦੀਆਂ ਵਿੱਦਿਅਕ ਅਤੇ ਸਮਾਜਿਕ ਸੰਸਥਾਵਾਂ ਵਿਚ ਬਿਨਾਂ ਭੇਦ-ਭਾਵ ਇਹ ਸੰਦੇਸ਼ ਸੰਚਾਰਨ ਕਿ:

"All Human beings are born Free and equal in dignity and rights.

They are endowed with reason and conscience and should act towards one another in a spirit of brotherhood."

ਜਿਸ ਦਾ ਭਾਵ ਹੈ ਕਿ ਸਾਰੇ ਮਨੁੱਖ ਅਜ਼ਾਦ ਅਤੇ ਸਤਿਕਾਰ ਦੇ ਹੱਕਾਂ ਵਿਚ ਬਰਾਬਰ ਪੈਦਾ ਹੋਏ ਹਨ। ਯੂ.ਐਨ.ਓ. ਦੇ ਇਸ ਮਤੇ ਦੇ ਸੰਦਰਭ ਵਿਚ ਜੋ ਨੁਕਤਾ ਸਾਡੇ ਧਿਆਨ ਦੀ ਮੰਗ ਕਰਦਾ ਹੈ। ਉਹ ਇਹ ਹੈ ਕਿ ਜਿਸ ਮਾਨਵ ਸੁਤੰਤਰਤਾ, ਬਰਾਬਰੀ ਦੇ ਹੱਕ ਅਤੇ ਭਰਾਤਰੀਭਾਵ ਦੇ ਹੱਕਾਂ ਦੀ ਗੱਲ ਇਸ ਮਤੇ ਵਿਚ ਅੱਜ ਤੋਂ ਸਿਰਫ਼ ੭੦ ਸਾਲ ਪਹਿਲਾਂ ਕੀਤੀ ਗਈ ਹੈ ਪ੍ਰੰਤੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ੫੫੦ ਸਾਲ ਪਹਿਲਾਂ ਇਸ ਸੰਦੇਸ਼ ਨੂੰ ਉਚਾਰਿਆ ਤੇ ਪ੍ਰਚਾਰਿਆ ਹੈ। ਉਹ ਵੱਖਰੀ ਗੱਲ ਹੈ ਕਿ ਜਿਵੇਂ ਯੂ.ਐਨ.ਓ. ਦੇ ਮੈਂਬਰ ਦੇਸ਼ਾਂ ਵੱਲੋਂ ਇਸ ਦੀ ਉਲੰਘਣਾ ਕੀਤੀ ਜਾਂਦੀ ਹੈ ਉਸੇ ਤਰ੍ਹਾਂ ਗੁਰੂ ਨਾਨਕ ਪਾਤਸ਼ਾਹ ਦੇ ਪੈਰੋਕਾਰਾਂ ਵੱਲੋਂ ਵੀ ਇਨ੍ਹਾਂ ਹੱਕਾਂ ਦੀ ਮੂਲ ਭਾਵਨਾ ਅਨੁਸਾਰ ਅਮਲ ਨਹੀਂ ਕੀਤਾ ਜਾ ਰਿਹਾ।

ਗੁਰਬਾਣੀ ਅਨੁਸਾਰ ਸੁਤੰਤਰ ਜੀਵਨ ਬਿਨਾਂ ਸ਼ਾਂਤੀ ਸੰਭਵ ਨਹੀਂ। ਮਨੁੱਖ ਦੇ ਸਵੈ-ਮਾਣ ਨੂੰ ਹੋਰ ਪੱਕਾ ਕਰਦਿਆਂ ਕਿਹਾ ਕਿ ਗ਼ੁਲਾਮੀ ਜਾਂ ਬੇਇੱਜ਼ਤੀ ਭਰੀ ਜ਼ਿੰਦਗੀ ਵਿਚ ਸਭ ਕੁਝ ਖਾਧਾ-ਪੀਤਾ ਵੀ ਹਰਾਮ ਹੀ ਹੈ। ਜਿਸ ਦੀ ਪ੍ਰੋੜ੍ਹਤਾ ਗੁਰਬਾਣੀ ਕਰਦੀ ਹੈ:

ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥
ਨਾਨਕ ਅਵਰੁ ਨ ਜੀਵੈ ਕੋਇ॥

ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨)

ਗੁਰੂ ਨਾਨਕ ਪਾਤਸ਼ਾਹ ਵੱਲੋਂ ਡੰਕੇ ਦੀ ਚੋਟ 'ਤੇ ਉਸ ਵੇਲੇ ਦੇ ਸਥਾਪਿਤ ਅੱਤਿਆਚਾਰੀ ਸਾਮਰਾਜ, ਜਾਬਰ ਹਕੂਮਤ ਵਿਰੁੱਧ ਬੁਲੰਦ ਆਵਾਜ਼ ਉਠਾਈ ਗਈ ਅਤੇ ਆਪਣੇ ਸਮੇਂ ਦੇ ਹਾਲਾਤਾਂ ਵਿਚ ਸਭ ਤੋਂ ਪਹਿਲਾਂ ਬਾਬਰ ਨੂੰ 'ਜਾਬਰ' ਕਿਹਾ ਤੇ ੧੫੨੧ ਈ. ਵਿਚ ਏਮਨਾਬਾਦ ਵਿਖੇ ਬਾਬਰ ਦੇ ਹਮਲੇ ਖ਼ਿਲਾਫ਼ ਅਤੇ ਲੋਕਾਂ ਦੀ ਹੁੰਦੀ ਲੁੱਟ-ਖਸੁੱਟ ਸੰਬੰਧੀ ਬਾਣੀ ਵਿਚ ਵਿਚਾਰ ਪ੍ਰਗਟਾਏ:

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ॥
ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ॥
ਏਤੀ ਮਾਰ ਪਈ ਕੁਰਲਾਣੈ ਤੈਂ ਕੀ ਦਰਦੁ ਨ ਆਇਆ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੩੬੦)

ਗੁਰੂ ਜੀ ਦੇ ਸਮਕਾਲ ਵਿਚ ਨਿਆਂ ਪ੍ਰਬੰਧ ਦਾ ਪੂਰਾ ਕਾਰਜ ਭਾਰ ਧਾਰਮਿਕ ਆਗੂਆਂ ਕੋਲ ਹੀ ਹੁੰਦਾ ਸੀ। ਮੁਸਲਮਾਨ ਇਸਲਾਮੀ ਸ਼ਰੀਅਤ ਦੇ ਅਨੁਸਾਰ ਦੋਸ਼ੀ ਨੂੰ ਸਜ਼ਾ ਕਰਦੇ ਪਰ ਧਰਮ ਵਿਚ ਕੱਟੜ ਆਗੂ ਇਨਸਾਫ-ਪਸੰਦ ਨਹੀਂ ਸਨ ਰਹੇ ਸਗੋਂ ਨਿਆਂ ਕਰਨ ਲਈ ਜਾਂ ਤਾਂ ਲੋਕਾਂ ਤੋਂ ਪੈਸੇ ਵਟੋਰਦੇ ਸਨ ਅਤੇ ਨਾਲ ਹੀ ਦੂਸਰੇ ਧਰਮ ਦੇ ਲੋਕਾਂ ਨਾਲ ਇਨਸਾਫ ਨਹੀਂ ਸਨ ਕਰਦੇ। ਗੁਰੂ ਜੀ ਨੇ ਬਾਬਰ ਵਰਗੇ ਜਾਬਰ ਹਮਲਾਵਰ ਨੂੰ ਵੰਗਾਰਦਿਆਂ ਸਮੇਂ ਦੀ ਭਿਆਨਕ ਸਥਿਤੀ ਦਾ ਨਾ ਕੇਵਲ ਸਾਹਮਣਾ ਕੀਤਾ ਅਤੇ ਕਿਹਾ:

ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ॥
ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ॥
ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੭੨੨)

ਗੁਰੂ ਸਾਹਿਬ ਨੇ ਸਮਾਜ ਵਿਚਲੇ ਅਜਿਹੇ ਅਨੈਤਿਕ ਵਰਤਾਰੇ ਦਾ ਸਾਹਮਣਾ ਕਰਨ ਲਈ ਪਰਜਾ ਦਾ ਗਿਆਨਵਾਨ ਹੋਣਾ ਲਾਜ਼ਮੀ ਦੱਸਿਆ ਤਾਂ ਕਿ ਉਹ ਪਾਪ ਕਮਾਉਣ ਵਾਲੇ ਰਾਜਨੀਤਿਕਾਂ ਦੇ ਝੂਠੇ ਲਾਰਿਆਂ ਨੂੰ ਸੁਣ ਕੇ ਗੁੰਮਰਾਹ ਨਾ ਹੋਣ। ਉਨ੍ਹਾਂ ਆਪਣੀ ਬਾਣੀ ਰਾਹੀਂ ਲੋਕਾਂ ਨੂੰ ਜੁਲਮ ਖ਼ਿਲਾਫ਼ ਲੜਨ ਲਈ ਸੁਚੇਤ ਹੋਣ ਲਈ ਕਿਹਾ:

ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੪੧੭)

ਗੁਰਬਾਣੀ ਵਿਚ ਰਾਜ ਦੀ ਵਰਤੋਂ ਨੂੰ ਨਾ ਕੇਵਲ ਰਾਜਸੀ ਤਾਕਤ ਹਥਿਆਉਣ ਜਾਂ ਇਲਾਕੇ ਜਿੱਤਣ ਤਕ ਸੀਮਤ ਰੱਖਣ ਲਈ ਨਹੀਂ ਕਿਹਾ ਗਿਆ ਸਗੋਂ ਰਾਜੇ ਨੂੰ ਲੋਕ ਹਿੱਤਾਂ ਦੀ ਰਖਵਾਲੀ ਕਰਨ ਵਾਲਾ ਅਤੇ ਯੋਗ ਨਿਆਂ ਦੇਣ ਵਾਲਾ ਬਣਨ ਦੀ ਤਾਕੀਦ ਕੀਤੀ ਹੈ। ਭਾਵ ਲਾਇਕ ਤੇ ਯੋਗ ਵਿਅਕਤੀ ਹੀ ਰਾਜਗੱਦੀ 'ਤੇ ਬਿਰਾਜਮਾਨ

ਹੋਏ ਤਾਂ ਕਿ ਰਾਜਨੀਤਿਕ ਸ਼ਕਤੀ ਦੀ ਯੋਗ ਵਰਤੋਂ ਹੋ ਸਕੇ:

ਤਖਤਿ ਬਹੈ ਤਖਤੈ ਕੀ ਲਾਇਕ॥
ਪੰਚ ਸਮਾਏ ਗੁਰਮਤਿ ਪਾਇਕ॥
ਆਦਿ ਜੁਗਾਦਿ ਹੈ ਭੀ ਹੋਸੀ ਸਹਸਾ ਭਰਮੁ ਚੁਕਾਇਆ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੩੯)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਕ੍ਰਾਂਤੀਕਾਰੀ ਚਿੰਤਨ ਰਾਹੀਂ ਹਰ ਪ੍ਰਾਣੀ ਮਾਤਰ ਨੂੰ ਉਨ੍ਹਾਂ ਦੇ ਅਧਿਕਾਰਾਂ ਸੰਬੰਧੀ ਜਾਗਰੂਕ ਕੀਤਾ ਅਤੇ ਸਥਾਪਿਤ ਅੱਤਿਆਚਾਰੀ ਸਮਾਰਾਜ ਨੂੰ ਭੰਡਦਿਆਂ ਇੱਕ ਸਾਫ਼-ਸੁਥਰਾ ਰਾਜਨੀਤਿਕ ਵਰਤਾਰਾ ਲਿਆਉਣ ਦੀ ਸਫਲ ਕੋਸ਼ਿਸ਼ ਕੀਤੀ। ਸੋ ਗੁਰੂ ਸਾਹਿਬਾਨ ਨਿਆਂਸ਼ੀਲ ਰਾਜ ਪ੍ਰਬੰਧ ਦੀ ਗੱਲ ਕਰਦਿਆਂ ਇਕ ਅਜਿਹੇ ਰਾਜਨੀਤਿਕ ਸੰਗਠਨ ਦੀ ਸਥਾਪਨਾ ਕਰਦੇ ਹਨ। ਜਿੱਥੇ ਡਰ, ਠੱਗੀ, ਲੁੱਟ-ਖਸੁੱਟ, ਅਨਿਆਂ, ਅੱਤਿਆਚਾਰ, ਧੋਖੇਬਾਜ਼ੀ ਵਰਗੀਆਂ ਅਲਾਮਤਾਂ ਨਾ ਹੋਣ ਸਗੋਂ ਇੱਕ ਸੁਤੰਤਰ ਤੇ ਭੈ ਰਹਿਤ ਸਮਾਜ ਦੀ ਸਿਰਜਣਾ ਹੋਵੇ। ਜਿਸ ਵਿਚ ਏਕਤਾ, ਸਮਾਨਤਾ, ਸੁਤੰਤਰਤਾ, ਸਾਂਝੀਵਾਲਤਾ ਅਤੇ ਸ਼ਾਂਤੀ ਵਰਗੀਆਂ ਭਾਵਨਾਵਾਂ ਦੀ ਤਰਜ਼ਮਾਨੀ ਹੋਵੇ।

ਵਾਤਾਵਰਨ ਸੰਬੰਧੀ ਉਪਦੇਸ਼

ਆਧੁਨਿਕ ਯੁੱਗ ਦੇ ਭਖਦੇ ਮਸਲਿਆਂ ਦੀ ਨਵਰਿਤੀ ਵੀ ਨਾਨਕ ਚਿੰਤਨ ਰਾਹੀਂ ਕੀਤੀ ਮਿਲਦੀ ਹੈ। ਮੌਜੂਦਾ ਸਮੇਂ ਗਿਆਨ ਵਿਗਿਆਨ ਦੀ ਹਰ ਪ੍ਰਣਾਲੀ ਵਿਚ ਧਰਮ ਜਾਂ ਦੈਵੀ ਹਸਤੀ ਦੀ ਬਜਾਇ ਮਨੁੱਖ ਜਾਤੀ ਕੇਂਦਰ ਬਿੰਦੂ ਬਣ ਚੁੱਕੀ ਹੈ ਜਿਸ ਨੇ ਕੁਦਰਤੀ ਸਰੋਤਾਂ ਨੂੰ ਆਪਣੇ ਲਾਲਚੀ ਬਿਰਤੀ ਅਧੀਨ ਵਰਤਿਆ ਅਤੇ ਅਕਾਲ ਪੁਰਖ ਦੀ ਵੱਡੀ ਸੌਗਾਤ ਨੂੰ ਖ਼ਤਰੇ ਵਿਚ ਪਾਇਆ। ਗੁਰਬਾਣੀ ਅਨੁਸਾਰ ਅਕਾਲ ਪੁਰਖ ਨੇ ਆਪਣੇ ਆਪ ਨੂੰ ਪ੍ਰਗਟ ਕਰਨ ਉਪਰੰਤ ਕੁਦਰਤ ਦੀ ਸਾਜਨਾ ਕੀਤੀ। ਕਾਦਰ ਇਸ ਕੁਦਰਤ ਦੇ ਜ਼ਰੇ-ਜ਼ਰੇ ਵਿਚ ਮੌਜੂਦ ਹੈ:

ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥ *(ਸ੍ਰੀ ਗੁਰੂ ਗ੍ਰੰਥ ਸਾਹਿਬ, ੪੬੩)*

ਗੁਰੂ ਨਾਨਕ ਪਾਤਸ਼ਾਹ ਨੇ ਫੁਰਮਾਇਆ ਕਿ ਹੇ ਪ੍ਰਭੂ ! ਤੂੰ ਕੁਦਰਤ ਦਾ ਮਾਲਕ ਹੈ, ਇਸ ਖੇਡ ਦਾ ਰਚਣਹਾਰ ਹੈਂ, ਤੇਰੀ ਵਡਿਆਈ ਬਹੁਤ ਵੱਡੀ ਹੈ। ਤੂੰ ਆਪ ਪਵਿੱਤਰ ਹਸਤੀ ਵਾਲਾ ਹੈਂ। ਇਸ ਸਾਰੀ ਕੁਦਰਤ ਨੂੰ ਆਪਣੇ ਹੁਕਮ ਵਿਚ ਰੱਖ ਕੇ ਸਭ ਦੀ ਸੰਭਾਲ ਕਰ ਰਿਹਾ ਹੈਂ:

ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੪੬੪)

ਵਰਤਮਾਨ ਸਮੇਂ ਵਿਚ ਵਾਤਾਵਰਣ ਦੀ ਸਾਂਭ-ਸੰਭਾਲ ਦੁਨੀਆ ਭਰ ਦਾ ਭਖਦਾ ਮਸਲਾ ਹੈ। ਗੁਰਬਾਣੀ ਇਸ ਦੇ ਸਮਾਧਾਨ ਵਿਚ ਦੱਸਦੀ ਹੈ ਕਿ ਧਰਤੀ ਮਨੁੱਖ ਲਈ ਧਰਮਸ਼ਾਲ ਵਾਂਗ ਪਵਿੱਤਰ ਹੈ, ਜਿਸ ਦੀ ਸਾਂਭ-ਸੰਭਾਲ ਕਰਨਾ ਮਨੁੱਖ ਦਾ ਇਖ਼ਲਾਕੀ ਫ਼ਰਜ਼

ਹੈ ਪਰੰਤੂ ਕੁਦਰਤੀ ਵਸੀਲਿਆਂ ਦੀ ਅੰਨ੍ਹੇਵਾਹ ਅਤੇ ਗ਼ਲਤ ਵਰਤੋਂ ਕਾਰਨ ਸਮੁੱਚਾ ਵਾਤਾਵਰਣ ਦੂਸ਼ਿਤ ਹੋ ਰਿਹਾ ਹੈ। ਜਿਸ ਕਾਰਨ ਸ਼ੁੱਧ ਹਵਾ ਅਤੇ ਪਾਣੀ ਨਸੀਬ ਨਹੀਂ ਹੋ ਰਿਹਾ ਜੋ ਕਿ ਪੂਰੇ ਜੀਵ ਜਗਤ ਲਈ ਜੀਵਨਦਾਤਾ ਹਨ। ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਸਾਢੇ ਪੰਜ ਸਦੀਆਂ ਸਾਲ ਪਹਿਲਾਂ ਇਨ੍ਹਾਂ ਕੁਦਰਤੀ ਸੌਗਾਤਾਂ ਦੇ ਮਹੱਤਵ ਨੂੰ ਦਰਸਾਉਂਦਿਆਂ ਫੁਰਮਾਇਆ:

- ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੮)

ਪਾਣੀ ਨੂੰ ਜੀਵ ਜਗਤ ਦੀ ਹੋਂਦ ਦਾ ਆਧਾਰ ਦੱਸਦਿਆਂ ਫੁਰਮਾਇਆ:

ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੪੭੨)

ਸੋ ਵਾਤਾਵਰਣ ਵਿਚ ਪੈਦਾ ਹੋਏ ਪ੍ਰਦੂਸ਼ਣ ਅਤੇ ਅਸਾਵੇਂਪਣ ਦੇ ਸੰਕਟ ਨਾਲ ਅਸੀਂ ਗੁਰੂ ਨਾਨਕ ਚਿੰਤਨ ਰਾਹੀਂ ਬਾਖੂਬੀ ਨਿਪਟ ਸਕਦੇ ਹਾਂ।

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਨਾਨਕ ਪਾਤਸ਼ਾਹ ਨੇ ਆਪਣੀ ਕ੍ਰਾਂਤੀਕਾਰੀ ਵਿਚਾਰਧਾਰਾ ਰਾਹੀਂ ਨਾ ਕੇਵਲ ਅਧਿਆਤਮਿਕਤਾ ਦੀ ਬਾਤ ਪਾਈ ਬਲਕਿ ਜ਼ਿੰਦਗੀ ਦੇ ਸਮਾਜਿਕ, ਧਾਰਮਿਕ, ਰਾਜਨੀਤਿਕ ਅਤੇ ਆਰਥਿਕ ਸਰੋਕਾਰਾਂ ਦੀ ਨਿਸ਼ਾਨਦੇਹੀ ਕਰਦਿਆਂ ਇੱਕ ਉੱਚੀ-ਸੁੱਚੀ ਤੇ ਨਿਰੋਲ ਜੀਵਨ-ਸ਼ੈਲੀ ਦੀ ਨੁਹਾਰ ਬਖ਼ਸ਼ੀ। ਸਮੇਂ ਦੀ ਲੋੜ ਹੈ ਕਿ ਗੁਰੂ ਨਾਨਕ ਸਾਹਿਬ ਦੀ ਨਿਰਮਲ ਤੇ ਸਰਬ ਕਲਿਆਣਕਾਰੀ ਵਿਚਾਰਧਾਰਾ ਨੂੰ ਆਪਣੇ ਦਿਲ ਦੀਆਂ ਗਹਿਰਾਈਆਂ ਵਿਚ ਮਹਿਸੂਸ ਕਰੀਏ ਅਤੇ ਸਮੁੱਚੀ ਲੋਕਾਈ ਨੂੰ ਇਸ ਅਮੁੱਲ ਵਿਰਾਸਤ ਤੋਂ ਜਾਣੂ ਕਰਵਾਈਏ ਕਿਉਂਕਿ ਇਸ ਲੋਕਧਾਰਾਈ ਮੁਹਾਵਰੇ ਵਿਚ ਉਸਾਰੇ ਗਏ ਇਸ ਧਰਮ ਚਿੰਤਨ ਦੀ ਵਰਤਮਾਨ ਸਮੇਂ ਵਿਚ ਤਾਂ ਕੀ ਸਗੋਂ ਹਰ ਸਮੇਂ ਵਿਚ ਮਹੱਤਤਾ ਅਤੇ ਪ੍ਰਸੰਗਿਕਤਾ ਬਣੀ ਰਹੇਗੀ। ■

ਫ਼ਾਰਮ IV ਰੂਲ ੮

੧. ਛਪਣ ਦਾ ਅਸਥਾਨ	ਸ੍ਰੀ ਅੰਮ੍ਰਿਤਸਰ
੨. ਛਪਣ ਦਾ ਸਮਾਂ	ਹਰ ਮਹੀਨੇ ਦੀ ੨ ਤਾਰੀਖ਼
੩. ਛਾਪਣ ਵਾਲੇ ਦਾ ਨਾਂ	ਸ. ਮਨਜੀਤ ਸਿੰਘ
ਕੌਮੀਅਤ	ਭਾਰਤੀ
ਪਤਾ	ਸਕੱਤਰ, ਸ਼੍ਰੋਮਣੀ ਗੁ. ਪ੍ਰ. ਕਮੇਟੀ, ਸ੍ਰੀ ਅੰਮ੍ਰਿਤਸਰ।
੪. ਪ੍ਰਕਾਸ਼ਕ ਦਾ ਨਾਂ	ਸ. ਮਨਜੀਤ ਸਿੰਘ
ਕੌਮੀਅਤ	ਭਾਰਤੀ
ਪਤਾ	ਸਕੱਤਰ, ਸ਼੍ਰੋਮਣੀ ਗੁ. ਪ੍ਰ. ਕਮੇਟੀ, ਸ੍ਰੀ ਅੰਮ੍ਰਿਤਸਰ।
੫. ਸੰਪਾਦਕ	ਸਤਵਿੰਦਰ ਸਿੰਘ
ਕੌਮੀਅਤ	ਭਾਰਤੀ
ਪਤਾ	ਸੰਪਾਦਕ, 'ਗੁਰਮਤਿ ਪ੍ਰਕਾਸ਼' ਸ਼੍ਰੋਮਣੀ ਗੁ. ਪ੍ਰ. ਕਮੇਟੀ, ਸ੍ਰੀ ਅੰਮ੍ਰਿਤਸਰ।
੬. ਮਾਲਕ	ਸ਼੍ਰੋਮਣੀ ਗੁ. ਪ੍ਰ. ਕਮੇਟੀ, ਸ੍ਰੀ ਅੰਮ੍ਰਿਤਸਰ।

ਬਾਲਾ ਪ੍ਰੀਤਮ: ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ

*-ਸ. ਜਸਬੀਰ ਸਿੰਘ ਤੇਗ**

ਬਾਲਾ ਪ੍ਰੀਤਮ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਪ੍ਰਕਾਸ਼ ਸਾਵਣ ਵਦੀ ੧੦ (੮ ਸਾਵਣ) ਸੰਮਤ ੧੭੧੩ ਵਿਚ ਕੀਰਤਪੁਰ ਸਾਹਿਬ ਵਿਖੇ ਸਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਸਾਹਿਬ ਤੇ ਮਾਤਾ ਕ੍ਰਿਸ਼ਨ ਕੌਰ ਜੀ ਦੇ ਗ੍ਰਿਹ ਵਿਖੇ ਹੋਇਆ।

ਸਤਵੇਂ ਗੁਰਦੇਵ, ਸ੍ਰੀ ਗੁਰੂ ਹਰਿਰਾਇ ਸਾਹਿਬ ਆਪਣਾ ਅੰਤਮ ਸਮਾਂ ਨਜ਼ਦੀਕ ਜਾਣ ਕੇ ਆਪਣੇ ਛੋਟੇ ਸਪੁੱਤਰ ਸ੍ਰੀ ਹਰਿਕ੍ਰਿਸ਼ਨ ਸਾਹਿਬ ਨੂੰ ਗੁਰਿਆਈ ਸੌਂਪ ਕੇ ਕੀਰਤਪੁਰ ਸਾਹਿਬ ਵਿਖੇ ਸੱਚਖੰਡ ਪਿਆਨਾ ਕਰ ਗਏ। ਗੁਰੂ ਸਾਹਿਬ ਦੇ ਵੱਡੇ ਪੁੱਤਰ ਬਾਬਾ ਰਾਮਰਾਏ, ਜਿਸ ਨੂੰ ਗੁਰੂ ਸਾਹਿਬ ਨੇ ਦਿੱਲੀ ਔਰੰਗਜ਼ੇਬ ਦੇ ਪਾਸ ਭੇਜਿਆ ਸੀ, ਕੁਝ ਸਵਾਲਾਂ ਦੇ ਜਵਾਬ ਦੇਣ ਵਾਸਤੇ ਕਿਉਂਕਿ ਔਰੰਗਜ਼ੇਬ ਦਾ ਤਰਕ ਸੀ ਕਿ ਗੁਰੂ ਸਾਹਿਬ ਨੇ ਬਾਗੀ ਦਾਰਾਸ਼ਕੋਹ ਦੀ ਮਦਦ ਕੀਤੀ ਹੈ। ਬਾਬਾ ਰਾਮਰਾਏ ਨੇ ਬਾਦਸ਼ਾਹ ਦੀ ਨਿਸ਼ਾ ਕਰਵਾਈ ਤੇ ਕਈ ਸਵਾਲਾਂ ਦੇ ਸਟੀਕ ਜਵਾਬ ਦੇ ਕੇ ਮੁੱਲਾਂ ਮੁਲਾਣਿਆਂ ਨੂੰ ਲਾ-ਜਵਾਬ ਕੀਤਾ। ਅਖੀਰ ਸਵਾਲ ਕੀਤਾ ਗਿਆ ਆਪ ਜੀ ਦੇ ਪਹਿਲੇ ਗੁਰੂ ਬਾਬਾ ਨਾਨਕ ਜੀ ਨੇ ਲਿਖਿਆ- *ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ* ਇਹ ਸਪੱਸ਼ਟ ਕਰੋ। ਬਾਬਾ ਰਾਮਰਾਏ ਬਾਦਸ਼ਾਹੀ ਪ੍ਰਭਾਵ ਹੇਠ ਆ ਕਹਿਣ ਲੱਗਾ- "ਮਿਟੀ ਮੁਸਲਮਾਨ ਦੀ ਨਹੀਂ" "ਮਿਟੀ ਬੇਈਮਾਨ ਦੀ" ਹੈ। ਇਸ ਸਾਰੇ ਵਾਕਿਆ ਨੂੰ ਸੰਗਤ ਨੇ ਸਤਵੇਂ ਗੁਰਦੇਵ ਤਕ ਪਹੁੰਚਾਇਆ। ਪਾਤਸ਼ਾਹ ਰਾਮਰਾਏ ਤੋਂ ਬਹੁਤ ਖਫ਼ਾ ਹੋਏ ਤੇ ਫੈਸਲਾ ਕੀਤਾ ਕਿ ਰਾਮਰਾਏ ਸਾਡੇ ਮੱਥੇ ਨਾ ਲੱਗੇ। ਬਾਬਾ ਰਾਮਰਾਏ, ਜਿਸਨੂੰ ਗੁਰਿਆਈ ਸੌਂਪਣ ਦਾ ਮਨ ਬਣਾਇਆ ਸੀ, ਇਸ ਕਾਰਨ ਕਿ ਰਾਮਰਾਏ ਨੇ ਗੁਰੂ ਨਾਨਕ ਸਾਹਿਬ ਦੀ ਬਾਣੀ ਦੀ ਤੁਕ ਬਦਲ ਦਿਤੀ ਹੈ ਉਹ ਵੀ ਬਾਦਸ਼ਾਹੀ ਪ੍ਰਭਾਵ ਹੇਠ ਆ ਕੇ, ਤਾਂ ਗੁਰੂ ਜੀ ਨੇ ਗੁਰਿਆਈ ਆਪਣੇ ਛੋਟੇ ਸਪੁੱਤਰ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਸੌਂਪ ਦਿੱਤੀ।

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਕੱਤਕ ਵਦੀ ੧੦ (੬ ਕੱਤਕ) ਸੰਮਤ ੧੭੧੮ ਨੂੰ ਲਗਪਗ ਸਵਾ ਪੰਜ ਸਾਲ ਦੀ ਆਯੂ ਵਿਚ ਗੁਰਿਆਈ ਸੰਭਾਲੀ।

ਬਾਬਾ ਰਾਮਰਾਏ ਨੂੰ ਦਿੱਲੀ ਵਿਖੇ ਜਦੋਂ ਪਤਾ ਲੱਗਾ ਕਿ ਉਸ ਦੇ ਛੋਟੇ ਭਰਾ ਹਰਿਕ੍ਰਿਸ਼ਨ ਜੀ ਨੂੰ ਗੁਰਿਆਈ ਸੌਂਪ ਦਿੱਤੀ ਗਈ ਹੈ, ਤਾਂ ਉਸ ਨੇ ਔਰੰਗਜ਼ੇਬ ਬਾਦਸ਼ਾਹ ਨੂੰ ਦਰਖ਼ਾਸਤ ਲਾਈ ਕਿ ਇਹ (ਗੁਰਿਆਈ) ਮੇਰਾ ਹੱਕ ਸੀ, ਮੇਰੇ ਨਾਲ

** ਮਕਾਨ ਨੰ. ੯੦੪੮, ਗਲੀ ਨੰ. ੦੬, ਕੋਟ ਬਾਬਾ ਦੀਪ ਸਿੰਘ, ਸ੍ਰੀ ਅੰਮ੍ਰਿਤਸਰ-੧੪੩੦੦੧; ਮੋ. ੯੮੮੮੬੪੭੨੨੫*

ਇਨਸਾਫ਼ ਕੀਤਾ ਜਾਵੇ।

ਇਧਰ ਕੀਰਤਪੁਰ ਸਾਹਿਬ ਵਿਖੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਤੇਜ ਪ੍ਰਤਾਪ ਵਧਣ ਲੱਗਾ। ਜੋ ਵੀ ਸੰਗਤ ਗੁਰੂ ਸਾਹਿਬ ਦੇ ਦਰਸ਼ਨ-ਪਰਸਨ ਕਰਦੇ ਸਭ ਦੇ ਦੁੱਖ-ਦਲਿੱਦਰ ਦੂਰ ਹੋਣ ਲੱਗ ਪਏ। ਦੂਰ-ਦੂਰ ਤਕ ਗੁਰੂ ਜੀ ਦਾ ਜੱਸ ਫੈਲ ਗਿਆ। ਦਿੱਲੀ ਬਾਦਸ਼ਾਹ ਪਾਸ ਵੀ ਗੁਰੂ ਜੀ ਦੀ ਮਹਿਮਾ ਪਹੁੰਚ ਗਈ। ਬਾਦਸ਼ਾਹ ਨੇ ਵਿਚਾਰਿਆ ਕਿ ਕਿਉਂ ਨਾ ਗੁਰੂ ਸਾਹਿਬ ਨੂੰ ਦਿੱਲੀ ਬੁਲਾਇਆ ਜਾਵੇ। ਇਸ ਨਾਲ ਨਿਰਣਾ ਹੋ ਜਾਵੇਗਾ ਕਿ ਗੁਰਿਆਈ ਦੇ ਅਸਲ ਹੱਕਦਾਰ ਕੌਣ ਹਨ। ਬਾਬਾ ਰਾਮਰਾਏ ਦੇ ਜ਼ੋਰ ਪਾਉਣ 'ਤੇ ਬਾਦਸ਼ਾਹ ਨੇ ਰਾਜਾ ਜੈ ਸਿੰਹੁ ਨੇ ਆਪਣੇ ਦੀਵਾਨ ਨੂੰ ਪੰਜਾਹ ਅਸਵਾਰ, ਇਕ ਰੱਥ ਤੇ ਪਾਲਕੀ ਦੇ ਕੇ ਕੀਰਤਪੁਰ ਸਾਹਿਬ ਭੇਜਿਆ ਕਿ ਗੁਰੂ ਸਾਹਿਬ ਨੂੰ ਸਤਿਕਾਰ ਸਹਿਤ ਦਿੱਲੀ ਲੈ ਕੇ ਆਵੇ।

ਦੀਵਾਨ ਕੀਰਤਪੁਰ ਸਾਹਿਬ ਪਹੁੰਚਿਆ। ਉਸ ਨੇ ਜਦੋਂ ਗੁਰੂ ਸਾਹਿਬ ਦੇ ਦਰਸ਼ਨ ਕੀਤੇ ਤਾਂ ਉਸ ਨੂੰ ਠੰਢ ਪੈ ਗਈ, ਮਨ ਸ਼ਾਂਤ ਹੋ ਗਿਆ। ਮਾਤਾ ਕ੍ਰਿਸ਼ਨ ਕੌਰ ਜੀ ਤੇ ਸੰਗਤ ਵਿਚ ਗੁਰੂ ਸਾਹਿਬ ਦੇ ਸਨਮੁਖ ਬੇਨਤੀ ਕੀਤੀ ਕਿ ਆਪ ਜੀ ਨੂੰ ਔਰੰਗਜ਼ੇਬ ਨੇ ਦਿੱਲੀ ਸੱਦਿਆ ਹੈ। ਔਰੰਗਜ਼ੇਬ ਦਾ ਸੱਦਾ-ਪੱਤਰ ਮੁਣਸ਼ੀ ਭਾਈ ਸੰਗਤੀਏ ਜੀ ਨੇ ਪੜ੍ਹ ਕੇ ਸੁਣਾਇਆ। ਗੁਰੂ ਸਾਹਿਬ ਨੇ ਬਾਦਸ਼ਾਹ ਦੇ ਸੱਦੇ 'ਤੇ ਦਿੱਲੀ ਜਾਣ ਤੋਂ ਇਨਕਾਰ ਕਰ ਦਿੱਤਾ। ਫਿਰ ਬੇਨਤੀ ਕਰਨ 'ਤੇ ਸੰਗਤ ਨੂੰ ਦਰਸ਼ਨ-ਦੀਦਾਰੇ ਦੇਣ ਲਈ ਗੁਰੂ ਸਾਹਿਬ ਜੀ ਨੇ ਦਿੱਲੀ ਜਾਣ ਦੀ ਤਿਆਰੀ ਕਰ ਲਈ। ਸੰਗਤ ਵਿਆਕੁਲ ਹੋ ਗਈ, ਧੀਰਜ ਦਿੱਤਾ ਗਿਆ।

ਗੁਰੂ ਸਾਹਿਬ ਪਾਲਕੀ ਵਿਚ ਅਸਵਾਰ ਹੋ ਕੇ ਕੁਝ ਚੋਣਵੇਂ ਸਿੱਖ ਤੇ ਮਾਤਾ ਕ੍ਰਿਸ਼ਨ ਕੌਰ ਜੀ ਗੁਰੂ ਸਾਹਿਬ ਨਾਲ ਦਿੱਲੀ ਜਾਣ ਲਈ ਤਿਆਰ ਸਨ। ਰਸਤੇ ਵਿਚ ਜੋ ਵੀ ਗੁਰੂ ਸਾਹਿਬ ਬਾਲਾ ਪ੍ਰੀਤਮ ਜੀ ਦੇ ਦਰਸ਼ਨ ਕਰਦਾ ਉਸ ਦੀ ਕਲਿਆਣ ਹੋ ਜਾਂਦੀ, ਉਸ ਨੂੰ ਲੋਕ-ਪ੍ਰਲੋਕ ਦੇ ਸੁਖ ਮਿਲਦੇ। ਗੁਰੂ ਸਾਹਿਬ ਨੇ ਛੱਜੂ ਨਾਮੀ ਮੰਦ ਬੁੱਧੀ ਵਿਅਕਤੀ ਦੇ ਸਿਰ ਉਪਰ ਛੜੀ ਰੱਖ ਕੇ ਗੀਤਾ ਦੇ ਅਰਥ ਕਰਵਾਏ। ਇਸ ਨਾਲ ਅਭਿਮਾਨੀਆਂ ਦੇ ਮਾਣ ਟੁੱਟ ਗਏ ਤੇ ਮੂਰਖਾਂ ਨੂੰ ਵਿਦਵਤਾ ਮਿਲੀ।

ਦਿੱਲੀ ਪੁੱਜ ਕੇ ਗੁਰੂ ਸਾਹਿਬ ਦਾ ਉਤਾਰਾ ਰਾਜਾ ਜੈ ਸਿੰਹੁ ਦੇ ਬੰਗਲੇ ਵਿਚ ਕਰਵਾਇਆ। ਬਾਦਸ਼ਾਹ ਨੇ ਗੁਰੂ ਸਾਹਿਬ ਨੂੰ ਮਿਲਣ ਦੀ ਇੱਛਾ ਪ੍ਰਗਟ ਕੀਤੀ ਪ੍ਰੰਤੂ ਗੁਰੂ ਸਾਹਿਬ ਨੇ ਮਨ੍ਹਾ ਕਰ ਦਿੱਤਾ। ਬੰਗਲੇ ਵਿਚ ਕਿਆਮ ਦੇ ਦੌਰਾਨ ਅਨੇਕ ਪ੍ਰੀਖਿਆਵਾਂ ਲਈਆਂ, ਰਾਣੀ ਨੂੰ ਗੋਲੀ ਤੇ ਗੋਲੀ ਨੂੰ ਰਾਣੀ ਬਣਾਇਆ, ਪਰ ਗੁਰੂ ਸਾਹਿਬ ਨੇ ਨਿਰਣਾ ਕਰ ਦਿੱਤਾ। ਰਾਜਾ ਜੈ ਸਿੰਹੁ ਨੇ ਬਾਦਸ਼ਾਹ ਨੂੰ ਦੱਸਿਆ ਕਿ ਗੁਰਿਆਈ ਦੇ ਅਸਲ ਹੱਕਦਾਰ ਬਾਲਾ ਪ੍ਰੀਤਮ ਜੀ ਹੀ ਹਨ ਤਾਂ ਬਾਦਸ਼ਾਹ ਨੇ ਬਾਬਾ ਰਾਮਰਾਏ ਨੂੰ ਦੇਹਰਾਦੂਨ ਜਗੀਰ ਦੇ ਦਿੱਤੀ।

ਸਭ ਪਾਸੇ ਗੁਰੂ ਸਾਹਿਬ ਦਾ ਜੱਸ-ਪ੍ਰਤਾਪ ਵੱਧਣ ਲਗਾ। ਬਾਬਾ ਰਾਮਰਾਏ ਇਹ ਵੇਖ ਕੇ ਈਰਖਾ ਵਿਚ ਆ ਗਿਆ। ਕੋਈ ਚਾਰਾ ਨਾ ਚਲਦਾ ਵੇਖ ਦੇਹਰਾਦੂਨ ਚਲਾ ਗਿਆ। ਗੁਰੂ ਸਾਹਿਬ ਦਿੱਲੀ ਵਿਚ ਸੰਗਤ ਨੂੰ ਦਰਸ਼ਨ ਦੇ ਕੇ ਨਿਹਾਲ ਕਰ ਰਹੇ ਸਨ। ਇਸੇ ਸਮੇਂ ਦੌਰਾਨ ਦਿੱਲੀ ਵਿਚ ਚੇਚਕ ਦੀ ਬੀਮਾਰੀ ਫੈਲ ਗਈ। ਲੋਕ ਧੜਾ-ਧੜ ਪੀੜਿਤ ਹੋਣ ਲੱਗ ਪਏ। ਹੁਣ ਸਭ ਦੀ ਟੇਕ ਗੁਰੂ-ਘਰ 'ਤੇ ਆ ਟਿਕੀ। ਗੁਰੂ ਸਾਹਿਬ ਇਸ ਸਮੇਂ ਜਿੱਥੇ ਅੱਜਕਲ੍ਹ ਗੁਰਦੁਆਰਾ ਬੰਗਲਾ ਸਾਹਿਬ ਹੈ, ਵਾਲੇ ਸਥਾਨ 'ਤੇ ਠਹਿਰੇ ਹੋਏ ਸਨ।

ਹਰ ਪਾਸੇ ਬਾਲਾ ਪ੍ਰੀਤਮ ਜੀ ਦੀ ਜੈ-ਜੈਕਾਰ ਹੋਣ ਲੱਗ ਪਈ। ਕੁਝ ਸਮੇਂ ਬਾਅਦ ਗੁਰੂ ਸਾਹਿਬ 'ਤੇ ਵੀ ਚੇਚਕ ਦਾ ਪ੍ਰਭਾਵ ਪ੍ਰਗਟ ਹੋਣ ਲੱਗਿਆ। ਗੁਰੂ ਸਾਹਿਬ ਆਪਣਾ ਅੰਤਮ ਸਮਾਂ ਨਜ਼ਦੀਕ ਜਾਣ ਕੇ ਰਾਜਾ ਜੈ ਸਿੰਹੁ ਦੀ ਹਵੇਲੀ (ਜਿੱਥੇ ਅੱਜਕਲ੍ਹ ਗੁਰਦੁਆਰਾ ਬਾਲਾ ਸਾਹਿਬ ਹੈ) ਵਿਚ ਆ ਗਏ। ਗੁਰੂ ਸਾਹਿਬ ਲਈ ਵੱਖਰਾ ਆਸਣ ਲਗਾਇਆ ਗਿਆ, ਮਾਤਾ ਜੀ ਤੇ ਸਭ ਸਿੱਖ ਚਿੰਤਤ ਹੋ ਗਏ। ਸਭ ਨੂੰ ਧੀਰਜ ਦਿੱਤਾ ਗਿਆ। ਜਿਸ ਸਮੇਂ ਚੇਚਕ ਦੇ ਜ਼ੋਰ ਨਾਲ ਬੁਖਾਰ ਤੇਜ਼ ਜੋ ਗਿਆ ਤਾਂ ਗੁਰੂ ਸਾਹਿਬ ਨੇ ਬਾਬਾ ਬੁੱਢਾ ਜੀ ਅੰਸ਼ ਵਿੱਚੋਂ ਭਾਈ ਗੁਰਦਿੱਤਾ ਜੀ ਨੂੰ ਬੁਲਾਇਆ ਤੇ "ਬਾਬਾ ਬਸਹਿ ਬਕਾਲੇ"... ਦੇ ਬਚਨ ਰਾਹੀਂ ਸੰਗਤ ਨੂੰ ਸੋਝੀ ਦਿੱਤੀ ਕਿ ਅੱਗੇ ਗੁਰਿਆਈ ਸਾਡੇ ਬਾਬਾ ਜੀ ਜੋ ਬਾਬਾ ਬਕਾਲੇ ਹਨ, ਉਨ੍ਹਾਂ ਨੂੰ ਦਿੱਤੀ ਜਾਵੇ। ਸੰਮਤ ੧੭੨੧ ਚੇਤ ਸੁਦੀ ੧੪ ਨੂੰ ਗੁਰੂ ਸਾਹਿਬ ਜੋਤੀ ਜੋਤ ਸਮਾ ਗਏ।

■

ਸਿੱਖ ਧਰਮ ਅਧਿਐਨ ਪੱਤਰ-ਵਿਹਾਰ ਕੋਰਸ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦੋ-ਸਾਲਾ ਸਿੱਖ ਧਰਮ ਅਧਿਐਨ ਪੱਤਰ-ਵਿਹਾਰ ਕੋਰਸ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਭਾਸ਼ਾ ਵਿਚ ਚਲਾਇਆ ਜਾ ਰਿਹਾ ਹੈ। ਇਸ ਵਿਚ ੧੬ ਸਾਲ ਤੋਂ ਵੱਡੀ ਉਮਰ ਦਾ ਕੋਈ ਵੀ ਸਿੱਖ ਜਾਂ ਗੈਰ-ਸਿੱਖ, ਜੋ ਘੱਟੋ ਘੱਟ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਪੜ੍ਹ ਲਿਖ ਸਕਦਾ ਹੋਵੇ, ਦਾਖਲਾ ਲੈ ਸਕਦਾ ਹੈ। ਕੋਰਸ ਨਾਲ ਸੰਬੰਧਿਤ ਵਧੇਰੇ ਜਾਣਕਾਰੀ www.sgpc.net ਤੋਂ ਲਈ ਜਾ ਸਕਦੀ ਹੈ ਜਾਂ ੦੧੮੩-੨੫੫੩੯੫੬, ਐਕਸ:੩੦੫ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਬਹੁਪੱਖੀ ਦੇਣ

*-ਸ. ਬਲਵਿੰਦਰ ਸਿੰਘ ਕਾਹਲਵਾਂ**

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਸਮੁੱਚਾ ਜੀਵਨ ਹੀ ਦੇਸ਼, ਕੌਮ ਤੇ ਮਨੁੱਖਤਾ ਦੇ ਵੱਡੇ ਹਿੱਤਾਂ ਜਾਂ ਕਲਿਆਣ ਹਿੱਤ ਕੀਤੀਆਂ ਅਣਗਿਣਤ ਤੇ ਅਦੁੱਤੀ ਕੁਰਬਾਨੀਆਂ ਨਾਲ ਭਰਪੂਰ ਹੈ। ਆਪ ਜੀ ਆਪਣੇ ਯੁੱਗ ਦੀ ਇਕ ਸਰਬਸਾਂਝੀ ਤੇ ਅਦੁੱਤੀ ਸ਼ਖ਼ਸੀਅਤ ਸਨ। ਕਸ਼ਮੀਰ ਦੇ ਕੱਟੜ ਹਠ ਧਰਮੀ ਤਤਕਾਲੀ ਮੁਗ਼ਲ ਰਾਜ ਦੇ ਸਤਾਏ ਤੇ ਖੌਫ਼ਜ਼ਦਾ ਬ੍ਰਾਹਮਣਾਂ ਦੇ ਵਫਦ ਦਾ ਸਿਰਫ ਤੇ ਸਿਰਫ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਪਾਸ ਪੁਕਾਰ ਲੈ ਕੇ ਆਉਣਾ ਤੇ ਉਨ੍ਹਾਂ ਨੂੰ ਆਪਣਾ ਦੁੱਖ ਦੱਸਣਾ ਗੁਰੂ ਸਾਹਿਬ ਦੀ ਵਿਲੱਖਣ ਸਰਬਸਾਂਝੀ ਸ਼ਖ਼ਸੀਅਤ ਦਾ ਪ੍ਰਤੱਖ ਪ੍ਰਮਾਣ ਹੈ। ਕਿਸੇ ਦੂਸਰੇ ਧਰਮ ਦੇ ਦੁਖੀ ਲੋਕਾਂ ਦੇ ਵਾਸਤੇ ਸੀਸ ਦੇ ਦੇਣਾ ਤੇ ਜ਼ਿੰਦਗੀ ਵਾਰ ਦੇਣਾ ਇਹ ਸੰਸਾਰ ਭਰ ਦੇ ਇਤਿਹਾਸ ਵਿਚ ਸਿਰਫ ਤੇ ਸਿਰਫ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਹੀ ਹਿੱਸੇ ਆਇਆ ਹੈ। ਬਾਲ ਸ੍ਰੀ ਗੋਬਿੰਦ ਰਾਇ ਜੀ ਦਾ ਗੁਰੂ ਪਿਤਾ ਨੂੰ ਖੁਦ, ਬ੍ਰਾਹਮਣਾਂ ਦੇ ਦਰਦ 'ਚ ਪਸੀਜ ਕੇ ਬਾਲ-ਆਯੂ 'ਚ ਸਮੇਂ ਦੇ ਬਾਦਸ਼ਾਹ ਨੂੰ ਸਮਝਾਉਣ ਵਾਸਤੇ ਭਾਵ ਕਿ ਜ਼ਿੰਦਗੀ ਕੁਰਬਾਨ ਕਰ ਦੇਣ ਵਾਸਤੇ ਦਿੱਲੀ ਨੂੰ ਤੋਰਨਾ ਵੀ ਦੁਨੀਆ ਭਰ 'ਚ ਬੇਮਿਸਾਲ ਤੇ ਹਰ ਸੰਵੇਦਨਸ਼ੀਲ ਹਿਰਦੇ ਵਿਚ ਹੈਰਾਨੀ ਤੇ ਵਿਸਮਾਦ ਉਪਜਾਉਣ ਵਾਲਾ ਕਾਰਨਾਮਾ ਹੈ। ਵਕਤ ਦਾ ਕੱਟੜ ਹਠਧਰਮੀ ਬਾਦਸ਼ਾਹ ਆਪਣੀ ਪਰਜਾ ਵਿਰੋਧੀ ਕੁਨੀਤੀ ਤੋਂ ਮੋੜਿਆ ਨਾ ਜਾ ਸਕਿਆ। ਬਾਦਸ਼ਾਹ ਔਰੰਗਜ਼ੇਬ ਦੇ ਆਦੇਸ਼-ਨਿਰਦੇਸ਼ 'ਤੇ ਗੁਰੂ ਜੀ ਦੇ ਨਾਲ ਗਏ ਨਾਮਵਰ ਤੇ ਸੂਝਵਾਨ ਗੁਰਸਿੱਖਾਂ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਨੂੰ ਰੌਂਗਟੇ ਖੜ੍ਹੇ ਕਰ ਦੇਣ ਵਾਲੇ ਤਸੀਹੇ ਦਿੰਦਿਆਂ ਗੁਰੂ ਜੀ ਦੀਆਂ ਅੱਖਾਂ ਸਾਹਮਣੇ ਸ਼ਹੀਦ ਕੀਤਾ। ਇਸ ਪਿੱਛੇ ਮੁੱਖ ਤੌਰ 'ਤੇ ਹਕੂਮਤ ਦੀ ਇਹ ਸੋਚ ਕੰਮ ਕਰ ਰਹੀ ਸੀ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਖੌਫ਼ਜ਼ਦਾ ਕਰ ਕੇ ਉਨ੍ਹਾਂ ਦੇ ਦੁਖੀ ਲੋਕਾਂ ਦੇ ਨਾਲ ਖੜ੍ਹਨ ਦੇ ਦ੍ਰਿੜ੍ਹ ਇਰਾਦੇ ਤੋਂ ਥਿੜਕਾਇਆ ਜਾਵੇ ਜਿਸ ਵਿਚ ਹਕੂਮਤ ਦੀ ਨਾਸਮਝੀ ਤੇ ਸਿੱਖੀ ਸਿਧਾਂਤਾਂ ਤੋਂ ਅਗਿਆਨਤਾ ਸਾਫ ਝਲਕਦੀ ਹੈ। ਇਸ ਪ੍ਰਕਾਰ ਗੁਰੂ ਜੀ ਨੇ ਹਿੰਦੁਸਤਾਨ ਦੀ ਪੀੜਿਤ ਲੋਕਾਈ ਅੰਦਰ ਆਪਣੇ ਤਿੰਨ ਚੋਣਵੇਂ ਸਿੱਖਾਂ ਦੀ ਤੇ ਆਪਣੀ ਕੁਰਬਾਨੀ ਦੇ ਕੇ ਇਕ ਤਰ੍ਹਾਂ ਨਾਲ ਜਿੱਥੇ ਪੀੜਿਤ ਧਿਰ ਪ੍ਰਤੀ ਆਪਣੀ ਵਚਨਬਧਤਾ ਦਰਸਾਈ, ਉੱਥੇ ਉਸ ਪੀੜਿਤ ਧਿਰ ਨੂੰ ਇਕ ਹੱਦ ਤਕ ਮਾਨਸਿਕ ਤੇ ਆਤਮਿਕ ਪੱਧਰ 'ਤੇ ਧਰਵਾਸ ਤੇ ਤਸੱਲੀ ਵੀ ਦਿੱਤੀ। ਇਨ੍ਹਾਂ

** ਸਕੱਤਰ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।*

ਸ਼ਹੀਦੀਆਂ ਨਾਲ ਸਿੱਖੀ ਲਹਿਰ 'ਚ ਅਥਾਹ ਜ਼ੋਰ ਆਇਆ ਤੇ ਸ੍ਰੀ ਗੁਰੂ ਗੋਬਿੰਦ ਰਾਇ ਜੀ ਦੀ ਅਗਵਾਈ 'ਚ ਸਿੱਖ ਲਹਿਰ ਜ਼ੋਰ ਪਕੜਨ ਲੱਗੀ। ਦਸਵੇਂ ਗੁਰੂ ਜੀ ਨੇ 'ਬਚਿਤ੍ਰ ਨਾਟਕ' 'ਚ ਪਿਤਾ ਗੁਰੂ ਜੀ ਦੀ ਸ਼ਹਾਦਤ ਸਬੰਧੀ ਬਾਕਮਾਲ ਕਥਨ ਦਰਜ ਕੀਤੇ ਹਨ। ਇਕ ਕਥਨ ਲੋਕਾਈ 'ਚ ਇਸ ਸ਼ਹਾਦਤ ਦੇ ਪ੍ਰਭਾਵ ਨੂੰ ਦਰਸਾਉਂਦਾ ਹੈ:

ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ॥
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ॥

ਪ੍ਰਕਾਸ਼ ਅਤੇ ਨਾਮਕਰਣ:

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਪ੍ਰਕਾਸ਼ ੧੬੨੧ ਈ. ਨੂੰ ਛੇਵੇਂ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਗ੍ਰਿਹ ਵਿਖੇ ਮਾਤਾ ਨਾਨਕੀ ਜੀ ਦੀ ਕੁੱਖੋਂ ਸ੍ਰੀ ਅੰਮ੍ਰਿਤਸਰ ਵਿਖੇ ਹੋਇਆ। ਇਸ ਅਸਥਾਨ ਨੂੰ ਗੁਰੂ ਕੇ ਮਹਿਲ ਸ੍ਰੀ ਅੰਮ੍ਰਿਤਸਰ ਕਰਕੇ ਜਾਣਿਆ ਜਾਂਦਾ ਹੈ। ਜੋ ਕਿ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਦੇ ਨੇੜੇ ਹੀ ਪੈਂਦਾ ਹੈ। ਗੁਰੂ ਜੀ ਦਾ ਪਹਿਲਾ ਨਾਮ ਤਿਆਗ ਮੱਲ ਸੀ। ਇਹ ਉਹ ਸਮਾਂ ਸੀ ਜਦੋਂ ਸਮੇਂ ਦੀ ਹਕੂਮਤ ਸਿੱਖ ਲਹਿਰ ਨੂੰ ਦਬਾ ਰਹੀ ਸੀ। ਇਸ ਸਬੰਧੀ ਜਾਲਮ ਹਕੂਮਤ ਵਿਰੁੱਧ ਹੋਈ ਇਕ ਲੜਾਈ 'ਚ ਹਿੱਸਾ ਲੈਂਦਿਆਂ ਸ੍ਰੀ ਤਿਆਗ ਮੱਲ ਜੀ ਨੇ ਤੇਗ ਦੇ ਐਸੇ ਜੌਹਰ ਵਿਖਾਏ ਕਿ ਗੁਰੂ ਪਿਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਵੇਖ ਕੇ ਗਦ ਗਦ ਹੋ ਉੱਠੇ ਤੇ ਵਿਸਮਾਦ 'ਚ ਉਨ੍ਹਾਂ ਆਪਣੇ ਪੁੱਤਰ ਦਾ ਨਾਮ 'ਤਿਆਗ ਮੱਲ' ਤੋਂ 'ਤੇਗ ਬਹਾਦਰ' ਕਰ ਦਿੱਤਾ।

ਵਿਆਹ:

ਸ੍ਰੀ (ਗੁਰੂ) ਤੇਗ ਬਹਾਦਰ ਜੀ ਦਾ ਵਿਆਹ (ਮਹਾਨ ਕੋਸ਼ ਅਨੁਸਾਰ) ੧੫ ਅੱਸੂ ਸੰਮਤ ੧੬੮੯ (੧੬੩੨ ਈ.) ਨੂੰ ਸ੍ਰੀ ਲਾਲ ਚੰਦ ਜੀ ਦੀ ਸਪੁੱਤਰੀ ਸ੍ਰੀ ਗੁਜਰੀ ਜੀ ਨਾਲ ਕਰਤਾਰਪੁਰ (ਜਲੰਧਰ) ਵਿਖੇ ਹੋਇਆ। ਆਪ ਨੇ ਚੇਤ ਸੁਦੀ ੧੪ ਸੰਮਤ ੧੭੨੨ (੨੦ ਮਾਰਚ, ੧੬੬੫ ਈ.) ਨੂੰ ਗੁਰਿਆਈ ਪ੍ਰਾਪਤ ਕਰ ਕੇ ਅਨੰਤ ਜੀਵਾਂ ਨੂੰ ਸੁਮਾਰਗ ਪਾਇਆ। ਪ੍ਰਚਾਰ ਲਈ ਜੰਗਲ (ਮਾਲਵਾ) ਪੁਆਧ, ਬਾਂਗਰ, ਪੂਰਵ, ਬਿਹਾਰ, ਬੰਗਾਲ ਵਿਚ ਵਿਚਰ ਕੇ ਸੱਚਾ ਧਰਮ ਦ੍ਰਿੜ੍ਹਾਇਆ। ਆਪ ਦੀ ਬਾਣੀ ਪ੍ਰੇਮ ਤੇ ਵੈਰਾਗਮਈ ਹੈ। ਸਤਲੁਜ ਦੇ ਕਿਨਾਰੇ ਪਹਾੜੀ ਰਾਜਿਆਂ ਤੋਂ ਜ਼ਮੀਨ ਖਰੀਦ ਕੇ ਅਨੰਦਪੁਰ ਨਗਰ ਵਸਾਇਆ, ਜੋ ਖਾਲਸੇ ਦੀ ਵਾਸੀ ਹੈ।

ਸ਼ਹੀਦੀ:

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਸ੍ਰੀ ਗੁਰੂ ਨਾਨਕ ਸਾਹਿਬ ਦੀਆਂ ਮਹਾਨ ਪਰਉਪਕਾਰੀ ਚਾਰ ਉਦਾਸੀਆਂ ਨੂੰ ਮਨ-ਮਸਤਕ 'ਚ ਰੱਖਦਿਆਂ ਭਾਰਤ ਦੇ ਜਨ-ਸਾਧਾਰਨ ਨੂੰ ਗੁਰੂ-ਘਰ ਦੀ ਨਿਰਮਲ ਵਿਚਾਰਧਾਰਾ ਅਤੇ ਸਿੱਖੀ ਨਾਲ ਜੋੜਨ ਦੇ

ਮਹਾਨ ਉੱਦਮ ਉਪਰਾਲੇ ਕੀਤੇ। ਭਾਵੇਂ ਪਿਛਲੇ ਬੀਤੇ ਸਮੇਂ 'ਚ ਵੀ ਮੁਗ਼ਲ ਬਾਦਸ਼ਾਹ ਧੱਕੋਜ਼ੋਰੀ ਇਸਲਾਮ ਦਾ ਪ੍ਰਸਾਰ ਕਰਨ ਹਿੱਤ ਕਈ ਤਰ੍ਹਾਂ ਤੇ ਖਾਸ ਕਰਕੇ ਕੱਟੜ ਮੁੱਲਾਂ-ਮੁਲਾਣਿਆਂ ਦੇ ਅਸਰ ਥੱਲੇ ਨਾਪਾਕ ਕੋਸ਼ਿਸ਼ਾਂ ਕਰਦੇ ਆ ਰਹੇ ਸਨ ਪਰੰਤੂ ਖ਼ੁਦ ਨੂੰ ਪੱਕਾ ਦੀਨੀ ਮੁਸਲਮਾਨ (ਸੁੰਨੀ) ਮੰਨਣ ਦਾ ਭਰਮ ਪਾਲਣ ਵਾਲਾ ਬਾਦਸ਼ਾਹ ਔਰੰਗਜ਼ੇਬ ਇਸ ਵਕਤ ਜ਼ਿਆਦਾ ਹੀ ਪੱਬਾਂ ਭਾਰ ਹੋਇਆ ਪਿਆ ਸੀ। ਜਦੋਂ ਉਸ ਨੇ ਪੀੜਿਤ ਹਿੰਦੂ ਧਰਮ ਅਤੇ ਇਸ ਦੇ ਪ੍ਰੇਰਕ ਬ੍ਰਾਹਮਣਾਂ-ਪੰਡਿਤਾਂ ਨੂੰ ਤੰਗ-ਪਰੇਸ਼ਾਨ ਕਰ ਕੇ ਦੀਨ ਇਸਲਾਮ ਦੇ ਦਾਇਰੇ 'ਚ ਲਿਆਉਣ ਹਿੱਤ ਸਾਰੀਆਂ ਹੱਦਾਂ ਟੱਪ ਲਈਆਂ ਤਾਂ ਗੁਰੂ ਨਾਨਕ ਦੇ ਘਰ ਦੀ ਚਿਰਕਾਲ ਤੋਂ ਪ੍ਰਸਾਰੀ ਜਾ ਰਹੀ ਨਿਰਮਲ ਧਾਰਾ ਦੇ ਇਸ ਵਕਤ ਦੇ ਰਹਿਬਰ ਨੌਵੇਂ ਗੁਰੂ ਦੇ ਪਾਸ ਸ੍ਰੀ ਅਨੰਦਪੁਰ ਸਾਹਿਬ ਵਿਖੇ ਜੋ ਵਿਸ਼ੇਸ਼ ਉੱਦਮ-ਉਪਰਾਲੇ ਨਾਲ ਗੁਰੂ ਜੀ ਦੀ ਸੁਚੱਜੀ ਦੇਖ-ਰੇਖ 'ਚ ਹੀ ਉਸਰਿਆ ਸੀ ਪੰਡਿਤ ਕਿਰਪਾ ਰਾਮ ਕਸ਼ਮੀਰੀ ਪੰਡਿਤ ਆਗੂ ਦੀ ਅਗਵਾਈ 'ਚ ਅਤੀ ਦੁਖਦਾਇਕ ਮਨੋਸਥਿਤੀ 'ਚ ਪੁੱਜੇ ਤਾਂ ਗੁਰੂ ਜੀ ਨੇ ਉਨ੍ਹਾਂ ਦੀ ਇਸ ਅਤੀ ਕਸ਼ਟਦਾਇਕ ਘੜੀ 'ਚ ਬਾਂਹ ਫੜਨ ਦਾ ਅਤੀ ਵੱਡੇ ਸਾਹਸ ਤੇ ਜੁਰਅਤ ਭਰਿਆ ਫੈਸਲਾ ਲੈ ਲਿਆ ਜਿਸ 'ਚ ਸਿਰਫ ਨੌਂ ਵਰ੍ਹਿਆਂ ਦੀ ਆਯੂ ਦੇ ਗੋਬਿੰਦ ਰਾਇ ਜੀ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਦੀ ਅਦੁੱਤੀ ਪ੍ਰੇਰਨਾ ਤੇ ਅਪੂਰਵ ਹੌਂਸਲਾ ਵੀ ਕਾਰਜਸ਼ੀਲ ਸੀ। ਇਸ ਉਪਰੰਤ ਗੁਰੂ ਜੀ ਨੇ ਬਾਦਸ਼ਾਹ ਔਰੰਗਜ਼ੇਬ ਨੂੰ ਖ਼ੁਦ ਦਿੱਲੀ ਜਾ ਕੇ ਪੀੜਿਤ ਹਿੰਦੂ ਲੋਕਾਈ ਦੀ ਕਰੁਣਾਮਈ ਸਥਿਤੀ ਦਾ ਅਹਿਸਾਸ ਕਰਾਉਣ ਦਾ ਲਾਸਾਨੀ ਇਤਿਹਾਸਿਕ ਕਾਰਨਾਮਾ ਕੀਤਾ ਅਤੇ ਗੁਰੂ ਜੀ ਦੇ ਨਾਲ ਗਏ ਤਿੰਨ ਅਤੀ ਨਜ਼ਦੀਕੀ ਸਿੱਖਾਂ—ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਨੂੰ ਗੁਰੂ ਜੀ ਦੀਆਂ ਅੱਖਾਂ ਸਾਹਵੇਂ ਸ਼ਹੀਦ ਕੀਤਾ ਗਿਆ ਕਿ ਸ਼ਾਇਦ ਉਨ੍ਹਾਂ ਨੂੰ ਇਵੇਂ ਖੌਫ਼ਜ਼ਦਾ ਕੀਤਾ ਜਾ ਸਕੇਗਾ ਪਰੰਤੂ ਇਹ ਅਦੁੱਤੀ ਇਤਿਹਾਸਿਕ ਕਾਰਨਾਮਾ ਗੁਰੂ ਜੀ ਨੇ ਦਿੱਲੀ ਦੇ ਚਾਂਦਨੀ ਚੌਂਕ 'ਚ ਆਪਣਾ ਸੀਸ ਕਟਵਾ ਕੇ ਕਰ ਦਰਸਾਇਆ। ਮਗਰੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਐਸੇ ਅੱਤਿਆਚਾਰੀ ਬਾਦਸ਼ਾਹ ਨਾਲ ਇਤਿਹਾਸਿਕ ਲੋਹਾ ਲਿਆ ਤੇ ਉਹਨੂੰ 'ਜ਼ਫ਼ਰਨਾਮਾ' (ਜਿੱਤ ਦਾ ਪੱਤਰ) ਲਿਖ ਕੇ ਆਪਣੇ ਪਾਪਾਂ ਦਾ ਪਛਤਾਵਾ ਕਰਨ ਦੀ ਮਨੋਸਥਿਤੀ 'ਚ ਪਾ ਦਿੱਤਾ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਇਸ ਇਤਿਹਾਸਿਕ ਕਾਰਨਾਮੇ ਬਾਰੇ ਦਸਮ ਗੁਰੂ ਜੀ ਨੇ ਭਾਰਤ ਦੀ ਲੋਕਾਈ ਦੇ ਮਾਨਸਿਕ ਪਰਿਵਰਤਨ ਦਾ ਆਭਾਸ ਵੀ ਕਰਾਇਆ ਹੈ:

ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ॥
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ॥ *(ਬਚਿਤ੍ਰ ਨਾਟਕ)*

ਭਾਰਤ ਦਾ ਜ਼ੁਲਮ ਦੂਰ ਕਰਨ ਅਰ ਧਰਮ ਦਾ ਬੀਜ ਰੱਖਣ ਲਈ ਆਪ ਨੇ ੧੬੭੫ ਈ. ਨੂੰ ਸ਼ਹੀਦੀ ਪ੍ਰਾਪਤ ਕੀਤੀ। ਦਸਮੇਸ਼ ਪਿਤਾ ਜੀ 'ਬਚਿਤ੍ਰ ਨਾਟਕ' ਵਿਚ ਲਿਖਦੇ

ਹਨ:

ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭ ਪੁਰ ਕੀਯਾ ਪਯਾਨ॥
ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ॥

ਨੌਵੇਂ ਸਤਿਗੁਰੂ ਜੀ ਦੇ ਸ਼ਹੀਦੀ ਅਸਥਾਨ ਦਾ ਨਾਮ "ਸੀਸ ਗੰਜ" ਹੈ ਜੋ ਦਿੱਲੀ ਦੇ ਚਾਂਦਨੀ ਚੌਂਕ ਵਿਚ ਵਿਦਯਮਾਨ ਹੈ ਅਤੇ ਦੇਹ ਦੇ ਸਸਕਾਰ ਦੀ ਥਾਂ ਦਾ ਨਾਮ "ਰਕਾਬ ਗੰਜ" ਹੈ।

ਬਾਣੀ ਰਚਨਾ

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਜਿੱਥੇ ਆਪਣੇ ਗੁਰਿਆਈ-ਕਾਲ ਦੌਰਾਨ ਪਹਿਲਾਂ ਉਪਲਬਧ ਪਾਵਨ ਗੁਰਬਾਣੀ ਦਾ ਸਿੱਖ ਸੰਗਤਾਂ ਤੇ ਸਮੁੱਚੇ ਦੇਸ਼ ਦੀ ਲੋਕਾਈ 'ਚ ਵੱਧ ਤੋਂ ਵੱਧ ਪਾਸਾਰ ਕੀਤਾ, ਉੱਥੇ ਆਪ ਨੇ ਆਪਣੇ ਮੁਖਾਰਬਿੰਦ ਤੋਂ ਪਾਵਨ ਬਾਣੀ ਉਚਾਰ ਕੇ ਗੁਰਬਾਣੀ ਦੇ ਅਗੰਮੀ ਖ਼ਜ਼ਾਨੇ ਨੂੰ ਮਾਲਾ-ਮਾਲ ਕੀਤਾ। ਆਪ ਦੀ ਪਾਵਨ ਬਾਣੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਆਪਣੀ ਨਿਗਰਾਨੀ ਹੇਠ ਦਰਜ ਕਰਵਾਇਆ। ਇਹ ਬਾਣੀ ਵੱਖ-ਵੱਖ ਰਾਗਾਂ 'ਚ ਅੰਕਿਤ ਕੀਤੇ ਗਏ ਸ਼ਬਦਾਂ ਦੇ ਰੂਪ 'ਚ ਹੈ। ਇਸ ਦੇ ਇਲਾਵਾ ਗੁਰੂ ਜੀ ਨੇ ਕੁਝ ਬਾਣੀ ਸਲੋਕਾਂ ਦੇ ਰੂਪ 'ਚ ਉਚਾਰਨ ਕੀਤੀ ਜੋ ਨੌਵੇਂ ਮਹੱਲੇ ਦੇ ਸਲੋਕਾਂ ਦੇ ਰੂਪ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਮੁਕਤ ਬਾਣੀ ਦੇ ਅੰਤਲੇ ਹਿੱਸੇ 'ਚ ਦਰਜ ਹੈ। ਰਾਗਬੱਧ ਬਾਣੀ 'ਚ ਆਪ ਨੇ ਜੈਜਾਵੰਤੀ ਰਾਗ ਉਪਯੋਗ 'ਚ ਲਿਆਂਦਾ ਜੋ ਆਪ ਦੀ ਮੌਲਿਕ ਦੇਣ ਕਹੀ ਜਾ ਸਕਦੀ ਹੈ। ਜੈਜਾਵੰਤੀ ਰਾਗ ਨੂੰ ਵਿਸ਼ੇਸ਼ ਤੌਰ 'ਤੇ ਤੇਜੱਸਵੀ ਰਾਗ ਸਵੀਕਾਰਿਆ ਗਿਆ ਹੈ ਜਿਸ ਨੂੰ ਨਿਮਨ ਪਾਵਨ ਤੁਕਾਂ ਚੋਂ ਪ੍ਰਤੀਬਿੰਬਤ ਹੁੰਦਾ ਵੇਖਿਆ ਮਹਿਸੂਸਿਆ ਜਾ ਸਕਦਾ ਹੈ:

ਮਾਇਆ ਕੋ ਸੰਗੁ ਤਿਆਗੁ ਪ੍ਰਭ ਜੂ ਕੀ ਸਰਨਿ ਲਾਗੁ॥
ਜਗਤ ਸੁਖ ਮਾਨੁ ਮਿਥਿਆ ਝੂਠੋ ਸਭ ਸਾਜੁ ਹੈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੫੨)

ਇਸ ਸਮੁੱਚੀ ਬਾਣੀ ਵਿਚ ਵੈਰਾਗ ਦਾ ਤੱਤ ਬੜਾ ਭਰਪੂਰ ਹੈ ਜੋ ਕਿ ਸ਼ੁੱਧ ਰੂਹਾਨੀ ਪ੍ਰਕਿਰਤੀ ਵਾਲਾ ਹੈ। ਇਹ ਸੰਸਾਰ ਨਾਲੋਂ ਤੋੜ-ਵਿਛੋੜਾ ਨਹੀਂ ਕਰਾਉਂਦਾ ਅਤੇ ਸਾਨੂੰ ਆਪਣੇ ਜ਼ਿੰਮੇ ਲਗਦੇ ਫਰਜ਼ਾਂ ਦੀ ਪੂਰਤੀ ਤੋਂ ਮੂੰਹ ਨਹੀਂ ਭਵਾਉਣ ਦਿੰਦਾ। ਸਗੋਂ ਇਹ ਵੈਰਾਗ ਇਨ੍ਹਾਂ ਫਰਜ਼ਾਂ ਦੀ ਸ਼ਾਨਦਾਰ ਪੂਰਤੀ ਕਰਨ ਲਈ ਪ੍ਰੇਰਨਾ ਦਿੰਦਾ ਹੈ। ਇਹ ਸਾਡਾ ਜੀਵਨ-ਮਾਰਗ ਰੁਸ਼ਨਾਉਂਦਾ ਹੈ ਕਿ ਦੁੱਖ ਅਤੇ ਸੁਖ ਦੋਨੋਂ ਇਨਸਾਨੀ ਜੀਵਨ ਦਾ ਅਨਿੱਖੜ ਹਿੱਸਾ ਹਨ। ਅਸੀਂ ਸੁਖ-ਸੁਵਿਧਾਵਾਂ ਦੇ ਬਹੁਤ ਜ਼ਿਆਦਾ ਇੱਛਾਵਾਨ ਨਹੀਂ ਬਣਨਾ। ਦੁੱਖ ਦੀ ਸਥਿਤੀ 'ਚ ਅਡੋਲ ਰਹਿਣ ਦੀ ਜ਼ਰੂਰਤ ਹੈ। ਦਰਅਸਲ ਮਨੁੱਖ ਨੂੰ ਸੱਚੇ ਗਿਆਨ ਦੀ ਸੇਧ 'ਚ ਮਨ ਨੂੰ ਡੋਲਣ ਤੋਂ ਬਚਾਉਣ ਦੀ

ਲੋੜ ਹੈ। ਝੂਠੀ ਪ੍ਰਸੰਸਾ ਜਾਂ ਖੁਸ਼ਾਮਦ ਅਤੇ ਨਿੰਦਿਆ ਚੁਗਲੀ ਜਿਹੇ ਨਾਂਹ-ਵਾਚਕ ਵਰਤਾਰੇ ਤੋਂ ਬਚਣ ਦੀ ਜ਼ਰੂਰਤ ਹੈ, ਜਿਵੇਂ:

ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ॥
ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ॥
ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ॥
ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ੨੧੯)

ਗੁਰੂ ਜੀ ਸਾਨੂੰ ਨਿੱਜ ਪਰਵਾਰਿਕ ਮੋਹ ਤੋਂ ਉੱਪਰ ਉੱਠਣ ਦੀ ਵੀ ਜ਼ੋਰਦਾਰ ਪ੍ਰੇਰਨਾ ਦਿੰਦੇ ਹਨ ਕਿਉਂਕਿ ਸਮਾਜ, ਦੇਸ਼, ਕੌਮ ਤੇ ਮਨੁੱਖਤਾ ਦੇ ਭਲੇ ਵਾਸਤੇ ਇਸ ਮੋਹ ਤੋਂ ਉਚੇਰੇ ਹੋ ਕੇ ਹੀ ਕੁਝ ਕੀਤਾ ਜਾ ਸਕਦਾ ਹੈ:

-ਜਗਤ ਮੈ ਝੂਠੀ ਦੇਖੀ ਪ੍ਰੀਤਿ॥
ਅਪਨੇ ਹੀ ਸੁਖ ਸਿਉ ਸਭ ਲਾਗੇ ਕਿਆ ਦਾਰਾ ਕਿਆ ਮੀਤ॥
(ਸ੍ਰੀ ਗੁਰੂ ਗ੍ਰੰਥ ਸਾਹਿਬ,੫੩੬)

-ਹਰਿ ਬਿਨੁ ਤੇਰੋ ਕੋ ਨ ਸਹਾਈ॥
ਕਾਂ ਕੀ ਮਾਤ ਪਿਤਾ ਸੁਤ ਬਨਿਤਾ ਕੋ ਕਾਹੂ ਕੋ ਭਾਈ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੩੧)

ਗੁਰੂ ਜੀ ਦੇ ਵੈਰਾਗ ਦਰਸ਼ਨ ਵਿਚ ਜਵਾਨੀ ਦੀ ਅਵਸਥਾ ਨੂੰ ਸੰਭਾਲਣ ਵਾਸਤੇ ਜ਼ੋਰਦਾਰ ਪ੍ਰੇਰਨਾ ਵਿਦਮਾਨ ਹੈ ਕਿਉਂਕਿ ਆਮ ਕਰਕੇ ਬੁਢਾਪਾ ਆਪਣੀਆਂ ਬੇਵਸੀਆਂ ਤੇ ਲਾਚਾਰੀਆਂ ਕਾਰਨ ਇਸ ਰਾਹ 'ਚ ਰੁਕਾਵਟ ਬਣ ਸਕਦਾ ਹੈ:

ਤਰਨਾਪੋ ਇਉ ਹੀ ਗਇਓ ਲੀਓ ਜਰਾ ਤਨੁ ਜੀਤਿ॥
ਕਹੁ ਨਾਨਕ ਭਜੁ ਹਰਿ ਮਨਾ ਅਉਧ ਜਾਤੁ ਹੈ ਬੀਤਿ॥
ਬਿਰਧਿ ਭਇਓ ਸੂਝੈ ਨਹੀ ਕਾਲੁ ਪਹੂਚਿਓ ਆਨਿ॥
ਕਹੁ ਨਾਨਕ ਨਰ ਬਾਵਰੇ ਕਿਉ ਨ ਭਜੈ ਭਗਵਾਨੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੬)

ਗੁਰੂ ਜੀ ਦੀ ਬਾਣੀ ਸਮੂਹ ਮਨੁੱਖਤਾ ਲਈ ਬਹੁਤ ਕਲਿਆਣਕਾਰੀ ਹੈ ਕਿਉਂਕਿ ਇਹ ਸਾਨੂੰ ਮੋਹ ਤੇ ਲਾਲਸਾਵਾਂ ਤੋਂ ਬਹੁਤ ਜ਼ੋਰਦਾਰ ਰੂਪ 'ਚ ਪ੍ਰੇਰਿਤ ਕਰਦੀ ਹੈ। ਸਾਨੂੰ ਅੱਜ ਇਸ ਵੈਰਾਗਮਈ ਬਾਣੀ ਦੀ ਮੂਲ ਪ੍ਰੇਰਨਾ ਨੂੰ ਖਾਸ ਤੌਰ 'ਤੇ ਸਮਝਣਾ ਤੇ ਅਪਣਾਉਣਾ ਹੋਵੇਗਾ ਤਾਂ ਜੋ ਅਸੀਂ ਵਰਤਮਾਨ ਮਾਇਆਵਾਦੀ ਯੁੱਗ 'ਚ ਮਾਇਆ ਦੀ ਦੌੜ ਤੋਂ ਬਚ ਕੇ ਸਾਰਥਕ ਜੀਵਨ ਗੁਜ਼ਾਰਨ ਦਾ ਉੱਦਮ ਕਰ ਸਕੀਏ।

ਕਿਹੋ ਜਿਹਾ ਹੋਵੇ ਖਾਲਸਈ ਅਮਲ ਦਾ ਜੀਵਨ-ਨਿਜ਼ਾਮ

*-ਪ੍ਰੋ. ਹਰਿੰਦਰ ਸਿੰਘ ਮਹਿਬੂਬ**

ਸ੍ਰੀ ਗੁਰੂ ਗ੍ਰੰਥ ਸਾਹਿਬ ਖਾਲਸਾ-ਪੰਥ ਦਾ ਗੁਰੂ ਹੈ, ਪਰ ਸ਼ਬਦ ਰੂਪ ਵਿਚ। ਸੋ ਉਸ ਦਾ ਸਤਿਕਾਰ ਸ਼ਬਦ-ਗੁਰੂ ਦੀਆਂ ਕੁਦਰਤੀ ਸ਼ਰਤਾਂ ਮੁਤਾਬਕ ਹੀ ਹੋਣਾ ਚਾਹੀਦਾ ਹੈ। ਰੁਮਾਲੇ, ਪੀਹੜੀ, ਸਰਹਾਣੇ ਅਤੇ ਚੋਰ ਵਗੈਰਾ ਉਸ ਦੇ ਸਤਿਕਾਰ ਦਾ ਯੋਗ ਸਾਮਾਨ ਹਨ ਅਤੇ ਉਸ ਅੱਗੇ ਸਤਿਕਾਰ ਨਾਲ ਖਲੋ ਕੇ ਮੱਥਾ ਟੇਕਣਾ ਖਾਲਸਾ-ਅਰਦਾਸ ਦੀ ਇਕ ਸ਼ਕਲ ਹੈ। ਐਨਾ ਕੁ ਸਤਿਕਾਰ ਉਸ ਦੇ ਸ਼ਬਦ ਰੂਪ ਦੇ ਦੈਵੀ ਰਹੱਸ ਦੇ ਅਨਕੂਲ ਹੈ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਲਈ ਮਨੁੱਖੀ ਸਰੀਰ ਵਾਲੇ ਸਾਮਾਨ ਮੁਹੱਈਆ ਕਰਨੇ, ਉਸ ਦੀ ਮਹਾਨ ਆਤਮਾ ਦਾ ਅਪਮਾਨ ਕਰਨਾ ਹੈ। ਅਜਿਹੀ ਬੁੱਤਪ੍ਰਸਤੀ ਜਾਂ ਪੈਰੋਡੀ ਕਰਦਿਆਂ ਖਾਲਸਾ-ਪੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਧਿਆਨ ਅਤੇ ਮਿਲਣੀ ਦੀ ਮੂਕ ਅਰਦਾਸ ਨੂੰ ਰੋਗੀ ਕਰਮ-ਕਾਂਡ ਵਿਚ ਬਦਲ ਰਿਹਾ ਹੋਵੇਗਾ, ਜਿਸ ਦੀ ਨੀਂਹ ਕਮਜ਼ੋਰ ਇੰਦ੍ਰਿਆਵੀ ਅਨੁਭਵ ਹੈ।

ਖਾਲਸਾ ਪੰਥ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕਿਸੇ ਤੁਕ ਨੂੰ ਆਪਣੇ ਅਮਲ ਦੀ ਮਿਸਾਲ ਬਣਾਉਣ ਲਈ ਉਸ ਦੀ ਸਮੁੱਚੀ ਆਤਮਾ ਨੂੰ ਧਿਆਨ ਵਿਚ ਰੱਖੇਗਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਦੈਵੀ ਅੰਤਰ-ਦ੍ਰਿਸ਼ਟੀ ਵਿਚ ਬਾਹਰੋਂ ਆਪਾ-ਵਿਰੋਧੀ ਲੱਗਦੇ ਨੈਤਿਕ ਤੇ ਸਦਾਚਾਰਕ ਦ੍ਰਿਸ਼ਟਾਂਤਾਂ ਦਾ ਅੰਤਰ ਸੁਰਤਾਲ ਲੱਭ ਕੇ ਉਹ ਆਪਣੀ ਸੇਧ ਲਈ ਜ਼ਰੂਰੀ ਫ਼ੈਸਲੇ ਲਵੇਗਾ। ਉਹ ਕਿਸੇ ਤੁਕ ਨੂੰ ਸਦਾਚਾਰ ਦੀ ਵਿਧਾਨ ਰੂਪੀ ਇਕੱਲਤਾ ਵਿਚ ਨਹੀਂ ਅਰਥਾਵੇਗਾ। ਸ਼ਬਦ-ਅਸਗਾਹ ਦੀ ਗੁਰੂ ਰੂਪੀ ਸੁਹਿਰਦਤਾ ਅਨੁਭਵ ਕਰਨ ਪਿੱਛੋਂ ਖਾਲਸਾ-ਅਮਲ ਗੁਰਬਾਣੀ ਕਿਸੇ ਦੀ ਤੁਕ ਵਿੱਚੋਂ ਵਿਸ਼ਾਲ ਪ੍ਰਤੀਤੀ ਲੈ ਕੇ ਤੁਰਦਾ ਹੈ, ਪਰ ਗੁਰਬਾਣੀ ਦੀ ਕਿਸੇ ਤੁਕ ਦੀ ਸਦਾਚਾਰਕ ਰਮਜ਼ ਨੂੰ ਸੁੰਗੜੀ ਵਿਧਾਨਕ ਸੇਧ ਬਣਾ ਕੇ ਵਰਤਣਾ ਉਸ ਦਾ ਆਦਰਸ਼ ਨਹੀਂ। ਖਾਲਸਾ ਜੀ ਆਪਣੇ ਗੁਰੂ-ਰੂਪ ਨੂੰ ਹਮੇਸ਼ਾ ਹੀ ਆਪਣੇ ਸਮੂਹਿਕ ਧਿਆਨ ਵਿਚ ਸਥਾਪਿਤ ਰੱਖਣਗੇ। ਗੁਰੂ ਸਾਹਿਬ ਦਾ ਗੁਰੂ-ਰੂਪ ਅਤੇ ਖਾਲਸਾ ਜੀ ਦਾ ਗੁਰੂ-ਰੂਪ ਆਪੇ ਵਿਰੋਧੀ ਸੰਕਲਪ ਨਹੀਂ ਸਮਝਣੇ ਚਾਹੀਦੇ। ਦਸਮ ਪਾਤਸ਼ਾਹ ਨੇ ਜਦੋਂ ਚਮਕੌਰ ਦੀ ਗੜ੍ਹੀ ਵਿਚ ਖਾਲਸੇ ਨੂੰ ਗੁਰਿਆਈ ਬਖ਼ਸ਼ੀ ਸੀ, ਉਨ੍ਹਾਂ ਨੇ ਖਾਲਸੇ ਦੇ ਇਸ ਸਦੀਵੀ ਸੰਗਤ ਦੇ ਨਿਰਾਕਾਰੀ ਰੂਪ ਦਾ ਸੱਚ ਹੀ ਦ੍ਰਿੜ੍ਹ ਕਰਵਾਇਆ ਸੀ।

ਖਾਲਸਾ ਗੁਰੂ-ਲਿਵ ਉਤੇ ਪਹੁੰਚ ਕੇ ਗੁਰੂ ਹੈ। ਦਸਮ ਪਾਤਸਾਹ ਪਿੱਛੋਂ ਗੁਰੂ-ਲਿਵ

---

* *ਗੁਰਪੁਰਵਾਸੀ*

ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਇਕ ਹਨ। ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਚਮਕੌਰ ਦੀ ਗੜ੍ਹੀ ਵਿਚ ਸਰੀਰਕ ਰੂਪ ਵਿਚ ਹਾਜ਼ਰ ਸਨ, ਉਦੋਂ ਉਨ੍ਹਾਂ ਖਾਲਸਾ ਜੀ ਨੂੰ ਗੁਰੂ-ਲਿਵ ਉਤੇ ਪਹੁੰਚੇ ਹੋਣ ਦਾ ਫੈਸਲਾ ਦਿੰਦਿਆਂ ਉਸ ਨੂੰ ਗੁਰੂ ਪ੍ਰਵਾਨ ਕਰ ਲਿਆ ਸੀ। ਉਸ ਵੇਲੇ ਖਾਲਸਾ ਸਰੀਰਕ ਰੂਪ ਵਿਚ ਨਿਰਾਕਾਰ ਸਦੀਵੀ ਸੰਗਤ ਦਾ ਪ੍ਰਤੀਨਿਧ ਸੀ। ਗੁਰੂ ਜੀ ਦੇ ਜੋਤੀ ਜੋਤ ਸਮਾਉਣ ਪਿੱਛੋਂ ਖਾਲਸਾ ਜੀ ਦਾ ਗੁਰੂ-ਰੂਪ ਨਿਰਾਕਾਰ ਸਦੀਵੀ ਸੰਗਤ ਦੇ ਨੇੜੇ ਚਿਤਵਣ ਲਈ ਸਾਡੇ ਕੋਲ ਕੋਈ ਦ੍ਰਿਸ਼ਟੀਮਾਨ ਮਿਆਰ ਨਹੀਂ ਹਨ। ਹੁਣ ਤਾਂ ਸਿਰਫ਼ ਕਿਸੇ ਮਹਾਨ ਸ਼ਹਾਦਤ ਦੇ ਇਲਾਹੀ ਜ਼ੋਰ ਰਾਹੀਂ ਹੀ ਖਾਲਸਾ ਜੀ ਨੂੰ ਕਿਸੇ ਖਾਸ ਸਮੇਂ ਦੀ ਦੇਹਧਾਰੀ ਖਾਲਸਾ-ਸੰਗਤ ਨੂੰ ਗੁਰੂ ਕਹਿਣ ਦਾ ਹੱਕ ਮਿਲ ਸਕਦਾ ਹੈ। ਮਹਾਨ ਸ਼ਹਾਦਤ ਦੇ ਅਰਥਾਂ ਦੀ ਵਿਸ਼ਾਲਤਾ ਅਤੇ ਉਸ ਦੇ ਸੁਹਜ ਦੀ ਬਹੁਪਾਸਾਰੀ ਸ਼ਿੱਦਤ ਹੀ ਉਸ ਦਾ ਦੈਵੀ ਚਰਿੱਤਰ ਸਥਾਪਿਤ ਕਰਦੀਆਂ ਹਨ।

ਹਰ ਸਮੇਂ ਵਿਚ ਖਾਲਸਾ ਜੀ ਨੂੰ ਆਪਣੇ ਇਤਿਹਾਸਿਕ ਗੁਰਮਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਕਰਨੇ ਚਾਹੀਦੇ ਹਨ, ਕਿਉਂਕਿ ਇਹ ਉਸ ਹਾਲਾਤ ਵਿਚ ਆਪਣੇ ਗੁਰੂ ਰੂਪ ਦੇ ਸਭ ਤੋਂ ਨੇੜੇ ਹੁੰਦਾ ਹੈ। ਜੇ ਖਾਲਸਾ ਜੀ ਦੀ ਮੂਕ ਅਰਦਾਸ ਉਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਹਾਨ ਲਿਵ ਵਿਚ ਅਭੇਦ ਕਰ ਦੇਵੇ ਤਾਂ ਗੁਰੂ ਅਤੇ ਉਸ ਵਿਚਕਾਰ ਕੋਈ ਭਿੰਨ-ਭੇਦ ਨਹੀਂ ਰਹਿੰਦਾ। ਜੇ ਖਾਲਸਾ ਆਪਣੀ ਗੁਰ-ਲਿਵ ਦੇ ਛਿਣਾਂ ਦੇ ਅਮਰ ਵਿਸਮਾਦ ਵਿਚ ਜੀਣ ਵਾਲੀ ਮਹਾਂ-ਸੰਗਤ ਅਨੁਸਾਰ ਆਪਣੇ ਸਮੂਹਿਕ ਅਮਲ ਨੂੰ ਸੋਧ ਦੇਵੇ ਤਾਂ ਉਹ ਆਪਣੀ ਦੈਵੀ ਰੰਗ ਵਾਲੀ ਚੜ੍ਹਤਲ ਵਿਚ ਦੁਨੀਆ ਦੇ ਰਾਜਸੀ, ਸਭਿਆਚਾਰਕ, ਕਲਾਮਈ ਅਤੇ ਆਤਮਕ ਖੇਤਰਾਂ ਵਿਚ ਮਹਾਨ ਜਿੱਤਾਂ ਪ੍ਰਾਪਤ ਕਰ ਸਕਦਾ ਹੈ।

ਜੰਗ ਅਤੇ ਸ਼ਹਾਦਤ ਖਾਲਸਾ ਜੀ ਦੀ ਰੂਹਾਨੀ ਬਣਤਰ ਦਾ ਅਨਿੱਖੜ ਅੰਗ ਹਨ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਜੰਗਾਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਧਿਆਤਮਿਕ ਰਮਜ਼ ਤੋਂ ਬਾਹਰ ਨਹੀਂ ਹਨ। ਇਨ੍ਹਾਂ ਅੰਦਰ ਕਿਸੇ ਉੱਚੇ ਕਾਵਿ-ਆਵੇਸ਼ ਵਰਗਾ ਕੁਦਰਤੀਪਨ ਅਤੇ ਸਹਿਜ ਹੈ। ਜੰਗ ਅਤੇ ਅਮਨ ਦੋਵੇਂ ਹੀ ਗੁਰੂ ਸਾਹਿਬਾਨ ਦੇ ਮਹਾਨ ਆਦਰਸ਼ ਦੇ ਅਧੀਨ ਹਨ, ਵਕਤ ਦੇ ਚਿਤਰਪਟ ਉਤੇ ਸਮੁੰਦਰ ਦੀਆਂ ਲਹਿਰਾਂ ਵਾਂਗ ਫੈਲਦੇ ਹਨ। ਕਿਤੇ ਵੀ ਸ੍ਵੈ-ਵਿਰੋਧ ਨਹੀਂ।

ਖਾਲਸੇ ਨੇ ਜੰਗ ਅਤੇ ਅਮਨ ਨੂੰ ਇਖ਼ਲਾਕ ਦੇ ਵੱਡੇ ਨਕਸ਼ੇ ਵਿਚ ਅਭੇਦ ਕੀਤਾ ਹੋਇਆ ਹੈ। ਉਸ ਦੀ ਗੁਰੂ-ਲਿਵ (ਉੱਚੀ ਸੁਰਤਿ ਤੇ ਪ੍ਰਤਿਭਾ) ਜ਼ਿੰਦਗੀ ਵਿਚ ਆਪਣੀ ਆਦਰਸ਼ਕ ਖ਼ੂਬਸੂਰਤੀ ਦੇ ਇਖ਼ਲਾਕੀ ਨਕਸ਼ ਉਤਾਰ ਰਹੀ-ਭਾਵੇਂ ਅਮਨ ਵਿਚ ਉਤਾਰ ਲਵੇ, ਭਾਵੇਂ ਜੰਗ ਰਾਹੀਂ ਉਤਾਰ ਲਵੇ। ਉਸ ਦੀ ਗੁਰੂ-ਲਿਵ ਦੀ ਇਖ਼ਲਾਕੀ ਰਮਜ਼ ਨੇ ਵਕਤ ਦੀਆਂ ਮੰਗਾਂ ਅਨੁਸਾਰ ਇਹ ਫ਼ੈਸਲਾ ਦੇਣਾ ਹੈ ਕਿ ਉਸ ਦੇ ਅਮਲ ਦਾ ਸਹੀ ਸੁਰਤਾਲ ਕਿਹੜਾ ਹੈ? ਅਰਨਾਲਡ ਟਾਇਨਬੀ ਦਾ ਇਹ ਖ਼ਿਆਲ ਕਿ ਖਾਲਸੇ ਦਾ ਖੁਲ੍ਹਮ ਖੁੱਲ੍ਹਾ ਸੈਨਾਵਾਦ ਜਾਂ ਜੰਗੀ ਰੂਪ ਵਿਚ ਆਉਣਾ ਉਸ

ਦੀ ਰੂਹਾਨੀ ਤਰੱਕੀ ਅਤੇ ਸੰਪੂਰਨਤਾ ਲਈ ਰੁਕਾਵਟ ਅਤੇ ਫੇਰ ਤਬਾਹੀ ਬਣਿਆ, ਖਾਲਸੇ ਦੀ ਰੂਹਾਨੀ ਬਣਤਰ ਜਾਂ ਉਸ ਦੇ ਇਖ਼ਲਾਕ ਦੀਆਂ ਰੂਹਾਨੀ ਲੋੜਾਂ ਪ੍ਰਤੀ ਅਣਜਾਣਤਾ ਵਿਖਾਉਣੀ ਹੈ।

ਮਹਾਨ ਅਖਵਾਉਂਦਾ ਇਤਿਹਾਸਕਾਰ ਇਸ ਰਾਜ਼ ਤੋਂ ਨਾਵਾਕਿਫ਼ ਹੈ ਕਿ ਭਾਵੇਂ ਖੁੱਲ੍ਹਮ-ਖੁੱਲ੍ਹੇ ਤਾਂ ਸੈਨਾਵਾਦ ਦਾ ਰੂਪ ਦੁਨਿਆਵੀ ਹੀ ਹੁੰਦਾ ਹੈ, ਪਰ ਖਾਲਸੇ ਦਾ ਅਮਲ ਆਪਣੀ ਸਮੂਹਿਕ ਇਤਿਹਾਸਿਕ ਗਤੀ ਅਤੇ ਸਰਵਪੱਖੀ ਗੁਰੂ-ਲਿਵ ਦੀ ਰਮਜ਼ ਵਿੱਚੋਂ ਹੀ ਜੰਗ ਦੀ ਸ਼ਕਲ ਪਕੜਦਾ ਹੈ! ਗੁਰੂ ਸਾਹਿਬਾਂ ਅਤੇ ਉਨ੍ਹਾਂ ਤੋਂ ਬਾਅਦ ਦੀਆਂ ਜੰਗਾਂ ਮੁਗ਼ਲ ਹਕੂਮਤ ਵੱਲ ਹਿੰਦੂਆਂ ਦੇ ਸੈਨਿਕ ਪ੍ਰਤੀਕਰਮ ਦਾ ਨਤੀਜਾ ਨਹੀਂ ਆਖੀਆਂ ਜਾ ਸਕਦੀਆਂ, ਬਲਕਿ ਇਹ ਤਾਂ ਅਧਿਆਤਮਿਕ ਚੜ੍ਹਤਲ ਵਿਚ ਉਤਪੰਨ ਹੋਈਆਂ ਸਨ। ਸਿੱਖ-ਜੰਗਾਂ ਦੁਨਿਆਵੀ ਤ੍ਰਿਸ਼ਨਾ ਦਾ ਨਤੀਜਾ ਨਹੀਂ ਸਨ, ਬਲਕਿ ਇਨ੍ਹਾਂ ਬਿਨਾਂ ਤਾਂ ਉਸ ਦੀ ਸਦੀਵੀ ਸੰਗਤ, ਜਿਸ ਦੇ ਸੰਕਲਪ ਨੂੰ ਛੱਡ ਕੇ ਉਸ ਦੇ ਇਤਿਹਾਸ ਵਿਚ ਹਰਕਤ ਹੀ ਪੈਦਾ ਨਹੀਂ ਹੋ ਸਕਦੀ, ਦਾ ਆਤਮਿਕ ਵਿਕਾਸ ਹੀ ਨਾਮੁਕੰਮਲ ਰਹੇਗਾ! ਜੰਗ ਖਾਲਸਾ ਆਪੇ ਦੇ ਜਿਰਜਨਾਤਮਕ ਪਹਿਲੂ ਨਾਲ ਤਅੱਲੁਕ ਰੱਖਦੀ ਹੈ। ਖਾਲਸੇ ਦਾ ਪਾਸਾਰ ਬਹੁਤ ਵੱਡਾ ਹੈ। ਅਮਨ ਤੋਂ ਜੰਗ ਤਕ ਰੂਹਾਨੀ ਜਲਾਲ ਦੇ ਅਨੇਕਾਂ ਦ੍ਰਿਸ਼ ਨਿਰਵਿਘਨ ਚੱਲ ਰਹੇ ਹਨ। ਖਾਲਸਾ ਜੀ ਦੀ ਅਧਿਆਤਮਿਕ ਬਿਰਤੀ ਸੂਰਜ ਦੇ ਬਦਲਦੇ ਪਰਛਾਵਿਆਂ ਵਰਗੀ ਚੁੱਪ ਵਿਚ ਜੰਗ ਅਤੇ ਅਮਨ ਇਕ ਦੂਜੇ ਅੰਦਰ ਲਗਾਤਾਰ ਤਬਦੀਲ ਹੋ ਰਹੇ ਹਨ। ਖਾਲਸਾ ਜੀ ਦੀ ਅਧਿਆਤਮਿਕ ਬਣਤਰ ਕੁਝ ਇਸ ਤਰ੍ਹਾਂ ਹੈ ਕਿ ਜੰਗ ਬਿਨਾਂ ਉਹ ਜ਼ਿੰਦਗੀ ਦਾ ਮੁਕੰਮਲ ਅਨੁਭਵ ਹੀ ਨਹੀਂ ਕਰ ਸਕਦਾ। ਜੇ ਜੰਗ ਨੂੰ ਖਾਲਸਾ ਅਨੁਭਵ ਵਿੱਚੋਂ ਕੱਢ ਦੇਈਏ ਤਾਂ ਉਸ ਦੀ ਇਖ਼ਲਾਕੀ ਪਾਕੀਜ਼ਗੀ ਦੀ ਤੀਬਰਤਾ ਇਕ ਦਮ ਘੁੱਟ ਜਾਵੇਗੀ, ਉਹ ਆਪਣੇ ਆਤਮਿਕ ਸੋਮਿਆ ਨਾਲੋਂ ਟੁੱਟ ਜਾਵੇਗਾ ਅਤੇ ਉਸ ਦੇ ਕਲਾਮਈ ਚਾਅ ਨੂੰ ਲੋੜੀਂਦਾ ਸੁਹਜ ਨਹੀਂ ਮਿਲ ਸਕੇਗਾ। ਇੱਥੋਂ ਤਕ ਕਿ ਉਸ ਦੀ ਅਹਿੰਸਾ ਦੀ ਪ੍ਰਤੀਤੀ ਵੀ ਕਮਜ਼ੋਰ ਪੈ ਜਾਵੇਗੀ। ਉਸ ਦੇ ਰਹਿਮ ਅਤੇ ਮੁਹੱਬਤ ਦੇ ਜਜ਼ਬਿਆਂ ਦਾ ਸੁਹਜ ਵੀ ਆਪਣੀ ਚਮਕ ਗੁਆ ਬੈਠੇਗਾ। ਸੋ ਉਸ ਦੇ ਰੂਹਾਨੀ ਤੌਰ 'ਤੇ ਜੀਉਂਦੇ ਰਹਿਣ ਲਈ ਜੰਗ ਦਾ ਅਨੁਭਵ ਬਹੁਤ ਜ਼ਰੂਰੀ ਹੈ।

ਖਾਲਸੇ ਦੇ ਰੂਹਾਨੀ ਕੀਮਤਾਂ ਨੂੰ ਪਹਿਲ ਦੇਣ ਦੇ ਅਮਲ ਦੀ ਸਿਖ਼ਰ ਸ਼ਹਾਦਤ ਉਤੇ ਪਹੁੰਚ ਕੇ ਹੁੰਦੀ ਹੈ। ਸ਼ਹਾਦਤ ਜ਼ਿੰਦਗੀ ਦੇ ਕੁੱਲ ਡਰਾਂ, ਲਾਲਚਾਂ, ਸਰੀਰ ਦੀਆਂ ਅਸ਼ਲੀਲ ਭਾਵਨਾਵਾਂ, ਵੀਭਤਸ ਦੁਨਿਆਵੀ ਉਲਾਰਾਂ ਦੇ ਕਤੱਈ (ਮੁਕੰਮਲ) ਤਿਆਗ ਦਾ ਨਾਂ ਹੈ। ਖਾਲਸਾ-ਚੇਤਨਾ ਦੀ ਸ਼ਹਾਦਤ ਦੇ ਅਮਲ ਦੌਰਾਨ ਹੀ ਵੱਧ ਤੋਂ ਵੱਧ ਰੋਸ਼ਨ ਅਤੇ ਵੱਧ ਤੋਂ ਵੱਧ ਖਾਲਸ ਰਹਿੰਦੀ ਹੈ। ਜਿੰਨਾ ਇਹ ਜੰਗ ਦਾ ਹਿੱਸਾ ਹੈ, ਓਨਾ ਹੀ ਅਮਨ ਦਾ ਹਿੱਸਾ ਹੈ। ਤੇਗ਼ਾਂ ਦੇ ਗਜ਼ਬ ਵਿਚ ਅਤੇ ਅਹਿੰਸਾ ਦੀ ਸ਼ਾਂਤ ਚੁੱਪ ਵਿਚ ਖਾਲਸਾ ਸ਼ਹਾਦਤ, ਗੁਰਬਾਣੀ ਦੀ ਸਦਾ ਜਾਗਦੀ ਗੁਰ-ਲਿਵ ਵਿੱਚੋਂ ਜਨਮ ਲੈਂਦੀ ਹੈ। ਇਸ ਦੇ ਦੋਵੇਂ ਰੂਪ, ਰੂਹ, ਅਕਲ ਅਤੇ ਇਖ਼ਲਾਕ ਨੂੰ ਇੱਕੋ ਤਰ੍ਹਾਂ ਦੀ ਰੂਹਾਨੀ ਖੁਰਾਕ ਦਿੰਦੇ ਹਨ। ਖਾਲਸਾ-

ਸ਼ਹਾਦਤ ਦੇ ਜੰਗ ਰੂਪ ਅਤੇ ਸ਼ਾਂਤੀ ਰੂਪ ਵਿਚ ਇਕ ਸੁਰਤਾਲਮਈ ਨਿਰੰਤਰਤਾ ਹੈ, ਜਿਹੜੀ ਕਿ ਸਿੱਖ ਧਰਮ ਦੀ ਅੰਤਰੀਵ ਇਕਾਗਰਤਾ ਬਿਨਾਂ ਉਤਪੰਨ ਨਹੀਂ ਸੀ ਹੋ ਸਕਦੀ। ਅਰਨਾਲਡ ਟਾਇਨਬੀ ਦਾ ਇਹ ਖਿਆਲ ਬੇਬੁਨਿਆਦ ਹੈ ਕਿ ਮੁਗ਼ਲ ਹਕੂਮਤ ਨਾਲ ਗੁਰੂ-ਜੰਗਾਂ ਪਿੱਛੇ ਕੋਈ ਦੁਨਿਆਵੀ ਬਿਰਤੀ ਕੰਮ ਕਰ ਰਹੀ ਸੀ। ਉਹ ਇਹ ਨਹੀਂ ਜਾਣਦੇ ਕਿ ਜੰਗ ਅਤੇ ਅਮਨ ਦੇ ਸੁਮਿਲਵੇਂ ਹੁਸਨ ਵਿਚ ਹੀ ਤਾਂ ਖਾਲਸਾ ਅਮਲ ਦੀ ਰੂਹਾਨੀ ਤਸਵੀਰ ਬਣਦੀ ਹੈ! ਸਿੱਖ-ਆਦਰਸ਼ ਇਤਿਹਾਸ ਬਣਾਉਂਦਾ ਹੈ, ਇਤਿਹਾਸਿਕ ਆਦਰਸ਼ ਅਤੇ ਜੰਗ ਦੇ ਆਪਸੀ ਤਾਲਮੇਲ ਦਾ ਚੰਗਾ ਅਨੁਭਵ ਨਾ ਹੋਣ ਕਾਰਨ ਹੀ ਅਰਨਾਲਡ ਟਾਇਨਬੀ ਖਾਲਸਾ ਜੀ ਅਤੇ ਉਸ ਦੇ ਆਦਰਸ਼ ਨੂੰ ਲੈਨਿਨ ਦੀ ਕਮਿਊਨਿਸਟ ਪਾਰਟੀ ਦੇ ਪੂਰਬ (ਭੂਤ-ਪੂਰਵ) ਦੇ ਤੌਰ 'ਤੇ ਵੇਖਦੇ ਹਨ।

ਸੋ ਖਾਲਸਾ ਜੀ ਨੇ ਰੂਹਾਨੀ ਕੀਮਤਾਂ ਨੂੰ ਪਹਿਲ ਦੇ ਕੇ ਆਦਰਸ਼ ਨੂੰ ਪਾਲਣਾ ਹੈ ਅਤੇ ਜੇ ਲੋੜ ਪਵੇ ਤਾਂ ਆਪਣੀ ਆਤਮਿਕ ਆਭਾ ਦਾ ਸ਼ਹਾਦਤ ਰਾਹੀਂ ਸਬੂਤ ਦੇਣਾ ਹੈ।

ਸ਼ਾਦੀ ਤੋਂ ਪਹਿਲਾਂ ਬਾਲਗ ਹੋਣ ਤਕ ਖਾਲਸੇ ਦੇ ਬੱਚੇ ਅਤੇ ਬੱਚੀਆਂ ਨੂੰ ਅੰਮ੍ਰਿਤ ਛਕ ਲੈਣਾ ਚਾਹੀਦਾ ਹੈ। ਅੰਮ੍ਰਿਤ ਛਕਣ ਪਿੱਛੋਂ ਪੰਜ ਕੱਕੇ ਜ਼ਰੂਰੀ ਤੌਰ 'ਤੇ ਧਾਰਨ ਕੀਤੇ ਜਾਂਦੇ ਹਨ। ਕੇਸ, ਜਿਨ੍ਹਾਂ ਵਿਚ ਕਿ ਸਰੀਰ ਦਾ ਹਰ ਰੋਮ ਸ਼ਾਮਲ ਹੈ, ਖਾਲਸੇ ਦੇ ਬੱਚੇ ਅਤੇ ਬੱਚੀਆਂ ਦੇ ਜੰਮਣ ਤੋਂ ਲੈ ਕੇ ਉਮਰ ਦੇ ਆਖਰੀ ਸਵਾਸਾਂ ਤਕ ਰਹਿਣੇ ਲਾਜ਼ਮੀ ਹਨ। ਇਨ੍ਹਾਂ ਦੀ ਕਿਸੇ ਵੀ ਹਾਲਤ ਵਿਚ ਬੇਅਦਬੀ ਕਰਨੀ ਭਾਰੀ ਗੁਨਾਹ ਹੈ। ਸਿੱਖ ਖਿਡਾਰੀਆਂ, ਜਿਵੇਂ ਕਿ ਭਲਵਾਨਾਂ ਆਦਿ ਨੇ ਵੀ ਕੇਸਾਂ ਅਤੇ ਸਰੀਰ ਦੇ ਰੋਮਾਂ ਨੂੰ ਨਹੀਂ ਕੱਟਣਾ ਚਾਹੀਦਾ। ਬੱਚਿਆਂ ਨੂੰ ਕੇਸ ਕੱਟਣ ਦੀ ਛੋਟ ਦੇਣੀ ਜਾਂ ਪ੍ਰੇਰਨਾ ਦੇਣੀ, ਖ਼ੁਦ ਕੇਸ ਕੱਟਣ ਦੇ ਬਰਾਬਰ ਹੈ। ਅੰਮ੍ਰਿਤ ਛਕਣ ਤੋਂ ਪਹਿਲਾਂ ਜੇ ਕੰਘਾ ਅਤੇ ਕੜਾ ਲੋੜ ਅਨੁਸਾਰ ਧਾਰਨ ਕਰ ਲਏ ਜਾਣ ਤਾਂ ਘੱਟੋ ਘੱਟ ਇਹ ਇਕ ਪਵਿੱਤਰ ਆਦਤ ਮੰਨੀ ਜਾਵੇਗੀ। ਅੰਮ੍ਰਿਤ ਛਕਣ ਪਿੱਛੋਂ ਗਾਤਰੇ ਵਾਲੀ ਕਿਰਪਾਨ ਅਤੇ ਕਛਹਿਰੇ ਨੂੰ ਕੰਘੇ, ਕੇਸ ਅਤੇ ਕੜੇ ਸਮੇਤ ਧਾਰਨ ਕਰ ਲਿਆ ਜਾਵੇ।

ਪੰਜ ਪਵਿੱਤਰ ਕੱਕਿਆਂ ਨੂੰ ਖਾਲਸਾ ਇਕ ਕੁਦਰਤੀ ਸਹਿਜ ਵਿਚ ਪਹਿਨੇਗਾ। ਉਹ ਉਸ ਦੇ ਸਰੀਰ ਲਈ ਇਕ ਬੋਝਲ ਰਸਮ ਬਣ ਕੇ ਨਹੀਂ ਰਹਿਣਗੇ, ਬਲਕਿ ਸਰੀਰ ਨਾਲ ਜ਼ਿਆਦਾ ਉਸ ਦੀ ਰੂਹ ਅਤੇ ਅੰਤਰੀਵ ਸੁਹਜ ਵਿਚ ਟਿਕਣਗੇ। ਅੰਮ੍ਰਿਤ ਅਤੇ ਉਸ ਦੇ ਪੰਜ ਨਿਸ਼ਾਨਾਂ ਦੀ ਖਾਲਸਾ ਸੰਸਾਰੀ ਲਾਭ-ਹਾਨ ਦੀ ਬਿਰਤੀ ਅਤੇ ਬੌਧਿਕ ਵਿਸ਼ਲੇਸ਼ਣ ਅਨੁਸਾਰ ਨਹੀਂ ਪਹਿਨੇਗਾ, ਬਲਕਿ ਸਿੱਖ ਪੰਥ ਦੇ ਸਮੁੱਚੇ ਅਨੁਭਵ ਵਿਚ ਰੱਖ ਕੇ ਇਨ੍ਹਾਂ ਦੀ ਪਾਲਣਾ ਕਰੇਗਾ।

ਖਾਲਸਾ, ਅੰਮ੍ਰਿਤ ਦੀ ਦਾਰਸ਼ਨਿਕ ਵਿਆਖਿਆ ਵਿਚ ਨਹੀਂ ਉਲਝੇਗਾ ਅਤੇ ਨਾ ਇਸ ਦੇ ਕੱਕਿਆਂ ਦੀ ਪ੍ਰਮਾਣਿਕਤਾ ਦਰਸਾਉਣ ਲਈ ਇਤਿਹਾਸਿਕ, ਮਿਥਿਹਾਸਿਕ, ਵਿਗਿਆਨਕ ਜਾਂ ਕੋਈ ਹੋਰ ਦੁਨਿਆਵੀ ਕਾਰਨ ਲੱਭੇਗਾ ਕਿਉਂਕਿ ਇਸ ਕਿਸਮ ਦੀਆਂ

ਦਲੀਲਾਂ, ਅੰਮ੍ਰਿਤ ਦੇ ਅਨੁਭਵੀ ਸੱਚ ਉੱਤੇ ਪੂਰੀਆਂ ਨਹੀਂ ਉਤਰਦੀਆਂ। ਅੰਮ੍ਰਿਤ ਉੱਤੇ ਉਸ ਦੇ ਪਵਿੱਤਰ ਪੰਜ ਨਿਸ਼ਾਨ, ਖਾਲਸੇ ਦੇ ਦੈਵੀ ਸੁਹਜ ਦਾ ਅਨਿੱਖੜ ਹਿੱਸਾ ਹਨ। ਇਨ੍ਹਾਂ ਦੇ ਪਿਛੋਕੜ ਵਿਚ ੧੬੯੯ ਈ. ਦੀ ਵੈਸਾਖੀ ਤਕ ਗੁਰੂ-ਇਤਿਹਾਸ ਦਾ ਅਨੁਭਵ ਹੈ। ਇਹ ਗੁਰੂ ਨਾਨਕ ਅਮਲ ਦੇ ਦਸਮ-ਪਾਤਸ਼ਾਹ ਦੀ ਮੁਹੱਬਤ ਭਰੀ ਹਜ਼ੂਰੀ ਵਿਚ ਹੋਏ ਆਖਰੀ ਚਮਤਕਾਰੀ ਫੈਸਲੇ ਦੀ ਯਾਦਗਾਰ ਹਨ। ਇਨ੍ਹਾਂ ਦਾ ਸੰਬੰਧ ਗੁਰੂ-ਲਿਵ ਨਾਲ ਹੈ। ਇਸ ਕਾਰਨ ਇਹ ਅਨੁਭਵੀ ਸੱਚ ਨਾਲ ਜੁੜੇ ਹੋਏ ਹਨ। ਸੋ ਸਮੂਹਿਕ ਖਾਲਸਾ ਚੇਤਨਾ ਦੇ ਦੈਵੀ ਸੋਮਿਆਂ ਵਿੱਚੋਂ ਇਨ੍ਹਾਂ ਦੇ 'ਹੋਣ' ਦੀ ਦਲੀਲ ਨੂੰ ਢੂੰਡਿਆ ਜਾ ਸਕਦਾ ਹੈ, ਉਸ ਅਨੁਸਾਰ ਹੀ ਇਹ ਸੁਤੰਤਰ ਅਤੇ ਸੰਪੂਰਨ ਹਨ। ਇਨ੍ਹਾਂ ਦੇ ਸੱਚ ਦੀ ਪ੍ਰਮਾਣਿਕਤਾ ਨੂੰ ਇਤਿਹਾਸ, ਚਿੰਤਨ ਅਤੇ ਪੌਰਾਣ ਦੇ ਪ੍ਰਚਲਿਤ ਮਿਆਰਾਂ ਅਨੁਸਾਰ ਦ੍ਰਿੜ੍ਹ ਕਰਵਾਉਣ ਦਾ ਮਤਲਬ ਇਨ੍ਹਾਂ ਨੂੰ ਤੰਗ ਸਾਂਚਿਆਂ ਵਿਚ ਬੰਦ ਕਰਨਾ ਹੈ।

ਗੁਰ-ਇਤਿਹਾਸ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਅਤੇ ਚੋਣਵੀਆਂ ਪ੍ਰੰਪਰਾਵਾਂ, ਪ੍ਰੇਮ ਸੁਮਾਰਗ, ਰਹਿਤਨਾਮਿਆਂ ਅਤੇ ਅਠਾਰ੍ਹਵੀਂ ਸਦੀ ਦੀਆਂ ਕੱਚੀਆਂ-ਪੱਕੀਆਂ ਕਾਵਿ ਲਿਖਤਾਂ ਨੂੰ ਬੜੀ ਅਹਿਤਿਆਤ ਨਾਲ ਵਰਤਦਿਆਂ ਹੋਇਆਂ ਹੇਠਾਂ ਸਿੱਖ-ਆਦਰਸ਼ ਦੇ ਕੁਝ ਹੋਰ ਸੰਕੇਤ ਪੇਸ਼ ਕੀਤੇ ਜਾਂਦੇ ਹਨ। ਸਿੱਖ-ਆਦਰਸ਼, ਇਨ੍ਹਾਂ ਸੰਕੇਤਾਂ ਨੂੰ ਉਪਰੋਕਤ ਵਿਚਾਰਾਂ ਦੀ ਪ੍ਰਧਾਨ ਸੁਰ ਵਿਚ ਰੱਖ ਕੇ ਹੀ ਅਨੁਭਵ ਕਰਨਾ ਚਾਹੀਦਾ ਹੈ।

ਸਭ ਮਜ਼੍ਹਬ ਇਨਸਾਨੀਅਤ ਦੀਆਂ ਕੁਝ ਕੁ ਉੱਚੀਆਂ ਖ਼ੂਬੀਆਂ ਦਾ ਪ੍ਰਚਾਰ ਕਰਦੇ ਹਨ। ਖਾਲਸੇ ਨੂੰ ਵੀ ਇਮਾਨਦਾਰੀ, ਕੁਰਬਾਨੀ, ਰਹਿਮ ਅਤੇ ਸਬਰ-ਸ਼ੁਕਰ ਵਰਗੀਆਂ ਮਹਾਨ ਇਖ਼ਲਾਕੀ ਸਿਫ਼ਤਾਂ ਦਾ ਮਾਲਕ ਹੋਣਾ ਚਾਹੀਦਾ ਹੈ। ਪਰ ਉਹ ਇਕ ਵਿਸ਼ੇਸ਼ ਸਿਫ਼ਤ ਦੀ ਪਾਲਣਾ ਨਿਆਰੇ ਰੂਪ ਵਿਚ ਕਰੇਗਾ। ਉਹ ਸਿਫ਼ਤ ਇਹ ਹੈ ਕਿ ਉਹ ਖ਼ੂਨ ਦੇ ਰਿਸ਼ਤੇ ਨਾਲੋਂ ਰੂਹਾਨੀ ਅਤੇ ਇਖ਼ਲਾਕੀ ਸਿਫ਼ਤਾਂ ਨੂੰ ਹਮੇਸ਼ਾ ਹੀ ਪਹਿਲ ਦੇਵੇਗਾ। ਭਾਵੇਂ ਮਾਂ, ਭੈਣ, ਭਰਾ, ਪਿਤਾ, ਪੁੱਤਰ ਅਤੇ ਧੀ ਆਦਿ ਦੇ ਰਿਸ਼ਤਿਆਂ ਵਿਚ ਕੁਦਰਤੀ ਮੋਹ ਦੀ ਹੋਂਦ ਜ਼ਿੰਦਗੀ ਦੀ ਖ਼ੂਬਸੂਰਤੀ ਦੀ ਇਕ ਤਕੜੀ ਸ਼ਰਤ ਹੈ, ਪਰ ਖਾਲਸੇ ਦਾ ਤੀਬਰ ਆਦਰਸ਼ਕ ਜਜ਼ਬਾ ਇਨ੍ਹਾਂ ਰਿਸ਼ਤਿਆਂ ਦੇ ਮੋਹ ਵਿਚ ਖਪ ਕੇ ਨਹੀਂ ਰਹਿ ਜਾਵੇਗਾ। ਇਨ੍ਹਾਂ ਰਿਸ਼ਤਿਆਂ ਨਾਲ ਉਸ ਦਾ ਮੋਹ ਓਨਾ ਚਿਰ ਹੀ ਰਹੇਗਾ, ਜਿੰਨਾ ਚਿਰ ਉਹ ਉਸ ਨੂੰ ਉਸ ਦੀ ਸਮੁੱਚੀ ਜ਼ਿੰਦਗੀ ਦੇ ਪ੍ਰਸੰਗ ਵਿਚ ਆਤਮਿਕ ਖੁਰਾਕ ਦਿੰਦੇ ਹਨ, ਪਰ ਜੇ ਇਹ ਖ਼ੂਨ ਦੇ ਜਾਂ ਨੇੜ੍ਹੇ ਦੇ ਰਿਸ਼ਤੇ (ਜਿਵੇਂ ਪਤਨੀ ਦਾ ਸੰਬੰਧ) ਉਸ ਲਈ ਅਜਿਹੀ ਸਿਫਤ ਨਾ ਰੱਖਦੇ ਹੋਣ, ਤੋਂ ਉਹ ਇਨ੍ਹਾਂ ਪ੍ਰਤੀ ਆਪਣੇ ਸਮਾਜਿਕ ਫ਼ਰਜ਼ ਦੀ ਪਾਲਣਾ ਕਰਨ ਤੋਂ ਸਿਵਾ ਹੋਰ ਕੋਈ ਉਲਾਰ ਖਿੱਚ ਨਹੀਂ ਰੱਖੇਗਾ। ਭਾਵੇਂ ਇਨ੍ਹਾਂ ਲਈ ਉਸ ਦਾ ਸਾਧਾਰਨ ਮੋਹ, ਫੇਰ ਵੀ ਰਹੇਗਾ, ਪਰ ਫ਼ਿਤਰਤ ਦੀ ਇਹ ਕੁਦਰਤੀ ਤਰੰਗ ਜ਼ਿੰਦਗੀ ਦੀਆਂ ਮਹਾਨ ਕੀਮਤਾਂ ਵੱਲ ਉਸ ਦੀ ਵਫ਼ਾ ਨੂੰ ਨੁਕਸਾਨ ਨਹੀਂ ਪਹੁੰਚਾਏਗੀ ! ਜੇ ਖਾਲਸੇ ਦੇ ਅਮਲ ਵਿਚ ਇਸ ਪਾਸਿਓਂ ਕੋਈ ਸੰਕਟ ਵਾਪਰਨ ਲੱਗੇ

ਤਾਂ ਉਹ ਅਵੱਸ਼ ਹੀ ਖ਼ੂਨ ਦੇ ਜਾਂ ਨੇੜੇ ਦੇ ਜਜ਼ਬਾਤੀ ਰਿਸ਼ਤੇ ਦਾ ਤਿਆਗ ਕਰ ਕੇ, ਇਸ ਨਾਲੋਂ ਵਧੇਰੇ ਪਾਕਿ ਕੀਮਤਾਂ ਦਾ ਰਿਸ਼ਤਾ ਅਪਣਾਅ ਲਵੇਗਾ। ਖਾਲਸਾ ਜੀ ਉਨ੍ਹਾਂ ਰਾਜਸੀ ਪ੍ਰਸਥਿਤੀਆਂ ਲਿਆਉਣ ਲਈ ਹਮੇਸ਼ਾ ਹੀ ਜਦੋ-ਜਹਿਦ ਕਰੇਗਾ, ਜਿਹੜੀਆਂ ਉਸ ਦੇ ਧਰਮ ਦੇ ਆਤਮਿਕ ਸਰੂਪ ਨੂੰ ਸੁਤੰਤਰ, ਸਵੱਛ ਅਤੇ ਤਾਜ਼ਾ ਰੱਖ ਸਕਣ। ਜੋ ਬਾਦਸ਼ਾਹਤ ਉਸ ਦੀ ਹੋਂਦ ਦੇ ਅਨੁਕੂਲ ਹੈ, ਤਾਂ ਉਸ ਦੀ ਰੂਹਾਨੀਅਤ ਦੇ ਪਾਵਨ ਚਸ਼ਮੇ ਬਾਦਸ਼ਾਹਤ ਨੂੰ ਹਰਾ-ਭਰਾ ਕਰ ਦੇਣਗੇ, ਪਰ ਜੇ ਜਮਹੂਰੀਅਤ ਉਸ ਨੂੰ ਬਾਂਝ ਕਰਦੀ ਹੈ ਤਾਂ ਉਸ ਦਾ ਗਜ਼ਬ ਜਮਹੂਰੀਅਤ ਨੂੰ ਤੋੜ ਦੇਵੇਗਾ ਭਾਵੇਂ ਕਿ ਇਨਸਾਫ ਉੱਤੇ ਖਲੋਤਾ ਕੋਈ ਵੀ ਰਾਜਸੀ ਢਾਂਚਾ, ਖਾਲਸੇ ਨੂੰ ਮਨਜ਼ੂਰ ਹੋਵੇਗਾ। ਖਾਲਸੇ ਦੀ ਰੂਹਾਨੀ ਅਤੇ ਇਖ਼ਲਾਕੀ ਅਮੀਰੀ ਜਿਸ ਦਾ ਅਮਲ ਜ਼ਿੰਦਗੀ ਦੇ ਬਾਹਰਮੁਖੀ ਸੁੰਦਰ ਅਨੁਪਾਤ ਵਿਚ ਬਾਖ਼ੂਬੀ ਚੱਲ ਰਿਹਾ ਹੈ, ਉੱਤੇ ਵਾਰ ਕਰਨ ਵਾਲਾ ਕੋਈ ਵੀ ਰਾਜਸੀ ਢਾਂਚਾ ਉਸ ਦੇ ਵਿਰੋਧ ਨੂੰ ਵੰਗਾਰੇਗਾ। ਖਾਲਸੇ ਦੀ ਧਾਰਮਿਕ ਗਤੀ ਰਾਜਸੀ ਨਿਜ਼ਾਮਾਂ ਨੂੰ ਜਨਮ ਦੇਵੇਗੀ ਅਤੇ ਉਨ੍ਹਾਂ ਨੂੰ ਆਪਣੇ ਸੁਰਤਾਲ ਵਿਚ ਰੱਖੇਗੀ, ਪਰ ਕਿਸੇ ਵੀ ਰਾਜਸੀ ਨਿਜ਼ਾਮ ਨੂੰ ਖਾਲਸਾ ਆਪਣੀ ਧਾਰਮਿਕ ਗਤੀ ਉੱਤੇ ਹਾਵੀ ਨਹੀਂ ਹੋਣ ਦੇਵੇਗਾ।

ਨਾਮ ਜਪੋ, ਕਿਰਤ ਕਰੋ, ਵੰਡ ਛਕੋ ਦੇ ਨਿਜ਼ਾਮ ਵਿਚ ਖਾਲਸਾ ਆਪਣੀ ਕੁੱਲ ਰੂਹਾਨੀਅਤ ਨੂੰ ਸਮੋ ਲਵੇਗਾ ਪਰ ਕਰਮ-ਕਾਂਡ ਦੇ ਸਭ ਖਲੋਤੇ ਰੂਪ ਇਸ ਤੋਂ ਬਾਹਰ ਰਹਿਣਗੇ। ਇਹ ਜੀਵਨ-ਨਿਜ਼ਾਮ ਖਾਲਸਈ ਇਖ਼ਲਾਕ ਦਾ ਦੈਵੀ ਸਰੀਰ ਹੋਵੇਗਾ, ਜਿਸ ਦੀ ਨਿਰਾਕਾਰ ਸ਼ਕਤੀ ਫੈਲਦੀ ਹੋਈ ਇਕ ਅਨੰਤ ਇਤਿਹਾਸ ਵਿਚ ਪਲਟ ਸਕਦੀ ਹੈ। ਨਾਮ ਜਪੋ, ਕਿਰਤ ਕਰੋ ਤੇ ਵੰਡ ਛਕੋ ਦਾ ਧਰਮ-ਸਿਧਾਂਤ ਜੋ ਵਿਅਕਤੀਗਤ ਜੀਵਨ-ਨਿਜਾਮ ਵਿਚ ਇਸੇ ਦਾ ਅਦ੍ਰਿਸ਼ਟ ਰੂਪ ਵਿਚ ਇਸ ਦਾ ਅਤੀ ਸੁਜੀਵ ਰਿਸ਼ਤਾ ਸਮੂਹਿਕ ਜੀਵਨ-ਨਿਜ਼ਾਮ ਵਿਚ ਵੀ ਰਹੇਗਾ। ਖਾਲਸੇ ਦਾ ਦੈਵੀ ਅਨੁਭਵ ਅਗਮ ਅਗੋਚਰ ਹੈ ਪਰ ਧਰਤੀ ਅਤੇ ਮਨੁੱਖ ਦਾ ਦਿਲ ਇਸ ਦੇ ਘਰ ਹਨ। ਉਹ ਕਿਤੇ ਵੀ ਚਲਾ ਜਾਵੇ ਆਖਰ ਘਰ ਦੀ ਅਪਣੱਤ ਉਸ ਨੂੰ ਘਰ ਲੈ ਆਵੇਗੀ। ਇਸ ਅਪਣੱਤ ਦਾ ਸਦਕਾ ਉਹ ਜ਼ਿੰਦਗੀ ਨੂੰ ਰਬਹਾਨੀ ਤੌਰ ਉੱਤੇ ਹਰੀ-ਭਰੀ ਰੱਖੇਗਾ।

ਕੋਈ ਵੀ ਨਸ਼ਾ ਸਿੱਖ ਇਖ਼ਲਾਕ ਦੀ ਪਾਕੀਜ਼ਗੀ ਦੇ ਅਨੁਕੂਲ ਨਹੀਂ। ਖਾਲਸਾ ਹਰ ਕਿਸਮ ਦੇ ਨਸ਼ੇ ਦਾ ਪੂਰਨ ਤਿਆਗ ਕਰੇਗਾ। ਖਾਲਸੇ ਨੇ ਤਮਾਕੂ ਨੂੰ ਨਸ਼ਿਆਂ ਵਿੱਚੋਂ ਸਭ ਤੋਂ ਨਖਿੱਧ ਮੰਨਿਆ ਹੈ ਅਤੇ ਇਸ ਨੂੰ ਵੱਡੀਆਂ ਕੁਰਹਿਤਾਂ ਵਿਚ ਸ਼ਾਮਲ ਕੀਤਾ ਗਿਆ ਹੈ, ਪਰ ਗੁਰਬਾਣੀ ਵਿਚ ਸ਼ਰਾਬ ਪੀਣ ਦਾ ਵੀ ਸਿੱਧੇ ਅਤੇ ਅਸਿੱਧੇ ਦੋਹਾਂ ਰੂਪਾਂ ਵਿਚ ਸਖਤ ਵਿਰੋਧ ਕੀਤਾ ਗਿਆ ਹੈ। ਗੁਰਬਾਣੀ ਵਿਚ ਨਸ਼ਿਆਂ ਦੇ ਅਸਿੱਧੇ ਵਿਰੋਧ ਦੇ ਅਨੇਕਾਂ ਦ੍ਰਿਸ਼ਟਾਂਤ ਮਿਲਦੇ ਹਨ। ਉਸ ਦੀ ਉੱਪਰ ਅਸਾਂ ਇਕ ਉਦਾਹਰਨ ਦਿੱਤੀ ਹੈ। ਸ਼ਰਾਬ ਪੀਣ ਦੇ ਸਿੱਧੇ ਵਿਰੋਧ ਦੀ ਇਕ ਸਿੱਧੀ ਉਦਾਹਰਣ ਹੇਠਾਂ ਦਰਜ ਕਰਦੇ ਹਾਂ:

ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥
ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ॥

ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ॥

ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੫੫੪)

ਸਭ ਪ੍ਰਸਿੱਧ ਰਹਿਤਨਾਮੇ ਗੁਰਬਾਣੀ ਦੇ ਉਪਰੋਕਤ ਵਿਚਾਰ ਦੀ ਪੁਸ਼ਟੀ ਕਰਦੇ ਹਨ ਜਿਵੇਂ:

ਪਰਨਾਰੀ ਜੂਆ ਅਸਤ ਚੋਰੀ ਮਦਿਰਾ ਜਾਨ।

ਪਾਂਚ ਐਬ ਏ ਜਗਤ ਮੇ ਤਜੈ ਸੁ ਸਿੰਘ ਸੁਜਾਨ। (ਰਹਿਤਨਾਮਾ ਭਾਈ ਦਯਾ ਸਿੰਘ)

ਨਸ਼ਿਆਂ ਨੂੰ ਛੱਡ ਕੇ ਖਾਲਸੇ ਉੱਤੇ ਹੋਰ ਕੋਈ ਖਾਣ-ਪੀਣ ਦਾ ਬੰਧਨ ਨਹੀਂ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸਮਕਾਲੀ ਮੁਹਸਿਨ ਫਾਨੀ ਨੇ 'ਦਬਿਸਤਾਨ-ਏ-ਮਜ਼ਾਹਿਬ' ਵਿਚ ਇਸ ਬਾਰੇ ਬੜੀ ਸਪੱਸ਼ਟ ਗਵਾਹੀ ਦਿੱਤੀ ਹੈ। ਆਪਣੀ ਵਿਅਕਤੀਗਤ ਭਾਵਨਾ ਅਨੁਸਾਰ ਖਾਲਸਾ ਕੁਝ ਵੀ ਖਾ ਸਕਦਾ ਹੈ, ਪਰ ਇਕ ਗੱਲ ਦਾ ਖਿਆਲ ਰੱਖਣਾ ਜਰੂਰੀ ਹੈ ਕਿ ਖਾਲਸਾ ਉਹ ਕੁਝ ਨਾ ਖਾਵੇ ਜਿਸ ਨਾਲ ਉਸ ਦੇ ਸਰੀਰਕ ਸੁਹਜ ਵਿਚ ਕਿਸੇ ਪ੍ਰਕਾਰ ਦਾ ਵਿਗਾੜ ਪਵੇ। ਖਾਣਾ ਐਨਾ ਜ਼ਿਆਦਾ ਨਾ ਖਾਧਾ ਜਾਵੇ ਕਿ ਸਿਹਤ ਦਾ ਸੰਤੁਲਨ ਹੀ ਖਰਾਬ ਹੋ ਜਾਵੇ। *..ਅੰਨ ਪਾਣੀ ਥੋੜਾ ਖਾਇਆ॥* ਦਾ ਭਾਵ ਇਹੋ ਹੈ ਕਿ ਖਾਣ-ਪੀਣ ਵਿਚ ਬੇਸਬਰੀ ਜਾ ਬੇਨਿਯਮੀ ਨਾ ਵਰਤੀ ਜਾਵੇ। ਖਾਣ ਦੇ ਸੰਬੰਧ ਵਿਚ ਇਸ ਨਾਲੋਂ ਵੀ ਵਿਸ਼ੇਸ਼ ਗੱਲ ਇਹ ਹੈ ਕਿ ਭੈੜੇ ਤਰੀਕਿਆਂ ਨਾਲ ਕਮਾਏ ਪਦਾਰਥ ਨੂੰ ਖਾਣ ਤੋਂ ਪਰਹੇਜ਼ ਕੀਤਾ ਜਾਵੇ, ਕਿਉਂਕਿ ਇਸ ਨਾਲ ਵਿਅਕਤੀਗਤ ਤੌਰ 'ਤੇ ਮਨੁੱਖ ਦੀ ਬੁੱਧੀ ਮਲੀਨ ਹੁੰਦੀ ਹੈ ਅਤੇ ਪੰਥਕ ਇਖ਼ਲਾਕ ਦੀ ਨਿਰਮਲਤਾ ਨੂੰ ਵੀ ਨੁਕਸਾਨ ਪਹੁੰਚਦਾ ਹੈ। ਖਾਣ-ਪੀਣ ਬਾਰੇ ਗੁਰਬਾਣੀ ਦੀਆਂ ਇਹ ਤੁਕਾਂ ਖਾਲਸਾ ਪੰਥ ਦੀ ਅਗਵਾਈ ਕਰਨਗੀਆਂ:

ਬਾਬਾ ਹੋਰੁ ਖਾਣਾ ਖੁਸੀ ਖੁਆਰੁ॥

ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੬)

ਸੋ ਖਾਲਸੇ ਦਾ ਖਾਣ-ਪੀਣ ਬਾਰੇ ਆਦਰਸ਼ ਹੋਇਆ ਕਿ ਸ਼ੁੱਧ, ਸਹੀ ਅਤੇ ਇਮਾਨਦਾਰੀ ਨਾਲ ਕਮਾਈ ਚੀਜ਼ ਦਾ ਆਹਾਰ ਕੀਤਾ ਜਾਵੇ।...

ਉਂਜ ਤਾਂ ਖਾਲਸੇ ਦੇ ਬੱਚਿਆਂ ਨੂੰ ਉਹ ਸਭ ਪੁਸ਼ਾਕਾਂ ਪਹਿਨਣ ਦੀ ਇਜਾਜ਼ਤ ਹੈ, ਜਿਹੜੀਆਂ ਕਿਸੇ ਪ੍ਰਕਾਰੀ ਅਸ਼ਲੀਲਤਾ ਪ੍ਰਗਟ ਨਾ ਕਰਨ, ਪਰ ਉਹ ਪੁਸ਼ਾਕ ਪਹਿਨਣੀ ਸਭ ਤੋਂ ਚੰਗੀ ਗੱਲ ਹੈ, ਜਿਹੜੀ ਖਾਲਸਈ ਸਭਿਆਚਾਰ ਦੇ ਅਨੁਕੂਲ ਹੋਵੇ। ਪੁਸ਼ਾਕ ਦੀ ਚੋਣ ਸਮੇਂ ਮੌਲਿਕ ਸੋਚਣੀ ਵਰਤਣੀ ਚਾਹੀਦੀ ਹੈ। ਪੁਸ਼ਾਕ ਦਾ ਸੁਹਜ-ਸੁਆਦ ਰਿਵਾਜ ਦੇ ਅਧੀਨ ਨਹੀਂ ਹੋਣਾ ਚਾਹੀਦਾ। ਖਾਲਸਾ ਇਸਤਰੀਆਂ ਨੂੰ ਅੰਗਾਂ ਦੀ ਨੁਮਾਇਸ਼ ਕਰਨ ਵਾਲੇ ਬਸਤਰ ਪਹਿਨਣੇ ਉੱਚਿਤ ਨਹੀਂ ਹਨ। ਜਿਹੜੇ ਬਸਤਰ ਇਸਤਰੀ ਦੇ ਸੁਹਜ ਦੀ ਕੋਮਲਤਾ ਘਟਾਉਂਦੇ ਹਨ ਅਤੇ ਉਸ ਦੇ ਇਸਤਰੀਪਨ ਨੂੰ ਕਮਜ਼ੋਰ ਕਰਦੇ ਹੋਏ ਇਸ ਨੂੰ ਮਰਦ ਦੇ ਪ੍ਰਚਲਿਤ ਪਹਿਰਾਵੇ ਦੇ ਰੂਪ ਦੇ ਨੇੜੇ ਲਿਜਾਂਦੇ ਹਨ, ਉਨ੍ਹਾਂ ਦੀ ਵਰਤੋਂ ਕਰਨ ਨਾਲ ਇਸਤਰੀ ਦੀ ਕੁਦਰਤੀ ਪ੍ਰਤਿਭਾ ਦਾ ਵਿਕਾਸ ਰੁਕ ਜਾਵੇਗਾ।

ਖਾਲਸੇ ਦੇ ਬੱਚੇ-ਬੱਚੀਆਂ ਬੇਸ਼ਕ ਸੁਹਣੀ ਤੋਂ ਸੁਹਣੀ ਪੁਸ਼ਾਕ ਪਹਿਨਣ, ਪਰ ਪੁਸ਼ਾਕ ਦਾ ਸੁਆਦ ਐਨਾ ਨਹੀਂ ਵਧਣਾ ਚਾਹੀਦਾ ਕਿ ਉਨ੍ਹਾਂ ਦੇ ਦਿਲੋ-ਦਿਮਾਗ ਉਤੇ ਹੀ ਛਾ ਜਾਵੇ, ਉਨ੍ਹਾਂ ਦੇ ਸੁਹਜ ਸੁਆਦ ਦੀ ਮੌਲਿਕਤਾ ਦੇ ਇਕ ਵੱਡੇ ਭਾਗ ਨੂੰ ਹੀ ਮੱਲ ਬੈਠੇ ਅਤੇ ਉਨ੍ਹਾਂ ਦੀ ਗੁਰ-ਲਿਵ ਵੱਲੋਂ ਇਸ ਦਾ ਧਿਆਨ ਵਧੇਰੇ ਪ੍ਰਬਲ ਹੋਵੇ। ਇਖ਼ਲਾਕੀ ਅਤੇ ਦਿਮਾਗੀ ਗੁਣਾਂ ਦੀ ਬੇਧਿਆਨੀ ਵਿਚ ਪਹਿਨੇ ਬਸਤਰ ਭਾਵੇਂ ਉਹ ਕਿੰਨੇ ਵੀ ਸੁੰਦਰ ਹੋਣ, ਇਨਸਾਨੀ ਅਕਲ ਦੀ ਬਾਰੀਕੀ ਘਟਾਉਣ ਅਤੇ ਚਰਿੱਤਰ ਦੀ ਪਵਿੱਤਰਤਾ ਨੂੰ ਕਲੰਕਿਤ ਕਰਨ ਦਾ ਕਾਰਨ ਬਣਦੇ ਹਨ। ਇਸ ਸੰਬੰਧ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਨੇ ਫਰਮਾਇਆ ਹੈ:

ਬਾਬਾ ਹੋਰੁ ਪੈਨਣੁ ਖੁਸੀ ਖੁਆਰੁ॥
ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੬)

ਖਾਲਸੇ ਨੂੰ ਗੁਰੂ ਸਾਹਿਬਾਨ ਜਾਂ ਉਨ੍ਹਾਂ ਦੇ ਜੀਵਨ ਨਾਲ ਸੰਬੰਧਿਤ ਕਿਸੇ ਵੀ ਗੁਰਸਿੱਖ ਦੇ ਕਿਸੇ ਵੀ ਰੂਪ ਜਾਂ ਅਮਲ ਨੂੰ ਵਿੰਗੇ-ਟੇਢੇ ਢੰਗ ਨਾਲ ਨਾਟਕ ਵਿਚ ਬਦਲ ਕੇ ਰੰਗਮੰਚ ਉੱਤੇ ਖੇਡਣਾ ਨਹੀਂ ਚਾਹੀਦਾ ਅਤੇ ਨਾ ਹੀ ਗੁਰੂ ਸਾਹਿਬਾਨ ਦੀ ਕੋਈ ਤਸਵੀਰ ਬਣਾਉਣੀ ਚਾਹੀਦੀ ਹੈ। ਅਜਿਹਾ ਕਰਨ ਨਾਲ ਗੁਰੂ ਸਾਹਿਬਾਨ ਦੇ ਦੈਵੀ ਰੂਪਾਂ ਦੀ ਅਨੰਤਤਾ ਕਮਜ਼ੋਰ ਦੁਨਿਆਵੀ ਸਾਂਚਿਆਂ ਵਿਚ ਸੁੰਗੜ ਕੇ ਰਹਿ ਜਾਵੇਗੀ ਅਤੇ ਸਾਂਝੇ ਸਿੱਖ ਅਨੁਭਵ ਵਿੱਚੋਂ ਗੁਰੂ ਸਾਹਿਬਾਨ ਦੀ ਮਹਾਨਤਾ ਦੇ ਬੇਨਜ਼ੀਰ ਸੁਪਨੇ ਸਦਾ ਲਈ ਅਲੋਪ ਹੋ ਜਾਣਗੇ ਜਾਂ ਕਮਜ਼ੋਰ ਪੈ ਜਾਣਗੇ। ਗੁਰੂ ਸਾਹਿਬਾਨ ਅਤੇ ਗੁਰ-ਲਿਵ ਦੇ ਨੇੜ੍ਹੇ ਦੇ ਸਿੱਖ ਇਤਿਹਾਸ ਉਤੇ ਪਲਣ ਵਾਲੀ ਖਾਲਸਾ ਸਾਈਕੀ (ਮਾਨਸਿਕਤਾ) ਨੂੰ ਕਿਸੇ ਪ੍ਰਕਾਰ ਦੀ ਵੀ ਨਾਟਕੀ ਪ੍ਰਦਰਸ਼ਨੀ ਪਹਿਲਾਂ ਬੇ-ਰਸ ਅਤੇ ਆਲਸੀ ਬਣਾਏਗੀ, ਫੇਰ ਥਕਾਵੇਗੀ ਅਤੇ ਅੰਤ ਵਿਚ ਠੰਢਾ ਯੱਖ ਕਰ ਦੇਵੇਗੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਅਤੇ ਸਿਮਰਨ ਤੋਂ ਸਿਵਾ ਜੰਮਣ ਤੋਂ ਮਰਨ ਤਕ ਖਾਲਸੇ ਨੂੰ ਕਿਸੇ ਹੋਰ ਕਰਮ-ਕਾਂਡ ਵਿਚ ਪੈਣ ਦੀ ਲੋੜ ਨਹੀਂ। ਕਿਸੇ ਦੇ ਜਨਮ ਸਮੇਂ ਉਹ ਗੈਰ-ਕੁਦਰਤੀ ਖੁਸ਼ੀਆਂ ਨਹੀਂ ਕਰੇਗਾ। ਮੌਤ ਸਮੇਂ ਉਹ ਖਰਵਾ ਰੁਦਨ ਅਤੇ ਵੈਣ ਪਾਉਣ ਦੀ ਰਸਮ ਨਹੀਂ ਕਰੇਗਾ ਸਿਰਫ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਅਤੇ ਗੁਰਬਾਣੀ ਕੀਰਤਨ ਰਾਹੀਂ ਮਨ ਨੂੰ ਦੈਵੀ ਗੰਭੀਰਤਾ ਨਾਲ ਜੋੜੇਗਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੁਰਦੁਆਰਾ ਸਾਹਿਬਾਨ ਨਾਲ ਮੁਹੱਬਤ ਕਰਨੀ ਖਾਲਸੇ ਦੀ ਸੱਚੀ-ਸੁੱਚੀ ਰੀਤ ਵਿਚ ਸ਼ਾਮਲ ਹੈ, ਪਰ ਗੁਰ-ਲਿਵ ਦੇ ਆਵੇਸ਼ ਵਿਚ ਉਹ ਕਿਸੇ ਹੋਰ ਕਰਮ-ਕਾਂਡ ਨੂੰ ਵਿਘਨ ਪਾਉਣ ਦੀ ਆਗਿਆ ਨਹੀਂ ਦੇਵੇਗਾ।

ਗੁਰੂ ਕਾ ਸਿੱਖ ਮੱਠ, ਬੁੱਤ, ਤੀਰਥ, ਦੇਵੀ, ਦੇਵਤਾ, ਬੁੱਤ ਪੂਜਾ, ਅਰਚਾ, ਮੰਤਰ, ਜੰਤਰ, ਪੀਰ ਬ੍ਰਾਹਮਣ, ਪੁੱਛਣਾ, ਸੁੱਖਣਾ, ਤਰਪਨ, ਗ੍ਰਾਯਤ੍ਰੀ, ਕਿਸੇ ਵੱਲ ਚਿੱਤ ਦੇਵੈ ਨਹੀਂ। ਖਾਲਸਾ ਸੋ ਜਿਨ ਤਨ, ਮਨ, ਧਨ ਅਕਾਲ ਪੁਰਖ ਨੂੰ ਸੌਂਪਿਆ ਹੈ।

(ਰਹਿਤਨਾਮਾ ਭਾਈ ਦਯਾ ਸਿੰਘ ਜੀ)

ਵਾਰ ਸ੍ਰੀ ਭਗਉਤੀ ਜੀ ਕੀ॥

*-ਸ. ਗੁਰਚਰਨਜੀਤ ਸਿੰਘ ਲਾਂਬਾ**

'ਵਾਰ ਸ੍ਰੀ ਭਗਉਤੀ ਜੀ ਕੀ॥' ਕਲਗੀਧਰ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਉਹ ਅਪਾਰ ਸ਼ਾਹਕਾਰ ਬਾਣੀ ਹੈ ਜੋ ਰਹਿਮਤ ਕਰ ਕੇ ਆਪਣੀ ਲੋਹ ਕਲਮ ਸਤਿਗੁਰ ਜੀ ਨੇ ਆਪ ਖ਼ਾਲਸੇ ਦੀ ਝੋਲੀ ਪਾਈ। ਹਰ ਕਾਰਜ ਦੀ ਅਰੰਭਤਾ ਇਸ ਵਾਰ ਦੀ ਪਹਿਲੀ ਪਉੜੀ ਨਾਲ ਕੀਤੀ ਜਾਂਦੀ ਹੈ। ਇਸ 'ਵਾਰ ਸ੍ਰੀ ਭਗਉਤੀ ਜੀ ਕੀ' ਰਾਹੀਂ ਸਤਿਗੁਰੂ ਜੀ ਨੇ ਦੁਰਗਾ ਦੀ ਪੌਰਾਣਕ ਗਾਥਾ ਨੂੰ ਵਰਤ ਕੇ ਖ਼ਾਲਸੇ ਦੇ ਉੱਚੇ ਉਦੇਸ਼ਾਂ ਦੀ ਨਿਸ਼ਾਨਦੇਹੀ ਕੀਤੀ ਜੋ ਬਾਅਦ ਵਿਚ ਜਾਜੋਂ ਦੀ ਜੰਗ ਵਿਚ ਪ੍ਰਤੱਖ ਚਰਿਤਾਰਥ ਹੋਈ। ਇਸ ਵਾਰ ਦੀ ਪਹਿਲੀ ਪਉੜੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਜੀ ਦੀ ਪੱਛਮੀ ਬਾਹੀ ਦੇ ਦਰਵਾਜ਼ੇ 'ਤੇ ਉਕਰੀ ਹੋਈ ਹੈ। ਇਸ ਨੂੰ ਨਮਸਕਾਰ ਕਰ ਕੇ ਹੀ ਹਰ ਸਿੱਖ ਦਰਬਾਰ ਸਾਹਿਬ ਵਿਚ ਦਾਖ਼ਲ ਹੁੰਦਾ ਹੈ। ਇਸ ਬਾਰੇ ਵਿਚਾਰ ਕਰਨਾ ਉੱਤਮ ਅਤੇ ਲਾਹੇਵੰਦ ਕਰਮ ਹੈ।

ਇਸ ਵਾਰ ਦੀ ਪਹਿਲੀ ਪਉੜੀ ਰਾਹੀਂ ਅਰਦਾਸ ਦੀ ਅਰੰਭਤਾ ਹੁੰਦੀ ਹੈ। ਇਸ ਰਾਹੀਂ ਸਤਿਗੁਰ ਜੀ ਨੇ ਅਕਾਲ ਪੁਰਖ, ਸ੍ਰੀ ਸਾਹਿਬ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਧਿਆਨ ਧਰਿਆ। ਇਹ ਪਉੜੀ ਹੈ:

ੴ ਵਾਹਿਗੁਰੂ ਜੀ ਕੀ ਫਤਹ॥ ਸ੍ਰੀ ਭਗਉਤੀ ਜੀ ਸਹਾਇ॥
ਵਾਰ ਸ੍ਰੀ ਭਗੌਤੀ ਜੀ ਕੀ॥
ਪਾਤਿਸਾਹੀ ੧੦॥
ਪ੍ਰਿਥਮ ਭਗੌਤੀ ਸਿਮਰਿ ਕੈ ਗੁਰ ਨਾਨਕ ਲਈਂ ਧਿਆਇ॥
ਫਿਰ ਅੰਗਦ ਗੁਰ ਤੇ ਅਮਰਦਾਸੁ ਰਾਮਦਾਸੈ ਹੋਈਂ ਸਹਾਇ॥
ਅਰਜਨ ਹਰਿਗੋਬਿੰਦ ਨੋ ਸਿਮਰੌ ਸ੍ਰੀ ਹਰਿਰਾਇ॥
ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੈ ਸਭਿ ਦੁਖ ਜਾਇ॥
ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ॥
ਸਭ ਥਾਈਂ ਹੋਇ ਸਹਾਇ॥੧॥

ਸਿੱਖ ਰਹਿਤ ਮਰਯਾਦਾ ਦੇ ਗੁਰਮਤਿ ਦੀ ਰਹਿਣੀ ਅਧਿਆਇ ਦੀ ਮੱਦ ੨(ਕ) ਮੁਤਾਬਕ ਹਰ ਇਕ ਕੰਮ ਕਰਨ ਤੋਂ ਪਹਿਲਾਂ ਵਾਹਿਗੁਰੂ ਅੱਗੇ ਅਰਦਾਸ ਕਰੇ। ਨਿਸ਼ਚਿਤ ਤੌਰ 'ਤੇ ਗੁਰੂ ਸਾਹਿਬ ਜੀ ਵੱਲੋਂ ਬਖਸ਼ਿਸ਼ ਕੀਤੀ ਅਰਦਾਸ ਦੀ ਪਹਿਲੀ ਪਉੜੀ ਇਕ ਐਸੀ ਸ਼ਕਤੀ ਅਤੇ ਸਾਧਨ ਹੈ ਜਿਸ ਰਾਹੀਂ ਅੱਜ ਵੀ ਹਰ ਸਿੱਖ ਗੁਰ

** New Jersey. USA. Mo: +1 9736990950 Email: santsipahi@gmail.com*

ਪਰਮੇਸਰ ਨਾਲ ਜੁੜ ਸਕਦਾ ਹੈ। ਇਹ ਅਰਦਾਸ ਦੀ ਹੀ ਸ਼ਕਤੀ ਸੀ ਕਿ ਵੱਡੇ ਤੋਂ ਵੱਡੇ ਤੂਫਾਨ, ਹਨੇਰੀਆਂ ਅਤੇ ਝੱਖੜ ਸਿੱਖਾਂ ਦੀ ਦ੍ਰਿੜ੍ਹਤਾ ਨੂੰ ਡੁਲਾ ਨਾ ਸਕੇ। ਇਸੇ ਅਰਦਾਸ ਦੀ ਬਰਕਤ ਅਤੇ ਸ਼ਕਤੀ ਨੇ 'ਸਵਾ ਲਾਖ ਸੇ ਏਕ ਲੜਾਊਂ' ਨੂੰ ਚਿਰਤਾਰਥ ਕੀਤਾ, ਅਟਕ ਦਰਿਆ ਰੋਕੇ, ਪਰਬਤਾਂ ਨਾਲ ਮੱਥਾ ਡਾਹਿਆ, ਰੰਬੀਆਂ, ਆਰੇ, ਚਰਖੀਆਂ, ਉਬਲਦੀਆਂ ਦੇਗਾਂ, ਤਿੱਖੇ ਨੇਜ਼ਿਆਂ ਨੂੰ ਖੁੰਡੇ ਕਰ ਛੱਡਿਆ। ਬਾਬੇ ਕਿਆਂ ਨੇ ਬਾਬਰ ਕਿਆਂ ਨੂੰ ਵੀ ਤੁੱਛ ਜਾਣਿਆ। ਸ਼ਰਤ ਇਕ ਹੈ ਕਿ ਅਰਦਾਸ ਸੱਚੇ ਮਨੋ ਹੋਵੇ ਨਾ ਕਿ ਸੁਲਤਾਨਪੁਰ ਲੋਧੀ ਵਿਖੇ ਨਵਾਬ ਅਤੇ ਮੌਲਵੀ ਵੱਲੋਂ ਪੜ੍ਹੀ ਹੋਈ ਨਮਾਜ਼ ਵਰਗੀ।

"ਪ੍ਰਿਥਮ ਭਗੌਤੀ ਸਿਮਰਿ ਕੈ ਗੁਰ ਨਾਨਕ ਲਈਂ ਧਿਆਇ॥... ਸਭ ਥਾਈਂ ਹੋਇ ਸਹਾਇ॥੧॥ ਕਲਗੀਧਰ ਪਿਤਾ ਨੇ ਆਪ ਖਾਲਸੇ ਤੇ ਰਹਿਮਤ ਕਰ ਕੇ ਬਖਸ਼ਿਸ਼ ਕੀਤੀ। ਚੂੰਕਿ ਕਲਗੀਆਂ ਵਾਲੇ ਖੁਦ ਹੀ ਇਹ ਪਉੜੀ ਉਚਾਰਨ ਕਰ ਰਹੇ ਹਨ ਤਾਂ ਸਪੱਸ਼ਟ ਹੈ ਕਿ ਇਸ ਪਉੜੀ ਵਿਚ ਕੇਵਲ ਨੌਂ ਗੁਰੂ ਸਾਹਿਬਾਨ, ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਤੋਂ ਲੈ ਕੇ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਨਾਮ ਹੀ ਹੈ। ਜੇਕਰ ਇਸ ਦੀ ਰਚਨਾ ਗੁਰੂ ਸਾਹਿਬ ਤੋਂ ਇਲਾਵਾ ਕੋਈ ਹੋਰ ਕਰੇਗਾ ਤਾਂ ਉਹ ਗੁਰੂ ਕਲਗੀਧਰ ਪਾਤਸ਼ਾਹ ਦਾ ਜ਼ਿਕਰ ਜ਼ਰੂਰ ਕਰਦਾ। ਕਲਗੀਧਰ ਪਿਤਾ ਦਾ ਨਾਮ ਪੰਥ ਨੇ ਬਾਅਦ ਵਿਚ ਸ਼ਾਮਲ ਕੀਤਾ। ਸਿੱਖ ਦੀ ਅਰਦਾਸ 'ਵਾਰ ਸ੍ਰੀ ਭਗੌਤੀ ਜੀ ਕੀ' ਦੀ ਪਹਿਲੀ ਪਉੜੀ ਤੋਂ ਅਰੰਭ ਹੋ ਕੇ 'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ' ਦੇ ਵਿਚ ਬੰਨ੍ਹੀ ਹੋਈ ਹੈ। ਪੰਥ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਦੀ ਮੱਦ ੩(ੳ) ਵਿਚ ਸਪੱਸ਼ਟਤਾ ਨਾਲ ਅੰਕਿਤ ਹੈ ਕਿ 'ਪ੍ਰਿਥਮ ਭਗੌਤੀ' ਵਾਲੇ ਸ਼ਬਦ ਅਤੇ 'ਨਾਨਕ ਨਾਮ' ਵਾਲੀਆਂ ਅੰਤਲੀਆਂ ਦੋ ਤੁਕਾਂ ਵਿਚ ਤਬਦੀਲੀ ਨਹੀਂ ਹੋ ਸਕਦੀ।

'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਵੀ ਇਸ ਗੱਲ ਨੂੰ ਦੁਹਰਾਇਆ ਗਿਆ ਹੈ,

ਚੌਪਈ॥ ਪ੍ਰਿਥਮ ਭਗੌਤੀ ਵਾਰ ਜੁ ਪੌੜੀ ਪੜ੍ਹ ਪ੍ਰਿਥਮੈਂ ਆਪ ਸਤਿਗੁਰ ਜੋੜੀ।
ਨੌਂ ਪਤਸ਼ਾਹੀਨ ਲਯੋ ਧਿਆਇ, ਅਬ ਦਸਮਨ ਪਰ ਹੋਈਂ ਸਹਾਇ॥੮॥

ਇਹ ਵਾਰ ਸ੍ਰੀ ਭਗਉਤੀ ਜੀ ਕੀ॥ ਦੁਰਗਾ ਦੀ ਕਹਾਣੀ ਜ਼ਰੂਰ ਦਰਸਾਉਂਦੀ ਹੈ ਪਰ ਹਰ ਭੁਲੇਖੇ ਨੂੰ ਦੂਰ ਕਰਦਿਆਂ ਸਤਿਗੁਰ ਜੀ ਨੇ ਵਾਹਿਗੁਰੂ ਦੇ ਸਰੂਪ ਭਗਉਤੀ ਨੂੰ ਸਪੱਸ਼ਟ ਕਰਦਿਆਂ ਅੰਕਿਤ ਕਰ ਦਿੱਤਾ ਕਿ ਦੁਰਗਾ, ਦਾਨਵ, ਦੇਵਤੇ, ਰਾਮ, ਕ੍ਰਿਸ਼ਨ ਇਹ ਸਾਰੇ ਹੀ ਉਸ ਭਗਉਤੀ ਨੇ ਸਾਜੇ ਹਨ:

ਸਿਰਜੇ ਦਾਨੋ ਦੇਵਤੇ ਤਿਨ ਅੰਦਰਿ ਬਾਦੁ ਰਚਾਇਆ॥
ਤੈ ਹੀ ਦੁਰਗਾ ਸਾਜਿ ਕੈ ਦੈਤਾ ਦਾ ਨਾਸੁ ਕਰਾਇਆ॥
ਤੈਥੋਂ ਹੀ ਬਲੁ ਰਾਮ ਲੈ ਨਾਲ ਬਾਣਾ ਦਹਸਿਰੁ ਘਾਇਆ॥

ਤੈਥੋਂ ਹੀ ਬਲੁ ਕ੍ਰਿਸਨ ਲੈ ਕੰਸੁ ਕੇਸੀ ਪਕੜਿ ਗਿਰਾਇਆ॥
ਬਡੇ ਬਡੇ ਮੁਨਿ ਦੇਵਤੇ ਕਈ ਜੁਗ ਤਿਨੀ ਤਨੁ ਤਾਇਆ॥
ਕਿਨੀ ਤੇਰਾ ਅੰਤੁ ਨ ਪਾਇਆ॥੨॥

ਇਸ ਪਾਵਨ ਅਰਦਾਸ ਦੀ ਅਰੰਭਤਾ "ੴ ਵਾਹਿਗੁਰੂ ਜੀ ਕੀ ਫਤਹਿ॥ ਸ੍ਰੀ ਭਗੌਤੀ ਜੀ ਸਹਾਇ॥ ਵਾਰ ਸ੍ਰੀ ਭਗੌਤੀ ਜੀ ਕੀ ਪਾਤਸ਼ਾਹੀ ੧੦॥ ਪ੍ਰਿਥਮ ਭਗੌਤੀ ਸਿਮਰਿ ਕੈ ਗੁਰ ਨਾਨਕ ਲਈਂ ਧਿਆਇ॥..." ਤੋਂ ਹੁੰਦੀ ਹੈ। ਕਲਗੀਧਰ ਪਿਤਾ ਜਿਸ ਭਗਉਤੀ ਨੂੰ ਨਮਸਕਾਰ ਕਰਦੇ ਹਨ ਉਸ ਦਾ ਜ਼ਿਕਰ 'ਅਕਾਲ ਉਸਤਤ' ਦੇ ਅਰੰਭ ਵਿਚ ਹੀ ਇਸ ਪ੍ਰਕਾਰ ਕਰਦੇ ਹਨ,

ੴ ਸਤਿਗੁਰ ਪ੍ਰਸਾਦਿ॥ ਉਤਾਰ ਖਾਸੇ ਦਸਖਤ ਕਾ॥ਪਾਤਿਸਾਹੀ ੧੦॥
ਅਕਾਲ ਪੁਰਖ ਕੀ ਰਛਾ ਹਮਨੈ॥ ਸਰਬ ਲੋਹ ਦੀ ਰਛਿਆ ਹਮ ਨੈ॥
ਸਰਬ ਕਾਲ ਜੀ ਦੀ ਰਛਿਆ ਹਮਨੈ॥ ਸਰਬ ਲੋਹ ਜੀ ਦੀ ਸਦਾ ਰਛਿਆ ਹਮਨੈ॥

ਸੰਸਾਰ ਭਾਵੇਂ ਭਗੌਤੀ ਨੂੰ ਦੁਰਗਾ ਕਹੀ ਜਾਵੇ ਪਰ ਕਲਗੀਧਰ ਪਿਤਾ ਨੇ ਇਸ ਭਵਾਨੀ ਨੂੰ- *ਅਨਹਦ ਰੂਪ ਅਨਾਹਦ ਬਾਨੀ॥* ਚਰਨ ਸਰਨ ਜਿਹ ਬਸਤ ਭਵਾਨੀ॥ ਯਾਨਿ ਕਿ ਮੇਰਾ ਇਸ਼ਟ ਉਹ ਭਗਉਤੀ ਰੂਪ ਹੈ ਜਿਸਦੇ ਚਰਨਾਂ ਵਿਚ ਦੇਵੀ ਭਵਾਨੀ (ਦੁਰਗਾ) ਨਿਵਾਸ ਕਰਦੀ ਹੈ। ਪਰ ਸਾਹਿਬਾਂ ਨੇ ਨਾਲ ਹੀ ਇਸਦੇ ਸਾਰੇ ਪ੍ਰਚਲਿਤ ਨਾਵਾਂ ਸਾਰਦਾ, ਭਵਾਨੀ , ਮੰਗਲਾ, ਮ੍ਰਿੜਾਨੀ ਨੂੰ ਵਾਹਿਗੁਰੂ ਦੀ ਸ਼ਕਤੀ ਸਰੂਪ ਵਰਣਨ ਕਰਦਿਆਂ 'ਅਕਾਲ ਉਸਤਤ' ਵਿਚ ਫੁਰਮਾਇਆ ਹੈ:

ਕਹੂੰ ਦੇਵਬਾਨੀ ਕਹੂੰ ਸਾਰਦਾ ਭਵਾਨੀ
ਕਹੂੰ ਮੰਗਲਾ ਮਿੜਾਨੀ ਕਹੂੰ ਸਿਆਮ ਕਹੂੰ ਸੇਤ ਹੋ॥

ਜਿਵੇਂ ਪਦਮਾਪਤ (ਵਿਸ਼ਨੂੰ) ਸ਼ਬਦ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ 'ਤ੍ਵ ਪ੍ਰਸਾਦਿ ਸ੍ਵੈਯੇ' 'ਦੀਨਨ ਕੀ ਪ੍ਰਤਿਪਾਲ ਕਰੈ...' ਵਿਚ ਦੋ ਢੰਗ ਨਾਲ ਵਰਤਿਆ ਹੈ:

ਜਾਨ ਕੋ ਦੇਤ ਅਜਾਨ ਕੋ ਦੇਤ
ਜਮੀਨ ਕੋ ਦੇਤ ਜਮਾਨ ਕੋ ਦੈ ਹੈ॥
ਕਾਹੇ ਕੋ ਡੋਲਤ ਹੈ ਤੁਮਰੀ ਸੁਧ ਸੁੰਦਰ ਸ੍ਰੀ ਪਦਮਾ ਪਤਿ ਲੈ ਹੈ॥੫॥੨੪੭॥

ਪਰ ਦੂਸਰੇ ਪਾਸੇ ਫੁਰਮਾਇਆ ਹੈ:

ਖੰਡ ਅਖੰਡ ਪ੍ਰਚੰਡ ਪਹਾਰਨ
ਪੂਰਨ ਪ੍ਰੇਮ ਕੀ ਪ੍ਰੀਤ ਸਭਾਰੈ॥
ਪਾਰ ਨ ਪਾਇ ਸਕੈ ਪਦਮਾ ਪਤਿ
ਬੇਦ ਕਤੇਬ ਅਭੇਦ ਉਚਾਰੈ॥

ਸੋ 'ਅਕਾਲ ਉਸਤਤ' ਵਿਚ ਵਰਣਿਤ ਕਲਗੀਧਰ ਪਿਤਾ ਦੀਆਂ ਉਪਰਲੀਆਂ ਹੁੱਜਤ ਵਿਦਾਰਣ ਤੁਕਾਂ ਗੁਰਮਤਿ ਆਸ਼ੇ ਨੂੰ ਇਕਦਮ ਸਪੱਸ਼ਟ ਕਰਦੀਆਂ ਹਨ।

ਸਿੱਖ ਇਤਿਹਾਸ ਅਤੇ ਪਰੰਪਰਾਵਾਂ ਨੂੰ ਗੰਧਲਾ ਕਰਨ ਦੀਆਂ ਪੰਥ-ਵਿਰੋਧੀ ਸ਼ਕਤੀਆਂ ਨੇ ਗੁਰੂ ਸਾਹਿਬ ਵੱਲੋਂ ਵਰਤੇ ਲਫਜ਼ ਭਗੌਤੀ ਨੂੰ ਅਕਾਲ ਪੁਰਖ ਦੀ ਆਦਿ ਸ਼ਕਤੀ ਨਾ ਮੰਨ ਕੇ ਇਸ ਨੂੰ ਗੁਰੂ ਸਾਹਿਬ ਵੱਲੋਂ ਦੇਵੀ ਦੀ ਪੂਜਾ ਕੀਤੀ ਦੱਸਿਆ ਹੈ। ਸਾਹਿਬਾਂ ਨੇ ਇਸ ਸੰਬੰਧ ਵਿਚ ਕੋਈ ਭੁਲੇਖਾ ਰਹਿਣ ਹੀ ਨਹੀਂ ਦਿੱਤਾ ਤੇ ਭੁਜੰਗ ਪ੍ਰਯਾਤ ਛੰਦ ਵਿਚ ਰਚਿਤ ਭਗੌਤੀ ਸਤੋਤ੍ਰ ਵਿਚ ਕਲਗੀਧਰ ਪਿਤਾ ਸ੍ਰੀ ਮੁਖ ਵਾਕ ਤੋਂ ਭਗੌਤੀ ਨੂੰ ਸਪੱਸ਼ਟ ਤੌਰ ਤੇ 'ਸ੍ਰੀ ਸਾਹਿਬ' ਜਾਂ 'ਤਲਵਾਰ' ਬਿਆਨਦੇ ਹੋਏ ਫੁਰਮਾਉਂਦੇ ਹਨ ਕਿ ਇਹ ਲੋਹ ਪੁੱਤਰੀ ਤਲਵਾਰ ਜਦੋਂ ਮਿਆਨ ਤੋਂ ਬਾਹਰ ਆਉਂਦੀ ਹੈ ਤਾਂ ਇਕ ਦੇ ਦੋ ਕਰ ਦਿੰਦੀ ਹੈ ਅਤੇ ਇਹੀ ਮੇਰੀ ਰੱਖਿਆ ਕਰੇਗੀ। ਇਸ ਭਗੌਤੀ ਨੂੰ ਮੈਂ ਨਮਸਕਾਰ ਕਰਦਾ ਹਾਂ ਜਿਹੜੀ ਕਿ ਲੋਹੇ 'ਚੋਂ ਘੜੀ ਗਈ ਹੈ ਇਸੇ ਭਗੌਤੀ ਨੂੰ ਚੁੱਕ ਕੇ ਦੁਰਗਾ ਨੇ ਰਾਜੇ ਸ਼ੁੰਭ ਨੂੰ ਮਾਰਿਆ ਸੀ:

ਸ੍ਰੀ ਮੁਖ ਵਾਕ: ਨਮੋ ਸ੍ਰੀ ਭਗੋਤੀ ਬਢੈਲੀ ਸਰੋਹੀ।
ਕਰੇ ਏਕ ਤੇ ਦਵੈ ਸੁਭਟ ਹਾਥ ਸੋਹੀ।
ਨਮੋ ਲੋਹ ਪੁਤਰੀਅੱਛਹੰ ਰਹੰਤੀ।
ਨਮੋ ਜੀਭ ਜਵਾਲਾਮੁਖੀ ਜਯੋ ਬਲੰਤੀ।
ਨਮੋ ਤੇਜ ਤਲਵਾਰ ਸ੍ਰੀ ਖਗ ਖੰਡਾ।
ਪਰਜਾ ਮੰਡਨੀ ਦੰਡਨੀ ਦੁਸ਼ਟ ਹੁੰਦੀ।
ਜਥੈ ਮਯਾਨ ਤੇ ਬੀਰ ਤੋ ਕੋ ਸੜੱਕੇ।
ਪਲੈ ਕਾਲ ਕੇ ਸਿੰਨ ਬਕੇ ਭੜੱਕੇ।
ਰੁਧਰ ਮੰਜਨੀ ਗੰਜਨੀ ਨੂੰ ਅਗੌਤੀ।
ਸਦਾ ਜੈ ਸਦਾ ਜੈ ਸਦਾ ਜੈ ਭਗੌਤੀ।

ਭਗੌਤੀ ਸ੍ਰੀ ਸਾਹਿਬ ਜਾਂ ਕਿਰਪਾਨ ਹੈ ਨੂੰ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਬਾਣੀ ਵਿਚ ਹੀ ਸਪੱਸ਼ਟ ਕਰ ਦਿੱਤਾ,

ਦੁਹਾਂ ਕੰਧਾਰਾਂ ਮੁਹਿ ਜੁੜੇ ਨਾਲਿ ਧਉਸਾ ਭਾਰੀ॥
ਲਈ ਭਗਉਤੀ ਦੁਰਗਸਾਹ ਵਰ ਜਾਗਨ ਭਾਰੀ॥
ਲਾਈ ਰਾਜੇ ਸੁੰਭ ਨੋ ਰਤ ਪੀਐ ਪਿਆਰੀ॥
ਸੁੰਭ ਪਲਾਣੋ ਡਿੱਗਿਆ ਉਪਮਾ ਬੀਚਾਰੀ॥ *(ਚੰਡੀ ਦੀ ਵਾਰ)*

ਰਾਏ ਸਾਹਿਬ ਰੋਸ਼ਨ ਲਾਲ ਐਮ. ਏ. ਐਡੀਸ਼ਨਲ ਡਿਸਟ੍ਰਿਕਟ ਮੈਜਿਸਟ੍ਰੇਟ ਅੰਮ੍ਰਿਤਸਰ ਨੇ ੧੯੪੬ ਵਿਚ ਛਪੀ ਆਪਣੀ ਪੁਸਤਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ - ਸਿਰਤਾਜ ਸ਼ਹੀਦ ਦੇ ਪੰਨਾ ੨੧ 'ਤੇ ਲਿਖਿਆ: "ਆਪ (ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ) ਤਲਵਾਰ ਨੂੰ ਭਗਵਤ ਸ਼ਕਤੀ, ਆਦਿ ਸ਼ਕਤੀ ਤੇ ਭਵਾਨੀ ਮੰਨਦੇ ਸਨ ਅਤੇ ਏਸੇ ਦੀ ਪੂਜਾ ਲਈ ਸਿੱਖਾਂ ਨੂੰ ਹੁਕਮ ਦੇਂਦੇ ਸਨ। ਏਸੇ ਲਈ ਆਪ

ਦਾ ਫੁਰਮਾਨ ਹੈ:

ਯਹੀ ਚੰਡਕਾ ਦੰਡਕਾ ਦੁਸ਼ਟ ਦਮਨੀ॥
ਹਰੇ ਦੁਸ਼ਟ ਦੋਖੀ ਯਹੀ ਜਵਾਲ ਬਮਨੀ॥
ਰਹੇ ਮਿਆਨ ਮਧੰ - ਸਮੇਂ ਦੁਸ਼ਟ ਘਾਵੈ॥
ਯਹੀ ਆਦਿ ਸ਼ਕਤੀ ਭਵਾਨੀ ਕਹਾਵੈ॥

ਅਰਥ- ਤਲਵਾਰ ਹੀ ਦੁਸ਼ਟਾਂ ਦਾ ਨਾਸ਼ ਕਰਨ ਦਾ ਹਥਿਆਰ ਹੈ। ਏਸ ਨਾਲ ਹੀ ਪਾਪੀਆਂ ਨੂੰ ਦੰਡ ਦਿੱਤਾ ਜਾ ਸਕਦਾ ਹੈ, ਇਹ ਦੁਖ ਦੇਵਣ ਵਾਲੇ ਦੁਸ਼ਟਾਂ ਦਾ ਨਾਸ਼ ਕਰਦੀ ਹੈ, ਏਹੋ ਜਵਾਲੀ ਹੈ। ਇਹੋ ਅੰਦਰ ਰਹਿੰਦੀ ਹੈ, ਪਰ ਵਕਤ ਆਵਨ 'ਤੇ ਦੁਸ਼ਮਨ ਦਾ ਨਾਸ਼ ਕਰਦੀ ਹੈ, ਏਹੀ ਆਦਿ ਸ਼ਕਤੀ ਹੈ। ਏਹੀ ਭਵਾਨੀ ਹੈ ਅਤੇ ਏਸੇ ਦੀ ਪੂਜਾ ਕਰਨੀ ਚਾਹੀਦੀ ਹੈ।

ਰਾਇ ਸਾਹਿਬ ਦੇ ਇਸ ਲੇਖ ਦੀ ਭਰਪੂਰ ਸ਼ਲਾਘਾ ਜਸਟਿਸ ਤੇਜਾ ਸਿੰਘ ਜੀ ਨੇ ਕੀਤੀ ਅਤੇ ਮਾਸਟਰ ਤਾਰਾ ਸਿੰਘ ਜੀ ਨੇ ਵੀ ਇਸ ਬਾਰੇ ਲਿਖਿਆ, "ਚੌਧਰੀ ਸਾਹਿਬ ਨੇ ਡਾਢਾ ਹੀ ਅੱਛਾ ਲਿਖਿਆ ਹੈ ਕਿ ਜਿਸ ਭਵਾਨੀ ਨੂੰ ਗੁਰੂ ਸਾਹਿਬ ਨੇ ਪੂਜਿਆ ਸੀ ਉਹ ਭਵਾਨੀ ਤਲਵਾਰ ਹੈ ਜੋ ਕਿ ਮਿਆਨ ਵਿਚ ਰਹਿੰਦੀ ਹੈ ਤੇ ਸਮੇਂ ਸਿਰ ਪਾਪੀਆਂ ਦਾ ਨਾਸ਼ ਕਰ ਦੇਂਦੀ ਹੈ। ਗੁਰੂ ਜੀ ਮਿਆਨ ਵਿਚ ਰਹਿਣ ਵਾਲੀ, ਏਸੇ ਭਵਾਨੀ ਦੇ ਪੁਜਾਰੀ ਸਨ ਅਤੇ ਇਹੋ ਸਪਿਰਟ ਉਨ੍ਹਾਂ ਨੇ ਆਪਣੇ ਖਾਲਸੇ ਵਿਚ ਫੂਕੀ ਸੀ।"

'ਪੰਥ ਪ੍ਰਕਾਸ਼' ਦੇ ਕਰਤਾ ਗਿਆਨੀ ਗਿਆਨ ਸਿੰਘ ਜੀ ਦੇਵੀ ਦੀ ਪੂਜਣ ਬਾਰੇ ਕਿੰਨਾ ਸਪੱਸ਼ਟ ਕਰਦੇ ਹਨ,

ਦੇਵੀ ਇਸ਼ਟ ਨ ਗੁਰੂ ਕਾ ਬਨਤ ਕਿਸੇ ਪਰਕਾਰ।
ਪੂਜਾ ਮਾਨੀ ਨਾ ਕਬੀ ਕਿਸੀ ਗੁਰੂ ਨੇ ਦਾਰ।
ਗੁਰੂ ਘਰ ਮਾਹਿ ਉਪਾਸਨਾ ਇਕ ਅਕਾਲ ਕੀ ਆਹਿ।
ਮਾਨਤ ਪੂਜਤ ਤਿਸੀ ਕੋ ਹੇ ਦਸੋ ਗੁਰੂ ਚਾਹਿ।

ਵਾਰ ਸ੍ਰੀ ਭਗਉਤੀ ਜੀ ਬਾਣੀ ਵਿਚ ਭਗਉਤੀ ਨੂੰ ਦੇਵੀ ਕਹਿਣ, ਸਮਝਣ ਵਾਲਿਆਂ ਨੂੰ ਸਪੱਸ਼ਟ ਹੋ ਜਾਣਾ ਚਾਹੀਦਾ ਹੈ ਕਿ ਕਲਗੀਧਰ ਪਿਤਾ ਨੇ 'ਸ੍ਰੀ ਭਗਉਤੀ ਜੀ ਸਹਾਇ॥' ਕੇਵਲ ਵਾਰ ਸ੍ਰੀ ਭਗਉਤੀ ਜੀ ਕੀ ਵਿਚ ਹੀ ਨਹੀਂ ਲਿਖਿਆ ਬਲਕਿ ਅਕਾਲ ਉਸਤਤਿ, ਬਚਿਤ੍ਰ ਨਾਟਕ, ਗਿਆਨ ਪ੍ਰਬੋਧ, ਚਰਿੱਤ੍ਰ ਪਾਖ੍ਯਾਨ, ਚਉਬੀਸ ਅਵਤਾਰ ਵਿਚ ਵੀ ਥਾਂ-ਥਾਂ ਅੰਕਿਤ ਕੀਤਾ ਹੈ।

ਜੇਕਰ ਕਲਗੀਧਰ ਪਿਤਾ ਦੇ ਪਾਵਨ ਹੁਕਮਨਾਮਿਆਂ ਦੇ ਦਰਸ਼ਨ ਕੀਤੇ ਜਾਣ ਤਾਂ ਸਭ ਤੋਂ ਪਹਿਲਾਂ, ੴ ਤੋਂ ਵੀ ਉੱਤੇ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ 'ਸ੍ਰੀ ਸਾਹਿਬ' ਦਾ ਚਿੰਨ੍ਹ ਅੰਕਿਤ ਕਰਦੇ ਸਨ ਜੋ ਇਸ ਤਰ੍ਹਾਂ ਹੈ:

ਸ੍ਰੀ ਸਾਹਿਬ, ਖੜ੍ਹਗ, ਅਸਿ, ਅਕਾਲ ਪੁਰਖ ਦੀ ਸ਼ਕਤੀ ਦੇ ਚਿੰਨ੍ਹ ਸਾਹਿਬਾਂ ਨੇ ਪਰਵਾਨੇ। ਤਾਹੀਉਂ ਤਾਂ ਕਲਗੀਆਂ ਵਾਲੇ ਨੇ ਸ੍ਰੀ ਅਕਾਲ ਪੁਰਖ ਦੇ ਝੰਡੇ, ਧੁਜ ਜਾਂ ਕੇਤੁ ਵਿਚ ਨਿਸ਼ਾਨ ਵੀ ਖੰਡੇ ਕਿਰਪਾਨਾਂ ਵਾਲਾ ਬਣਾਇਆ ਅਤੇ ਇਸ ਝੰਡੇ ਦੇ ਉੱਤੇ ਖੰਡਾ ਵੀ ਲਾਇਆ। ਹੁਣ ਇਹ ਝੰਡਾ ਨਾ ਰਹਿ ਕੇ ਪਾਵਨ ਨਿਸ਼ਾਨ ਸਾਹਿਬ ਹੋ ਗਿਆ। ਅਕਾਲ ਪੁਰਖ ਨੂੰ ਵੀ ਕਲਗੀਧਰ ਪਿਤਾ ਨੇ ਸ੍ਰੀ ਅਸਿਕੇਤੁ, ਖੜਗਕੇਤੁ, ਅਸਿਧੁਜ, ਖੜਗਧੁਜ ਨਾਲ ਸਿਮਰਿਆ। ਖਾਲਸੇ ਦੀ ਹਰ ਮੁਹਿੰਮ ਇਸ ਨਿਸ਼ਾਨ ਸਾਹਿਬ ਦੀ ਅਗਵਾਈ ਅਤੇ ਛਤਰ-ਛਾਇਆ ਵਿਚ ਹੋਣੀ ਤੈਅ ਹੋ ਗਈ। ਹਰ ਗੁਰਦੁਆਰੇ ਵਿਚ ਅਕਾਲ ਪੁਰਖ ਦਾ ਇਹ ਨਿਸ਼ਾਨ ਸਾਹਿਬ ਸੁਸ਼ੋਭਿਤ ਹੈ। ਗੁਰੂ ਦੇ ਦਰ ਵੱਲ ਜਾਣ ਵਾਲਾ ਹਰ ਸਿੱਖ ਕਲਗੀਆਂ ਵਾਲੇ ਦੀ ਰਹਿਮਤ ਸਦਕਾ 'ਪ੍ਰਿਥਮ ਗਣੇਸ਼' ਦੀ ਥਾਵੇਂ 'ਪ੍ਰਿਥਮ ਭਗੌਤੀ' ਦੇ ਦਰਸ਼ਨ ਕਰ ਕੇ ਨਤਮਸਤਕ ਹੁੰਦਾ ਹੈ। ਝੰਡਿਆਂ ਦੇ ਵੀ ਜੁਗੋ ਜੁਗ ਅਟੱਲ ਹੋਣ ਦੀ ਅਰਦਾਸ ਪੰਥ ਦਾ ਨਿਸ਼ਾਨਾ ਬਣ ਗਈ। ਇਸ ਦਾ ਪਿਛੋਕੜ ਕੀ ਹੈ, ਇਹ ਸਮਝਣਾ ਜ਼ਰੂਰੀ ਹੈ।

ਭਗੌਤੀ ਨੂੰ ਸ੍ਰੀ ਸਾਹਿਬ ਕਰਕੇ 'ਪੰਥ ਪ੍ਰਕਾਸ਼' ਵਿਚ ਵੀ ਅੰਕਿਤ ਕੀਤਾ ਗਿਆ ਹੈ: *ਕਿਸੈ ਢਾਲ ਕਿਸ ਭਗੌਤੀ ਛੁਹਈ, ਜਿਸੈ ਛੁਹੀ ਉਸੈ ਕਟ ਕਰ ਗਈ। (ਪੰਨਾ ੯੬)* ਅਤੇ *ਪੰਜ ਸਿੰਘਨ ਤੇ ਅਰਦਾਸ ਕਰਾਈ। 'ਹੋਇ ਭਗੌਤੀ' ਸਿੰਘਨ ਸਹਾਈ॥ ੩੨॥* (ਪੰਨਾ ੩੭੮)

ਬਾਵਜੂਦ ਇਸ ਦੇ ਜੋ ਪੰਥ-ਵਿਰੋਧੀ ਸ਼ਕਤੀਆਂ ਮੁੜ ਮੁੜ ਭਗੌਤੀ ਨੂੰ ਦੇਵੀ ਦੱਸਦੀਆਂ ਹਨ ਉਨ੍ਹਾਂ ਬਾਰੇ ਕਲਗੀਧਰ ਪਿਤਾ ਦੇ ਬਚਨ ਹਨ,

ਅਰਥਹ ਛਾਡਿ ਅਨਰਥ ਬਤਾਵਤ॥
ਧਰਮ ਕਰਮ ਚਿਤਿ ਏਕ ਨ ਲਿਆਵਤ॥
ਕਰਮ ਧਰਮ ਕੀ ਕ੍ਰਿਆ ਭੁਲਾਵਤ॥
ਜਹਾ ਤਹਾ ਆਰਿਸਟ ਬਤਾਵਤ॥੮੪॥

ਸ਼ਾਸਤਰਾਂ ਵਿਚ ਤੇਤੀ ਕਰੋੜ ਗਣਾ ਦੇ ਦੇਵਤੇ ਨੂੰ ਗਣ+ਈਸ਼ ਜਾਂ ਗਣੇਸ਼ ਦੀ ਸੰਗਯਾ ਦਿੱਤੀ ਗਈ। ਇਸ ਨੂੰ ਗਣਪਤੀ ਵੀ ਕਿਹਾ ਜਾਂਦਾ ਹੈ। ੧੮੦੦੦ ਸਲੋਕਾਂ ਵਾਲੇ ਬ੍ਰਹਮ ਵੈਵਰਤ ਪੁਰਾਣ ਮੁਤਾਬਕ ਵਿਸ਼ਨੂੰ ਦੇ ਵਰ ਨਾਲ ਸ਼ਿਵ ਤੇ ਪਾਰਵਤੀ ਜਾਂ ਕੇਵਲ ਪਾਰਵਤੀ ਦਾ ਪੁੱਤਰ ਗਣੇਸ਼ ਹੋਇਆ। ਪੁੱਤਰ ਪ੍ਰਾਪਤੀ ਦੀ ਪ੍ਰਸੰਨਤਾ ਵਜੋਂ ਸਾਰੇ ਦੇਵਤਿਆਂ ਨੂੰ ਅਸ਼ੀਰਵਾਦ ਦੇਣ ਲਈ ਬੁਲਾਇਆ ਗਿਆ। ਪਰ ਜਦੋਂ ਸ਼ਨੀ ਦੇਵਤਾ ਨੇ ਇਸ ਨੂੰ ਦੇਖਿਆਂ ਤਾਂ ਉਸ ਦੇ ਕਰੂਰ ਨੇਤਰਾਂ ਕਾਰਨ ਇਸ ਦਾ ਸਿਰ ਉੱਡ ਗਿਆ। ਪਾਰਵਤੀ ਦੇ ਰੁਦਨ ਕਰਨ 'ਤੇ ਵਿਸ਼ਨੂੰ ਨੇ ਇਕ ਹਾਥੀ ਦਾ ਸਿਰ ਇਸ ਥਾਵੇਂ ਲਾ ਦਿੱਤਾ ਅਤੇ ਹਰ ਕਾਰਜ ਦੇ ਅਰੰਭ ਵਿਚ ਇਸ ਦੀ ਪੂਜਾ ਦਾ ਵਿਧਾਨ ਦਿੱਤਾ। ਉਪਰੰਤ ਗਣਪਤੀ ਦੇ ਵੱਡੇ ਹੋਣ 'ਤੇ ਗਜਮੁਖ ਦੈਂਤ ਨਾਲ ਯੁੱਧ ਹੋਣ 'ਤੇ ਇਸ ਨੇ

ਗਜਮੁਖ ਨੂੰ ਮਾਰ ਕੇ ਉਸ ਨੂੰ ਚੂਹਾ ਬਣਾ ਦਿੱਤਾ ਅਤੇ ਆਪਣੀ ਸਵਾਰੀ ਬਣਾ ਲਿਆ।

ਸਾਰੇ ਹਿੰਦੂ ਜਗਤ ਵਿਚ, ਭਾਵੇਂ ਉਹ ਕਿਸੇ ਵੀ ਸੰਪਰਦਾ ਜਾਂ ਮਠ ਨੂੰ ਮੰਨਣ ਵਾਲੇ ਹੋਣ, ਇਹ ਮਿਥਿਹਾਸਕ ਕਥਾ ਇੰਨੀ ਪ੍ਰਚਲਿਤ ਹੋਈ ਕਿ ਹਰ ਕਾਰਜ ਅਰੰਭਣ ਤੋਂ ਪ੍ਰਿਥਮ 'ਸ੍ਰੀ ਗਣੇਸ਼ਾਯਾ ਨਮ:' ਕਹਿ ਕੇ ਹੀ ਇਸ ਦੇਵਤੇ ਦਾ ਧਿਆਨ ਧਰਿਆ ਜਾਣ ਲੱਗ ਪਿਆ। ਨਾਲ ਹੀ ਕਿਸੇ ਵੀ ਕੰਮ ਨੂੰ ਅਰੰਭ ਕਰਨ ਦਾ ਮੁਹਾਵਰਾ ਹੀ 'ਸ੍ਰੀ ਗਣੇਸ਼' ਹੋ ਗਿਆ। ਇਹ ਤਾਂ ਹੋ ਸਕਦਾ ਹੈ ਕਿ ਕਲਗੀਧਰ ਪਿਤਾ ਦੀ ਬਾਣੀ ਤੋਂ ਮੁਨਕਰ ਹੋਏ ਸਿੱਖ ਆਪਣੇ ਗੁਰੂ ਨੂੰ ਸਾਕਤ, ਵਾਮਮਾਰਗੀ ਆਦਿ ਕਹਿ ਦੇਣ ਜਾਂ ਫਿਰ ਗੁਰੂ ਦੀ ਬਖ਼ਸ਼ਿਸ਼ ਕਕਾਰਾਂ ਨੂੰ ਤਿਲਾਂਜਲੀ ਦੇ ਕੇ ਵੀ ਆਪਣੇ ਆਪ ਨੂੰ ਸਿੱਖ ਸਦਾਈ ਜਾਣ। ਪਰ ਇਹ ਕਦਾਚਿਤ ਨਹੀਂ ਹੋ ਸਕਦਾ ਕਿ ਕੋਈ ਹਿੰਦੂ ਪ੍ਰਿਥਮ ਗਣੇਸ਼ ਦਾ ਧਿਆਨ ਧਰਨ ਤੋਂ ਇਨਕਾਰੀ ਵੀ ਹੋ ਜਾਵੇ ਅਤੇ ਆਪਣੇ ਆਪ ਨੂੰ ਹਿੰਦੂ ਵੀ ਅਖਵਾਈ ਜਾਵੇ।

ਭਾਰਤੀ ਸੰਸਕ੍ਰਿਤੀ ਵਿਚ ਕਿਸੇ ਰਚਨਾ ਦੀ ਅਰੰਭਤਾ ਸ੍ਰੀ ਗਣੇਸ਼ ਜਾਂ ਸਰਸਵਤੀ ਦੀ ਅਰਾਧਨਾ ਜਾਂ ਉਸਦੇ ਮੰਗਲ ਨਾਲ ਕੀਤੀ ਜਾਂਦੀ ਸੀ ਪਰ ਗੁਰੂ ਸਾਹਿਬ ਜੀ 'ਬਚਿਤ੍ਰ ਨਾਟਕ' ਦੀ ਅਰੰਭਤਾ ਵਿਚ ਮੰਗਲ ਭਗਉਤੀ, ਖੜਗ ਜਾਂ ਸ੍ਰੀ ਸਾਹਿਬ ਦਾ ਕਰਦੇ ਹਨ:

ਨਮਸਕਾਰ ਸ੍ਰੀ ਖੜਗ ਕੋ ਕਰੋਂ ਸੁ ਹਿਤੁ ਚਿਤੁ ਲਾਇ॥
ਪੂਰਨ ਕਰੋਂ ਗਿਰੰਥ ਇਹੁ ਤੁਮ ਮੁਹਿ ਕਰਹੁ ਸਹਾਇ॥੧॥

ਇਸ ਪਿਛੋਕੜ ਵਿਚ ਕਲਗੀਧਰ ਪਿਤਾ ਦਾ ਇਹ ਕਿਤਨਾ ਵੱਡਾ ਇਨਕਲਾਬੀ ਨਾਅਰਾ ਸੀ ਜਦੋਂ ਆਪ ਨੇ ਐਲਾਨੀਆ ਤੌਰ 'ਤੇ ਕਿਹਾ ਕਿ- *ਮੈ ਨ ਗਨੇਸਹਿ ਪ੍ਰਿਥਮ ਮਨਾਊ॥ ਕਿਸਨ ਬਿਸਨ ਕਬਹੂੰ ਨ ਧਿਆਊ॥* ਹੁਣ ਸਾਹਿਬਾਂ ਨੇ ਇਹ ਬਚਨ ਤਾਂ ਕਰ ਦਿੱਤੇ ਕਿ ਮੈਂ ਪ੍ਰਿਥਮ ਗਣੇਸ਼ ਨੂੰ ਨਹੀਂ ਮਨਾਵਾਂਗਾ। ਤਾਂ ਫਿਰ ਸਾਹਿਬ ਪ੍ਰਿਥਮ ਕਿਸ ਨੂੰ ਮਨਾਉਣਗੇ। ਗੁਰੂ ਜੀ ਨੇ ਫੁਰਮਾਇਆ, "ਪ੍ਰਿਥਮ ਭਗੌਤੀ ਸਿਮਰਿ ਕੈ" ਇਸ ਇਕ ਐਲਾਨਨਾਮੇ ਨਾਲ ਹੀ ਖਾਲਸੇ ਨੂੰ ਨਿਆਰੇਪਨ ਦੀ ਪਦਵੀ ਪ੍ਰਾਪਤ ਹੁੰਦੀ ਹੈ। ਇਹ ਐਲਾਨਨਾਮਾ ਕਿਰਤਮ ਦੀ ਬਜਾਇ ਕਰਤਾਰ ਨਾਲ ਜੋੜਨ ਦਾ ਅਮਲੀ ਹੁਕਮਨਾਮਾ ਹੈ।

ਸਿਧਾਂਤਾਂ ਦੀ ਇਤਨੀ ਸਪੱਸ਼ਟਤਾ ਦੇ ਬਾਵਜੂਦ ਸਮੇਂ-ਸਮੇਂ ਸਿਰ ਪੰਥ ਵਿਚ ਐਸੀਆਂ ਗੁਰਮਤਿ ਅਤੇ ਪੰਥ-ਵਿਰੋਧੀ ਸੁਰਾਂ ਉਭਰਦੀਆਂ ਹਨ ਜੋ ਇਸ ਬਾਰੇ ਭੁਲੇਖੇ ਪਾਣ ਦਾ ਨਿਰਾਰਥਕ ਯਤਨ ਕਰਦੀਆਂ ਰਹਿੰਦੀਆਂ ਹਨ। ਐਸਾ ਹੀ ਉਪਰਾਲਾ ਪਿਛਲੀ ਸਦੀ ਦੇ ਅਰੰਭ ਵਿਚ ਭਸੌੜੀਆਂ ਵੱਲੋਂ ਕੀਤਾ ਗਿਆ ਸੀ। ਇਸ ਬਾਰੇ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਹੁਕਮਨਾਮਾ ਜਾਰੀ ਕੀਤਾ ਸੀ:

ਪੰਚ ਖ਼ਾਲਸਾ ਦੀਵਾਨ (ਪੰਚ ਖੰਡ) ਭਸੌੜ ਨੇ ਗੁਰਮੁਖੀ ਕੋਰਸ ਨਾਮੇ ਪੁਸਤਕਾਂ

ਛਾਪ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਅਦਲਾ-ਬਦਲੀ ਤੇ ਵਾਧਾ-ਘਾਟਾ ਕਰ ਕੇ ਗੁਰਬਾਣੀ ਤੇ ਉਸ ਦੇ ਕ੍ਰਮ ਨੂੰ ਭੰਗ ਕੀਤਾ ਹੈ ਅਤੇ ਗੁਰ ਮੰਤ੍ਰ, ਅਰਦਾਸੇ ਤੇ ਅੰਮ੍ਰਿਤ ਮਰਯਾਦਾ ਵਿਚ ਅਦਲਾ ਬਦਲੀ ਕਰਨ ਦੀਆਂ ਗੁਰਮਤਿ ਵਿਰੁੱਧ ਕਾਰਵਾਈਆਂ ਕੀਤੀਆਂ ਹਨ। ਇਸ ਲਈ ਬਾਬੂ ਤੇਜਾ ਸਿੰਘ ਤੇ ਬੀਬੀ ਨਿਰੰਜਨ ਕੌਰ ਨੂੰ ਪੰਥ ਵਿੱਚੋਂ ਖਾਰਜ ਕੀਤਾ ਜਾਂਦਾ ਹੈ ਤੇ ਪੰਚ ਖ਼ਾਲਸਾ ਦੀਵਾਨ ਦੇ ਬਾਕੀ ਮੈਂਬਰਾਂ ਦੀ ਸ੍ਰੀ ਅਕਾਲ ਤਖਤ ਸਾਹਿਬ ਤੇ ਹੋਰ ਗੁਰਦੁਆਰਾ ਸਾਹਿਬਾਨ ਵਿਚ ਅਰਦਾਸਾ ਬੰਦ ਕੀਤਾ ਜਾਂਦਾ

ਪਰ ਇਹ ਕੋਝੇ ਯਤਨ ਸਮੇਂ ਸਮੇਂ ਸਿਰ ਹੁੰਦੇ ਰਹੇ ਹਨ। ੧੯੯੦ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਇਸ ਬਾਰੇ ਚਿਤਾਵਨੀ ਜਾਰੀ ਕੀਤੀ ਸੀ। ਹੁਣ ਫਿਰ ਦਿੱਲੀ ਵਿਚ ਇਸ ਤਰ੍ਹਾਂ ਦੀ ਗੁਰੂ ਨਿੰਦਕ 'ਵੈਸ਼ਾਖਨੰਦ' ਬਿਰਤੀ ਨੂੰ ਦੁਹਰਾਉਣ ਦਾ ਯਤਨ ਕੀਤਾ ਗਿਆ ਹੈ। ਸੁਚੇਤ ਹੋਣ ਦੀ ਲੋੜ ਹੈ। ਜਾਗਣ ਦੀ ਲੋੜ ਹੈ।

ਕਲਗੀਆਂ ਵਾਲੇ ਦੀ ਇਹ ਰਹਿਮਤ 'ਵਾਰ ਸ੍ਰੀ ਭਗਉਤੀ ਜੀ ਕੀ॥' ਸਾਡੀ ਅਗਵਾਈ ਅਤੇ ਰਹਿਨੁਮਾਈ ਕਰੇ ਅਤੇ ਸਦਾ ਸਹਾਈ ਹੋਵੇ। ਇਹੀ ਅਰਦਾਸ ਸੋਭਦੀ ਹੈ। ■

ਗੁਰਦੁਆਰਾ ਅਚੱਲ ਸਾਹਿਬ ਵਿਖੇ ਅੰਮ੍ਰਿਤ-ਸੰਚਾਰ

ਭਾਈ ਪੰਥਜੀਤ ਸਿੰਘ, ਭਾਈ ਗੁਰਪਿੰਦਰ ਸਿੰਘ ਅਤੇ ਭਾਈ ਮਨਜੀਤ ਸਿੰਘ ਕਾਦੀਆਂ ਪ੍ਰਚਾਰਕ ਸਾਹਿਬਾਨ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ ਗੁਰਦੁਆਰਾ ਅਚੱਲ ਸਾਹਿਬ, ਪਿੰਡ ਸੱਲੋ ਚਾਹਲ, ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਵਿਖੇ ਜਥੇ. ਗੁਰਨਾਮ ਸਿੰਘ ਜੱਸਲ ਦੀ ਪ੍ਰੇਰਨਾ ਸਦਕਾ ੨੩ ਫਰਵਰੀ, ੨੦੨੫ ਈ. ਨੂੰ ਅੰਮ੍ਰਿਤ-ਸੰਚਾਰ ਸਮਾਗਮ ਕਰਵਾਇਆ ਗਿਆ। ਇਸ ਦੌਰਾਨ ੩੫ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ।

ਖਾਲਸਾ ਮੇਰੋ ਰੂਪ ਹੈ ਖਾਸ। ਖਾਲਸੇ ਮਾਹਿ ਹੌਂ ਕਰੌਂ ਨਿਵਾਸ।...
ਖਾਲਸਾ ਮੇਰੋ ਇਸਟ ਸੁਹਿਰਦ। ਖਾਲਸਾ ਮੇਰੋ ਕਹੀਅਤ ਬਿਰਦ।....
ਖਾਲਸਾ ਮੇਰੋ ਮਿਤ੍ਰ ਸਖਾਈ। ਖਾਲਸਾ ਮਿਤ੍ਰ ਪਿਤਾ ਸੁਖਦਾਈ।...
ਖਾਲਸਾ ਮੇਰੋ ਪਿੰਡ ਪਰਾਨ। ਖਾਲਸਾ ਮੇਰੀ ਜਾਨ ਕੀ ਜਾਨ।...
ਖਾਲਸਾ ਮੇਰੋ ਸਤਿਗੁਰ ਪੂਰਾ। ਖਾਲਸਾ ਮੇਰੋ ਸਜਨ ਸੂਰਾ।...
ਯਾ ਮੈ ਰੰਚ ਨਾ ਮਿਥਿਆ ਭਾਖੀ। ਪਾਰ ਬ੍ਰਹਮ ਗੁਰੂ ਨਾਨਕ ਸਾਖੀ।...

(ਸਰਬ ਲੋਹ ਗ੍ਰੰਥ)

ਕਿਰਪਾਨ: ਇਤਿਹਾਸ ਅਤੇ ਚੁਣੌਤੀਆਂ

*-ਡਾ. ਗੁਰਮਿੰਦਰ ਸਿੰਘ ਰੂਪੋਵਾਲੀ**

ਸਿੱਖ ਹਮੇਸ਼ਾ 'ਨਾਮ ਬਾਣੀ' ਦਾ ਅਭਿਆਸੀ ਹੈ। ਇਹੀ ਅਭਿਆਸ ਇਕ ਸਿੱਖ ਨੂੰ ਭਗਤੀ ਤੋਂ ਸ਼ਕਤੀ ਦੇ ਮਾਰਗ ਵੱਲ ਪ੍ਰੇਰਿਤ ਕਰਦਾ ਹੈ ਅਤੇ ਉਹ ਅਕਾਲ ਪੁਰਖ ਦੀ ਕਿਰਪਾ ਸਦਕਾ ਕਿਰਪਾਨਧਾਰੀ ਹੋ ਜਾਂਦਾ ਹੈ। ਸਿੱਖ ਦੇ ਸ਼ਸਤਰਧਾਰੀ ਹੋਣ ਦੇ ਅੰਸ਼ ਗੁਰਬਾਣੀ ਵਿੱਚੋਂ ਪ੍ਰਾਪਤ ਹੁੰਦੇ ਹਨ, ਜਿਵੇਂ; *ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ॥ ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ* ਤਥਾ *ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥* ਇਕ ਸਿੱਖ ਭਗਤੀ ਤੇ ਸ਼ਕਤੀ, ਮੀਰੀ-ਪੀਰੀ, ਸ਼ਸਤਰ ਤੇ ਸ਼ਾਸਤਰ ਅਤੇ ਦੇਗ ਤੇ ਤੇਗ਼ ਦੋਨਾਂ ਦਾ ਧਾਰਨੀ ਹੈ। ਜਿੱਥੇ ਬਾਣੀ ਭਗਤੀ ਦਾ ਪ੍ਰਤੀਕ ਹੈ, ਉੱਥੇ ਕਿਰਪਾਨ ਸ਼ਕਤੀ ਦਾ ਪ੍ਰਤੀਕ ਹੈ। ਇਹ ਭਰੋਸਾ ਤੇ ਦਲੇਰੀ ਪੈਦਾ ਕਰਦੀ ਹੈ। ਇਕ ਸਿੱਖ ਜਿੱਥੇ ਨਾਮ-ਬਾਣੀ ਦਾ ਅਭਿਆਸੀ ਹੋਵੇ, ਉੱਥੇ ਹੀ ਉਹ ਤੇਗ਼ ਦਾ ਵੀ ਧਨੀ ਹੋਵੇ। ਕਿਰਪਾਨ ਇਕ ਸ਼ਸਤਰ ਵਜੋਂ ਸਾਡੀ ਬਾਹਰਮੁਖੀ ਰਹਿਤ ਦਾ ਜ਼ਰੂਰੀ ਅੰਗ ਹੈ। ਸਿੱਖ ਭਾਵੇਂ ਕੋਈ ਵੀ ਸ਼ਸਤਰ ਰੱਖੇ ਇਸ ਦੀ ਉਸ ਨੂੰ ਆਗਿਆ ਹੈ, ਪਰ ਕਿਰਪਾਨ ਉਸ ਕੋਲ ਹਰ ਵੇਲੇ ਜ਼ਰੂਰੀ ਹੈ। ਕਿਰਪਾਨ ਅਕਾਲੀ ਕਾਜ ਪੂਰਾ ਕਰਨ ਲਈ ਹੀ ਸਿੱਖ ਨੂੰ ਸਦਾ ਅੰਗ ਸੰਗ ਰੱਖਣ ਦਾ ਹੁਕਮ ਹੈ।[੧] ਕਿਰਪਾਨ ਨੂੰ ਬਹੁਤ ਸਾਰੇ ਨਾਵਾਂ ਨਾਲ ਜਾਣਿਆ ਜਾਂਦਾ ਹੈ, ਜਿਵੇਂ-ਤਲਵਾਰ, ਖਗ, ਖੜਗ, ਅਸਿਧੁਜ, ਸ੍ਰੀ ਸਾਹਿਬ, ਕਰਦ ਸ਼ਮਸ਼ੀਰ, ਤੇਗ, ਭਵਾਨੀ, ਸ੍ਰੀ ਭਗੌਤੀ, ਅਸਿ, ਸਿਰੋਹੀ, ਸੈਫ ਆਦਿ। ਗੁਰਮਤਿ ਵਿਚ ਵਧੇਰੇ ਕਰਕੇ ਕਿਰਪਾਨ ਅਤੇ ਸ੍ਰੀ ਸਾਹਿਬ ਨਾਮ ਪ੍ਰਚਲਿਤ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕਿਰਪਾਨ ਦਾ ਖਾਸ ਨਾਮ ਸ੍ਰੀ ਸਾਹਿਬ ਹੈ; *ਮੰਜੀ ਵਿਛਾਇ ਤਾ ਪਰ ਵੈ ਰਾਖਾ। ਸ੍ਰੀ ਸਾਹਿਬ ਨਾਮੁ ਖੰਡੇ ਕਾ ਰਾਖਾ।*[੨] ਕਿਰਪਾਨ ਦਾ ਵਿਸ਼ੇਸ਼ ਸਤਿਕਾਰ ਇਸ ਕਰਕੇ ਵੀ ਕੀਤਾ ਜਾਂਦਾ ਹੈ ਕਿਉਂਕਿ ਇਹ ਪੰਜ ਕਕਾਰਾਂ ਵਿਚ ਸ਼ਾਮਲ ਹੈ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨੂੰ *"ਯਹੈ ਹਮਾਰੇ ਪੀਰ"* ਕਹਿ ਕੇ ਸਤਿਕਾਰ ਦਿੱਤਾ ਹੈ।

ਭਾਈ ਕਾਨ੍ਹ ਸਿੰਘ ਨਾਭਾ ਜੀ ਨੇ 'ਮਹਾਨ ਕੋਸ਼' ਵਿਚ ਕਿਰਪਾਨ (ਕ੍ਰਿਪਾਣ, ਕਿਰਪਾਨ) ਦੇ ਅਰਥ ਕ੍ਰਿਪਾ ਦਾ ਘਰ, ਦਯਾ ਦਾ ਨਿਵਾਸ, ਕ੍ਰਿਪਾਵਾਨ, ਰਹਿਮ ਆਦਿ ਕੀਤੇ ਹਨ।[੩] ਭਾਈ ਕਾਨ੍ਹ ਸਿੰਘ ਜੀ ਦੁਆਰਾ ਕਿਰਪਾਨ ਦੇ ਇਹ ਅਰਥ ਅੰਤਰਮੁਖੀ ਕੀਤੇ ਹੋਏ ਹਨ। ਇਸ ਤੋਂ ਇਲਾਵਾ ਕਿਰਪਾਨ ਦੇ ਬਾਹਰਮੁਖੀ ਅਰਥ

** ਰੀਸਰਚ ਸਕਾਲਰ, ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ. ੯੯੧੪੨-੪੨੯੧੨*

'ਸ਼ਸਤਰ' ਵਜੋਂ ਕਰਦੇ ਲਿਖਦੇ ਹਨ; "ਜੋ ਕ੍ਰਿਪਾ ਨੂੰ ਫੈਂਕ ਦੇਵੇ, ਜਿਸ ਦੇ ਚਲਾਉਣ ਵੇਲੇ ਰਹਮ ਨਾ ਆਵੇ, ਤਲਵਾਰ, ਸ਼੍ਰੀ ਸਾਹਿਬ, ਸ਼ਮਸ਼ੇਰ (ਸ਼ਮਸ਼ੀਰ), ਸਿੰਘਾਂ ਦਾ ਦੂਜਾ ਕਕਾਰ ਜੋ ਅੰਮ੍ਰਿਤਧਾਰੀ ਨੂੰ ਪਹਿਰਣਾ ਵਿਧਾਨ ਹੈ।"[੪] ਅਮਲੀ ਸ਼ਕਲ ਵਿਚ ਕਿਰਪਾਨ ਦੇ ਅਰਥ ਸਿੱਖਾਂ ਦੇ ਇਤਿਹਾਸ ਵਿਚ ਬਦਲ ਗਏ ਹਨ। ਇਹ ਦੀਨਾਂ ਦੀ ਰੱਖਿਆ ਕਰਨ ਲਈ ਤੇ ਸ਼ਤਰੂਆਂ, ਦੁਸ਼ਟਾਂ ਤੇ ਜਾਲਮਾਂ ਦਾ ਨਾਸ਼ ਕਰਨ ਲਈ ਹੈ।[੫] ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਅਕਾਲ ਪੁਰਖ ਨੂੰ ਵੀ ਖੜਗਧਾਰੀ ਦੱਸਿਆ ਹੈ, *ਸ੍ਰੀ ਅਸਿਧੁਜ ਜੂ ਕਰਿਯਹੁ ਰਛਾ॥*[੬] ਅਤੇ *ਖੜਗੁ ਕੇਤ ਮੈ ਸਰਣ ਤਿਹਾਰੀ॥*[੭] ਗੁਰੂ ਸਾਹਿਬ ਜੀ ਸ੍ਰੀ ਦਸਮ ਗ੍ਰੰਥ ਅੰਦਰ ਕ੍ਰਿਸ਼ਨਾਵਤਾਰ ਵਿਚ ਫੁਰਮਾਉਂਦੇ ਹਨ ਕਿ, *ਦੇਗ ਤੇਗ ਜਗ ਮੈ ਦੋਊ ਚਲੈ॥ ਰਾਖ ਆਪ ਮੁਹਿ ਅਵਰ ਨ ਦਲੈ॥*[੮] ਭਾਈ ਗੁਰਦਾਸ ਜੀ (ਦੂਜਾ) ਨੇ ਅਕਾਲ ਪੁਰਖ ਨੂੰ ਕੇਸ ਰੱਖ ਕੇ ਖੜਗ ਨਾਲ ਦੁਸ਼ਟਾਂ ਦਾ ਸੰਘਾਰ ਕਰਦੇ ਦੱਸਿਆ ਹੈ, "ਸਿਰ ਕੇਸ ਧਾਰਿ ਗਹਿ ਖੜਗ ਕੋ ਸਭ ਦੁਸਟ ਪਛਾਰਾ।"[੯]

ਸ਼ਸਤਰਾਂ ਨੂੰ ਚਾਰ ਭਾਗਾਂ ਵਿਚ ਵੰਡਿਆ ਗਿਆ ਹੈ: ੧. ਮੁਕਤ ਸ਼ਸਤਰ- ਜੋ ਹੱਥੋਂ ਛੱਡ ਕੇ ਚਲਾਏ ਜਾਣ, ਜਿਵੇਂ ਚੱਕਰ ਆਦਿ। ੨. ਅਮੁਕਤ ਸ਼ਸਤਰ- ਜੋ ਹੱਥੋਂ ਨਾ ਛੱਡੇ ਜਾਣ, ਹੱਥ ਵਿਚ ਰੱਖ ਕੇ ਹੀ ਚਲਾਏ ਜਾਣ, ਜਿਵੇਂ ਕਿਰਪਾਨ, ਕਟਾਰ ਆਦਿ। ੩. ਮੁਕਤਾਮੁਕਤ ਸ਼ਸਤਰ- ਜੋ ਹੱਥੋਂ ਛੱਡ ਕੇ ਵੀ ਚਲਾਏ ਜਾਣ ਅਤੇ ਹੱਥ ਵਿਚ ਰੱਖ ਕੇ ਵੀ ਚਲਾਏ ਜਾ ਸਕਦੇ ਹੋਣ, ਜਿਵੇਂ ਬਰਛਾ, ਗਦਾ ਆਦਿ। ੪. ਯੰਤ੍ਰ ਮੁਕਤ ਸ਼ਸਤਰ- ਜੋ ਕਿਸੇ ਕਲ ਨਾਲ ਛੱਡੇ ਜਾਣ, ਜਿਵੇਂ ਤੀਰ, ਗੋਲ਼ੀ, ਗੁਲੇਲ ਆਦਿ। ਇਸ ਤਰ੍ਹਾਂ ਕਿਰਪਾਨ ਅਮੁਕਤ ਸ਼ਸਤਰ ਹੈ, ਜਿਸ ਨੂੰ ਇਕ ਸਿੱਖ ਕਦੇ ਵੀ ਆਪਣੇ ਤੋਂ ਦੂਰ ਨਹੀਂ ਰੱਖ ਸਕਦਾ।[੧੦]

ਕਿਰਪਾਨ ਦਾ ਇਤਿਹਾਸਿਕ ਪ੍ਰਸੰਗ

ਸ਼ਸਤਰ ਨੂੰ ਕੋਲ ਰੱਖਣ ਦੀ ਮਹੱਤਤਾ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਵੇਲੇ ਤੋਂ ਹੀ ਪ੍ਰਚਲਿਤ ਹੈ। ਇਸ ਬਾਬਤ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਵਿੱਚੋਂ ਹਵਾਲਾ ਵੇਖਿਆ ਜਾ ਸਕਦਾ ਹੈ, ਜਿੱਥੇ ਉਹ ਦੱਸਦੇ ਹਨ ਕਿ ਮੱਕੇ ਦੀ ਉਦਾਸੀ ਵੇਲੇ ਗੁਰੂ ਸਾਹਿਬ ਜੀ ਦੇ ਹੱਥ ਵਿਚ ਆਸਾ (ਸੋਟਾ) ਸੀ।[੧੧] ਗੁਰੂ ਸਾਹਿਬ ਜੀ ਦੇ ਹੱਥ ਵਿਚ ਸੋਟੇ ਦਾ ਹੋਣਾ ਸ਼ਸਤਰ ਦਾ ਹੀ ਪ੍ਰਤੀਕ ਮੰਨਿਆ ਜਾਣਾ ਚਾਹੀਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਸ਼ਸਤਰ ਰੱਖਣ ਸੰਬੰਧਿਤ ਇਕ ਹੋਰ ਸਾਖੀ ਪ੍ਰਾਪਤ ਹੁੰਦੀ ਹੈ। ਜਿਸ ਵਕਤ ਸ੍ਰੀ ਗੁਰੂ ਨਾਨਕ ਦੇਵ ਜੀ ਉਦਾਸੀਆਂ ਦੌਰਾਨ ਮੌਜੂਦਾ ਆਸਾਮ ਦੇ ਧਨਪੁਰ ਨਗਰ ਵਿਚ ਪਹੁੰਚੇ ਤਾਂ ਉੱਥੋਂ ਦੀ ਪ੍ਰਸਿੱਧ ਜਾਦੂਗਰਨੀ ਨੂਰਸ਼ਾਹ ਨੇ ਆਪਣੇ ਮੰਤਰਾਂ ਨਾਲ ਗੁਰੂ ਸਾਹਿਬ ਅਤੇ ਭਾਈ ਮਰਦਾਨਾ ਜੀ ਨੂੰ ਆਪਣੇ ਵੱਸ ਵਿਚ ਕਰਨਾ ਚਾਹਿਆ। ਪਰ ਗੁਰੂ ਸਾਹਿਬ ਉਸ ਦੇ ਜੰਤਰਾਂ-ਮੰਤਰਾਂ ਦੇ ਵੱਸ ਵਿਚ ਨਾ ਆਏ ਅਤੇ ਜਾਦੂਗਰਨੀ ਨੂੰ "ਗਲੀੱ ਅਸੀ ਚੰਗੀਆ ਆਚਾਰੀ ਬੁਰੀਆਹ॥" ਸ਼ਬਦ ਉਚਾਰ ਕੇ ਸਹੀ

ਰਸਤਾ ਵਿਖਾਇਆ ਅਤੇ ਆਪਣਾ ਸਿੱਖ ਬਣਾਇਆ। ਜਿਸ ਵਕਤ ਗੁਰੂ ਸਾਹਿਬ ਉੱਥੋਂ ਰਵਾਨਾ ਹੋਣ ਲੱਗੇ ਤਾਂ ਸੰਗਤ ਨੇ ਕੁਝ ਨਿਸ਼ਾਨੀ ਦਰਸ਼ਨਾਂ ਲਈ ਦੇਣ ਨੂੰ ਕਿਹਾ, ਤਾਂ ਗੁਰੂ ਸਾਹਿਬ ਜੀ ਦੇ ਹੱਥ ਵਿਚ ਬਰਛਾ ਸੀ, ਜੋ ਸੰਗਤ ਨੂੰ ਦੇ ਦਿੱਤਾ।[੧੨] ਗੁਰੂ ਸਾਹਿਬ ਜੀ ਦੀ ਯਾਦ ਵਿਚ ਅੱਜ ਵੀ ਉੱਥੇ ਗੁਰਦੁਆਰਾ ਬਰਛਾ ਸਾਹਿਬ ਸੁਸ਼ੋਭਿਤ ਹੈ। ਇਸ ਸਾਖੀ ਤੋਂ ਸਮਝਿਆ ਜਾ ਸਕਦਾ ਹੈ ਕਿ ਗੁਰੂ ਸਾਹਿਬ ਜੀ ਉਦਾਸੀਆਂ ਦੌਰਾਨ ਆਪਣੇ ਕੋਲ ਕੋਈ ਨਾ ਕੋਈ ਸ਼ਸਤਰ ਨਾਲ ਲੈ ਕੇ ਚਲਦੇ ਸਨ। ਇਹੀ ਪਰੰਪਰਾ ਅਗਾਂਹ ਵੀ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਸਿੱਖਾਂ ਵਿਚ ਜਾਰੀ ਰਹੀ, ਜਿਵੇਂ, ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ, ਭਾਈ ਪਰਾਗਾ ਜੀ, ਭੱਟ ਕੀਰਤ ਜੀ ਆਦਿ ਸਿੱਖ ਸ਼ਸਤਰ ਵਿੱਦਿਆ ਦੇ ਧਨੀ ਸਨ। ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਦੀਆਂ ਸ੍ਰੀ ਸਾਹਿਬ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਮੌਜੂਦ ਹਨ।

ਜਿਸ ਵਕਤ ਹਿਮਾਯੂੰ ਬਾਦਸ਼ਾਹ ਸ਼ੇਰ ਸ਼ਾਹ ਸੂਰੀ ਕੋਲੋਂ ਹਾਰ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਕੋਲ ਆਇਆ ਤਾਂ ਗੁਰੂ ਸਾਹਿਬ ਜੀ ਨੇ ਦੋ ਘੜੀਆਂ ਹਿਮਾਯੂੰ ਵੱਲ ਦੇਖਿਆ ਤਕ ਨਹੀਂ। ਹਿਮਾਯੂੰ ਨੇ ਗੁੱਸੇ ਵਿਚ ਆ ਕੇ ਤਲਵਾਰ ਨੂੰ ਹੱਥ ਪਾਇਆ। ਤਦ ਗੁਰੂ ਸਾਹਿਬ ਜੀ ਨੇ ਕਿਹਾ ਕਿ, 'ਸ਼ੇਰਸ਼ਾਹ ਅੱਗੇ ਜਿੱਥੇ ਤਲਵਾਰ ਕੱਢਣੀ ਚਾਹੀਦੀ ਸੀ, ਉੱਥੇ ਤਾਂ ਕੱਢੀ ਨਹੀਂ'- *ਸੇਰਸਾਹ ਸੋ ਕਛੁ ਨਹੀ ਕੀਨਾ। ਈਹਾ ਤਲਵਾਰ ਮੂਠ ਗਹਿ ਲੀਨਾ।*[੧੩] ਗੁਰੂ ਸਾਹਿਬ ਜੀ ਦੇ ਇਨ੍ਹਾਂ ਬੋਲਾਂ ਤੋਂ ਸਮਝਿਆ ਜਾ ਸਕਦਾ ਹੈ ਕਿ ਸਿੱਖ ਧਰਮ ਅੰਦਰ ਸ਼ੁਰੂ ਤੋਂ ਹੀ ਸ਼ਸਤਰਾਂ ਪ੍ਰਤੀ ਕੋਈ ਨਕਰਾਤਮਕ ਨਜ਼ਰੀਆ ਨਹੀਂ ਰੱਖਿਆ ਗਿਆ, ਬਲਕਿ ਸ਼ਸਤਰ ਸ਼ੁਰੂ ਤੋਂ ਹੀ ਸਿੱਖਾਂ ਦਾ ਅੰਗ ਰਹੇ ਹਨ। ਇੱਥੇ ਇਕ ਹੋਰ ਘਟਨਾ ਦਾ ਜ਼ਿਕਰ ਕਰਨਾ ਬਣਦਾ ਹੈ। 'ਮਹਿਮਾ ਪ੍ਰਕਾਸ਼' ਕ੍ਰਿਤ ਸਰੂਪ ਦਾਸ ਭੱਲਾ ਅਨੁਸਾਰ ਜਦ ਸ੍ਰੀ ਗੁਰੂ ਅੰਗਦ ਦੇਵ ਜੀ ਜੋਗੀ ਪੀਰ (ਤਪਾ) ਨਾਲ ਝਗੜਾ ਹੋਣ 'ਤੇ ਖਡੂਰ ਸਾਹਿਬ ਨੂੰ ਛੱਡ ਕੇ ਖਾਨ ਰਜਾਦਾ ਦੇ ਸਥਾਨ 'ਤੇ ਚਲੇ ਗਏ। ਜਦੋਂ ਇਸ ਗੱਲ ਦਾ ਪਤਾ ਸ੍ਰੀ (ਗੁਰੂ) ਅਮਰਦਾਸ ਜੀ ਨੂੰ ਲੱਗਾ ਕਿ ਗੁਰੂ ਸਾਹਿਬ ਜੀ ਤਪੇ ਦੁਆਰਾ ਝਗੜਾ ਕਰਨ ਕਰਕੇ ਖਡੂਰ ਸਾਹਿਬ ਨੂੰ ਛੱਡ ਕੇ ਚਲੇ ਗਏ ਹਨ ਅਤੇ ਤਪੇ ਨੇ ਇਹ ਸ਼ਰਤ ਰੱਖੀ ਹੈ ਕਿ ਜੋ ਮੀਂਹ ਪਵਾਏਗਾ ਓਹੀ ਇੱਥੇ ਰਹੇਗਾ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਐਸਾ ਕਰਨ ਤੋਂ ਮਨ੍ਹਾਂ ਕਰ ਦਿੱਤਾ। ਸ੍ਰੀ (ਗੁਰੂ) ਅਮਰਦਾਸ ਜੀ ਨੇ ਇਹ ਸੁਣ ਕੇ ਸਹਿਜਭਾਇ ਬਚਨ ਕੀਤਾ ਕਿ ਤਪੇ ਨੂੰ ਜਿੱਥੇ-ਜਿੱਥੇ ਘਸੀਟੋਗੇ ਉੱਥੇ-ਉੱਥੇ ਵਰਖਾ ਹੋਵੇਗੀ ਅਤੇ ਇਵੇਂ ਹੀ ਹੋਇਆ।[੧੪] ਸ੍ਰੀ (ਗੁਰੂ) ਅਮਰਦਾਸ ਜੀ ਦੇ ਇਸ ਯਤਨ ਕਰਕੇ ਸ੍ਰੀ ਗੁਰੂ ਅੰਗਦ ਦੇਵ ਜੀ ਉਨ੍ਹਾਂ ਤੋਂ ਨਰਾਜ਼ ਹੋ ਗਏ। ਸ੍ਰੀ (ਗੁਰੂ) ਅਮਰਦਾਸ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਚਰਨਾਂ 'ਤੇ ਢਹਿ ਕੇ ਭੁੱਲ ਬਖਸ਼ਾਈ ਅਤੇ ਇਹ ਬਚਨ ਕਹੇ;

ਸੰਤ ਦੋਖ ਨਾਰਾਇਣ ਦੁਖੀ। ਸੰਤ ਦੋਖੀ ਕਿਮ ਹੋਵੈ ਸੁਖੀ।

ਪ੍ਰਭੂ ਨਿਜ ਮੁਖ ਆਗਿਆ ਪੰਥ ਕੀ ਕਰੀ। ਬਿਨ ਦੇਖ ਪ੍ਰਭਾਵ ਪੰਥ ਕਿਮ ਧਰੀ।
ਜੋਗੀ ਗੁਰ ਕੋ ਦੀਆ ਉਠਾਇ। ਕਿਮਕਰ ਪੰਥ ਧਰੇ ਸਿਖ ਆਇ।[੧੫]

ਉਪਰੋਕਤ ਘਟਨਾ ਤੋਂ ਸਮਝਿਆ ਜਾ ਸਕਦਾ ਹੈ ਕਿ ਸਿੱਖ ਪੰਥ ਵਿਚ ਸ਼ੁਰੂ ਤੋਂ ਹੀ ਅਨਿਆਂ ਖ਼ਿਲਾਫ ਲੜਨ ਦੇ ਅੰਸ਼ ਮਿਲਦੇ ਹਨ। ਇਸ ਤੋਂ ਇਲਾਵਾ ਸ੍ਰੀ ਗੁਰੂ ਅੰਗਦ ਦੇਵ ਜੀ ਦੁਆਰਾ ਮੱਲ ਅਖਾੜੇ ਰਚ ਕੇ, ਪਹਿਲਵਾਨਾਂ ਦੀਆਂ ਕੁਸ਼ਤੀਆਂ ਕਰਵਾਉਣੀਆਂ ਅਗਾਮੀਂ ਘਟਨਾਵਾਂ ਲਈ ਵੱਡੀ ਤਿਆਰੀ ਸੀ।[੧੬] ਅਜਿਹੀਆਂ ਘਟਨਾਵਾਂ ਹੀ ਸਿੱਖ ਪੰਥ ਦੇ ਸ਼ਸਤਰਧਾਰੀ ਹੋਣ ਦੀ ਪਿੱਠ-ਭੂਮੀ ਉਸਾਰਦੀਆਂ ਹਨ।

ਸ੍ਰੀ ਗੁਰੂ ਰਾਮਦਾਸ ਜੀ ਵੀ ਚੰਗੇ ਘੋੜ ਸਵਾਰ ਸਨ। ਉਨ੍ਹਾਂ ਬਾਬਤ 'ਮਹਿਮਾ ਪ੍ਰਕਾਸ਼' (ਵਾਰਤਕ) ਵਿਚ ਵਰਣਨ ਮਿਲਦਾ ਹੈ ਕਿ, *ਮਾਝੇ ਚਲੇ ਸਤਿਗੁਰ ਕਰਤਾਰ। ਘੋੜੀ ਪਰ ਹੁਏ ਅਸਵਾਰ।*[੧੭] ਇਸੇ ਤਰ੍ਹਾਂ ਸ੍ਰੀ ਗੁਰੂ ਅਰਜਨ ਦੇਵ ਜੀ ਖੁਦ ਘੋੜਿਆਂ ਦਾ ਵਪਾਰ ਕਰਿਆ ਕਰਦੇ ਸਨ। ਉਹ ਭਾਈ ਗੁਰਦਾਸ ਜੀ ਨੂੰ ਸੌਦਾਗਰਾਂ ਪਾਸੋਂ ਘੋੜਿਆਂ ਦਾ ਮੁੱਲ ਕਰਵਾਉਣ ਲਈ ਕਹਿੰਦੇ ਹਨ, *ਤਬ ਸਾਹਿਬ ਕਾ ਹੁਕਮ ਹੋਇਆ ਭਾਈ ਗੁਰਦਾਸ ਕੋ। ਜੋ ਭਾਈ ਗੁਰਦਾਸ ਘੋੜੇ ਸੋਦਾਗਰ ਲਿਆਏ ਹੈ ਸੋ ਘੋੜੇ ਤੁਸੀ ਮੋਲ ਕਰਾਇ ਕਰ ਹਜੂਰ ਮੋ ਲਿਆਵਉ। ਤਬ ਗੁਰਦਾਸ ਜੀ ਹੁਕਮ ਮੰਨ ਕੇ ਘੋੜੇ ਹਜੂਰ ਮੋ ਮੋਲ ਕਰਾਇ ਕੇ ਲਿਆਏ।*[੧੮] ਇਹ ਕੇਵਲ ਵਪਾਰ ਹੀ ਨਹੀਂ ਸੀ ਬਲਕਿ ਸਮਕਾਲੀ ਹਕੂਮਤ ਨਾਲ ਟੱਕਰ ਲੈਣ ਲਈ ਅਰੰਭਲੇ ਯਤਨ ਸਨ।

ਸ੍ਰੀ ਗੁਰੂ ਅਰਜਨ ਦੇਵ ਜੀ ਬਾਬਤ ਮੌਖਿਕ ਇਤਿਹਾਸ ਵਿਚ ਇਕ ਘਟਨਾ ਮਿਲਦੀ ਹੈ। ਜਦ ਉਹ ਆਪਣੇ ਅਨੰਦ ਕਾਰਜ ਲਈ ਪਿੰਡ ਮਉ (ਮੌਂ) ਗਏ ਤਾਂ ਸਥਾਨਕ ਨਿਵਾਸੀਆਂ ਨੇ ਕਿਹਾ ਕਿ ਸਾਡੀ ਇਕ ਰੀਤ ਹੈ ਵਿਆਹ ਤੋਂ ਪਹਿਲਾਂ ਵਿਆਹ ਵਾਲਾ ਮੁੰਡਾ ਨੇਜੇ ਨਾਲ ਕਿੱਲਾ ਪੁੱਟਦਾ ਹੈ। ਨਗਰ ਨਿਵਾਸੀਆਂ ਨੇ ਜੰਡ ਦੇ ਰੁੱਖ ਨੂੰ ਉੱਪਰੋਂ ਕੱਟ ਕੇ ਕਿੱਲੇ ਨੂੰ ਜੜ੍ਹ ਸਮੇਤ ਰਹਿਣ ਦਿੱਤਾ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਨੇਜੇ ਨਾਲ ਉਸ ਨੂੰ ਵੀ ਜੜ੍ਹ ਸਮੇਤ ਪੁੱਟ ਦਿੱਤਾ, ਇੱਥੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਗੁਰੂ ਸਾਹਿਬ ਘੋੜਸਵਾਰੀ ਅਤੇ ਨੇਜ਼ਾਬਾਜੀ ਵਿਚ ਕਿੰਨੇ ਨਿਪੁੰਨ ਸਨ।

ਜਿਸ ਵਕਤ ਬਾਲ ਸ੍ਰੀ ਹਰਿਗੋਬਿੰਦ ਸਾਹਿਬ ਜੀ ਬਾਰ੍ਹਾਂ ਵਰ੍ਹਿਆਂ ਦੇ ਹੁੰਦੇ ਹਨ ਤਾਂ ਉਹ ਸ਼ਸਤਰ ਵਿੱਦਿਆ ਪ੍ਰਾਪਤ ਕਰਦੇ ਹਨ ਅਤੇ ਹੱਥ ਵਿਚ ਖੜਗ ਫੜ੍ਹਦੇ ਹਨ, *ਜਬ ਦੁਆਦਸ਼ ਬਰਖ ਰੂਪ ਪ੍ਰਭ ਧਾਰਾ। ਬਾਹਨਿ ਬਿਦਿਆ ਦ੍ਰਿੜ ਸਭ ਕਰਾ। ਚੜਿ ਬਾਹਨ ਸ਼ਸਤ੍ਰ ਬਿਦਿਆ ਕੋ ਧਾਰੇ। ਸਭ ਅਸਤ੍ਰ ਸਸਤ੍ਰ ਲੇ ਖੜਗ ਨਿਵਾਰੇ।*[੧੯] ਅਸੀਂ ਇਹ ਭਲੀ ਭਾਂਤ ਜਾਣਦੇ ਹੀ ਹਾਂ ਕਿ ਬਾਲ ਸ੍ਰੀ ਹਰਿਗੋਬਿੰਦ ਸਾਹਿਬ ਜੀ ਨੂੰ ਸ਼ਸਤਰ ਵਿੱਦਿਆ ਬਾਬਾ ਬੁੱਢਾ ਜੀ ਦੁਆਰਾ ਦਿੱਤੀ ਗਈ ਸੀ। 'ਗੁਰਬਿਲਾਸ ਪਾਤਸ਼ਾਹੀ ੬' ਵਿਚ ਜ਼ਿਕਰ ਆਉਂਦਾ ਹੈ ਕਿ ਜਦ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਪਤਾ ਲੱਗਾ ਕਿ ਬਾਲ

ਸ੍ਰੀ ਹਰਿਗੋਬਿੰਦ ਜੀ ਨੇ *ਸਸਤ੍ਰ ਸਾਸਤ੍ਰ ਸਭ ਵਿਦਿਜਾ ਪਾਈ ਹੈ*, ਤਾਂ ਉਹ ਬਾਬਾ ਬੁੱਢਾ ਜੀ ਤੋਂ ਬਹੁਤ ਪ੍ਰਸੰਨ ਹੋਏ, *ਪੜ੍ਹਿ ਵਿਦਿਆ ਗੁਰ ਭਏ ਪ੍ਰਸੰਨੁ। ਬੁੱਢੇ ਕੋ ਭਾਖਯੋ ਧਨੁ ਧੰਨੁ। ਸਸਤ੍ਰ ਸਾਸਤ੍ਰ ਸਭ ਵਿਦਿਜਾ ਪਾਈ। ਹਰਿਗੁਵਿੰਦ ਮਨਿ ਹਰਖ ਧਰਾਈ।*[20] ਜਿਸ ਵਕਤ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਗੁਰਿਆਈ ਪ੍ਰਾਪਤ ਹੁੰਦੀ ਹੈ ਤਾਂ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਅਸਥਾਨ 'ਤੇ ਬਾਬਾ ਬੁੱਢਾ ਜੀ ਪਾਸੋਂ ਮੀਰੀ-ਪੀਰੀ ਦੀਆਂ ਦੋ ਕਿਰਪਾਨਾਂ ਧਾਰਨ ਕਰਦੇ; *ਸਾਨੂੰ ਧਰਮ ਦੀ ਰਖਜਾ ਵਾਸਤੇ ਸ਼ਸਤ੍ਰ ਪਹਿਨਾਓ, ਕਯੋਂ ਕੇ ਸ਼ਸਤ੍ਰਾਂ ਬਿਨਾਂ ਸ਼ਤਰੂ ਨਹੀਂ ਦਬਦੇ। ਬਾਬੇ ਬੁੱਢੇ ਜੀ ਨੇ ਓਨ੍ਹਾਂ ਨੂੰ ਤੇਗ ਪਹਿਨਾਈ...ਏਹ ਪੀਰੀ ਦੀ ਰਹੀ, ਹੁਣ ਮੀਰੀ ਦੀ ਦੂਜੇ ਪਾਸੇ ਪਹਿਰਾਓ। ਏਹ ਕਹਿਕੇ ਦੋ ਤਲਵਾਰਾਂ ਦੋਹੀਂ ਪਾਸੇ ਪਹਿਨ ਲਈਆਂ ਜੋ ਹਮੇਸ਼ ਰੱਖਦੇ ਰਹੇ।'*'[21] ਗੁਰੂ ਸਾਹਿਬ ਜੀ ਦੇ ਇਸ ਕੌਤਕ ਨੂੰ ਗੁਰੂ-ਘਰ ਦੇ ਪ੍ਰਸਿੱਧ ਢਾਢੀ ਭਾਈ ਨੱਥਾ ਜੀ ਅਤੇ ਭਾਈ ਅਬਦੁੱਲਾ ਜੀ ਨੇ ਬਾਖੂਬੀ ਪੇਸ਼ ਕੀਤਾ ਹੈ;

ਦੋ ਤਲਵਾਰੀਂ ਬੱਧੀਆਂ, ਇਕ ਮੀਰੀ ਦੀ ਇਕ ਪੀਰੀ ਦੀ।
ਇਕ ਅਜ਼ਮਤ ਦੀ, ਇਕ ਰਾਜ ਦੀ, ਇਕ ਰਾਖੀ ਕਰੇ ਵਜ਼ੀਰੀ ਦੀ।[22]

ਇਸ ਉਪਰੰਤ ਗੁਰੂ ਸਾਹਿਬ ਜੀ ਨੇ ਸਭ ਸੰਗਤ ਨੂੰ ਹੁਕਮ ਕੀਤਾ ਕਿ ਅੱਗੇ ਤੋਂ ਗੁਰੂ ਦਰਸ਼ਨਾਂ ਲਈ ਸ਼ਸਤ੍ਰ, ਘੋੜੇ ਆਦਿ ਹਥਿਆਰ ਲੈ ਕੇ ਆਉਣ, "*ਹੁਕਮਨਾਵੇਂ ਦਿਨ ਦੁਤੀ ਲਖਾਏ। ਸ੍ਰੀ ਗੁਰ ਦੇਸਨ ਦੇਸ ਪਠਾਏ। ਐਸੇ ਬਚਨ ਯਾ ਮੈ ਲਿਖੇ ਭੇਟ ਸ਼ਸਤ੍ਰ ਹੈ ਲਜਾਇ।*"[23] ਇਹ ਹੁਕਮ ਸੁਣ ਕੇ ਦੂਰੋਂ-ਦੂਰੋਂ ਯੋਧੇ ਘੋੜੇ ਅਤੇ ਸ਼ਸਤ੍ਰ ਲੈ ਕੇ ਹਾਜ਼ਰ ਹੋਏ, "*ਦੇਸਨ ਦੇਸ ਨਿਦੇਸ ਸੁਨੀ ਗੁਰ, ਆਵਤ ਭੇ ਸਭਿ ਸੂਰ ਅਪਾਰਾ। ਸ਼ਸਤ੍ਰ ਔ ਅੱਸ੍ਵ ਲੀਏ ਗੁਰ ਭੇਟ, ਸੁ ਚਾਹ ਭਰੇ ਮਨ ਮਾਹਿ ਉਦਾਰਾ।*[24] ਇਸ ਉਪਰੰਤ ਗੁਰੂ ਸਾਹਿਬ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਨੀਂਹ ਰੱਖੀ;

ਹਾੜ ਪੰਚ ਪੰਚਮੀ ਜਾਨੁ। ਸ੍ਰੀ ਗੁਰ ਉੱਦਮੁ ਕੀਨੁ ਮਹਾਨ।
ਗੁਰਦਾਸ ਬੁੱਢੇ ਕੋ ਲੈ ਨਿਜ ਸਾਥਿ। ਤਖਤ ਅਰੰਭ ਕਰਿ ਦੀਨਾ ਨਾਥ।...
ਪ੍ਰਿਥਮ ਨੀਵ ਸ੍ਰੀ ਗੁਰ ਰਖੀ ਅਬਿਚਲ ਤਖਤ ਸੁਹਾਇ।[25]

ਇਸ ਤਰ੍ਹਾਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਸ਼ਸਤਰ ਨੂੰ ਹਮੇਸ਼ਾ ਕੋਲ ਰੱਖਣ ਦੀ ਰਵਾਇਤ ਪੱਕੇ ਤੌਰ 'ਤੇ ਸ਼ੁਰੂ ਹੋ ਗਈ ਸੀ। ਇਹ ਕੋਈ ਅਚਾਨਕ ਹੋਈ ਤਬਦੀਲੀ ਨਹੀਂ ਸੀ, ਬਲਕਿ ਇਸ ਦੇ ਅੰਸ਼ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਵੇਖੇ ਜਾ ਸਕਦੇ ਹਨ। ਇਹ ਪਰੰਪਰਾ ਅਗਾਂਹ ਵੀ ਜਾਰੀ ਰਹੀ। ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਆਪਣੇ ਨਾਲ ਬਾਈ ਸੌ ਘੋੜ ਸਵਾਰ ਸੂਰਬੀਰ ਯੋਧੇ ਰੱਖਿਆ ਕਰਦੇ ਸਨ, ਜਿਸ ਦਾ ਜ਼ਿਕਰ ਗਿਆਨੀ ਗਿਆਨ ਸਿੰਘ ਕਰਦੇ ਹਨ- *ਗੁਰੂ ਹਰਰਾਇ ਸਾਹਿਬ ਜੀ ਜਿਸ ਦਿਨ ਤੋਂ ਗਦੀਪੁਰ ਬੈਠੇ...ਹੋਰ ਸਭ ਨੌਕਰ ਹਟਾ ਕੇ ਸਿਰਫ ਬਾਈ ਸੌ ਅਸਵਾਰ ਜਿਨ੍ਹਾਂ ਵਿਚ ਅਧਕ ਪਰਦੇਸੀ ਸੂਰਬੀਰ ਜੋ ਬਾਦਸ਼ਾਹੀ*

ਜੁਲਮਾਂ ਤੋਂ ਡਰਦੇ ਨਠਕੇ ਗੁਰੂ ਜੀ ਦੀ ਸ਼ਰਣ ਆਏ ਹੋਏ ਸਨ, ਰਖੇ।[੨੬]

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਨਾਮ ਹੀ ਤੇਗ ਦੇ ਧਨੀ ਹੋਣ ਕਰਕੇ ਰੱਖਿਆ ਗਿਆ ਸੀ। ਇਤਿਹਾਸਿਕ ਗਵਾਹੀ ਅਨੁਸਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਬਹੁਤ ਛੋਟੀ ਉਮਰ (ਲਗਪਗ ੧੨ ਤੋਂ ੧੪ ਸਾਲ ਦੀ ਉਮਰ ਵਿਚ) ਵਿਚ ਕਰਤਾਰਪੁਰ ਦੀ ਲੜਾਈ ਸਮੇਂ ਬੜੀ ਸੂਰਬੀਰਤਾ ਅਤੇ ਬਹਾਦਰੀ ਨਾਲ ਲੜੇ ਸਨ, ਜਿਸ ਕਾਰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਉਨ੍ਹਾਂ ਦੀ ਤੇਗ ਚਲਾਉਣ ਦੀ ਬਹਾਦਰੀ ਵੇਖ ਕੇ, ਉਨ੍ਹਾਂ ਨੂੰ ਤਿਆਗ ਮੱਲ ਤੋਂ (ਗੁਰੂ) ਤੇਗ ਬਹਾਦਰ ਕਹਿ ਕੇ ਨਿਵਾਜਿਆ।[੨੭] 'ਮਹਿਮਾ ਪ੍ਰਕਾਸ਼' ਦੇ ਲਿਖਾਰੀ ਸਰੂਪ ਦਾਸ ਭੱਲਾ ਜੀ ਲਿਖਦੇ ਹਨ ਕਿ ਸ੍ਰੀ ਗੁਰ ਤੇਗ ਬਹਾਦਰ ਜੀ ਖੜਗਧਾਰੀ *ਬਿਗਿਆਨ ਖੜਗ ਧਰ ਜਗ ਅਵਗਾਹਨ*, ਬਾਜ਼ ਰੱਖ ਕੇ ਸ਼ਿਕਾਰ ਕਰਨ ਵਾਲੇ- *ਵੈਰਾਗ ਤੀਬਰ ਕਰ ਬਾਜ ਧਰ ਕਰੇ ਸਿਕਾਰ ਬਿਹਾਰ*, ਅਤੇ ਸਿੰਘਾਸਨ 'ਤੇ ਕਲਗੀ ਸਜਾ ਕੇ ਬੈਠਦੇ ਸਨ-*ਸਹਜ ਸਿੰਘਾਸਨ ਬਹੇ ਛਤ੍ਰ ਸਿਰ ਸਹਿਜ ਬਿਰਾਜੈ। ਸਹਜਿ ਹੀ ਮੁਕਟ ਸੁਧਾਰ ਸਹਜਿ ਪਦ ਕਲਗੀ ਰਾਜੇ।*[੨੮] ਇੱਥੋਂ ਪਤਾ ਲਗਦਾ ਹੈ ਕਿ ਗੁਰੂ ਸਾਹਿਬ ਜੀ ਭਗਤੀ ਦੇ ਨਾਲ-ਨਾਲ ਸ਼ਕਤੀ ਦਾ ਵੀ ਅਥਾਹ ਸੋਮਾ ਸਨ।

੧੬੯੯ ਈ. ਦੀ ਵੈਸਾਖੀ ਤੋਂ ਬਾਅਦ ਹਰ ਇਕ ਸਿੱਖ ਇਕ ਸਿੱਖ ਪੱਕੇ ਤੌਰ 'ਤੇ ਸ਼ਸਤਰਧਾਰੀ ਹੋ ਗਿਆ ਅਤੇ ਖੰਡੇ ਦੀ ਪਾਹੁਲ ਲੈਣ ਦਾ ਹੁਕਮ ਸਭ ਸੰਗਤ ਨੂੰ ਕੀਤਾ- *ਸਭ ਦੇਸਨ ਮੋ ਹੁਕਮ ਪਠਾਇਆ। ਖੰਡੇ ਕੀ ਪਾਹਲੁ ਫੁਰਮਾਇਆ। ਸਿੰਘ ਸੰਙਿਆ ਕਰ ਨਾਮੁ ਬੁਲਾਵੋ। ਜਪੋ ਅਕਾਲ ਸਦਾ ਸੁਖ ਪਾਵੋ। ਅਚਰਜ ਬੀਰ ਪੰਥ ਪ੍ਰਭ ਕੀਆ। ਦੇਗ ਤੇਗ ਦੋਨੋ ਤਿਨ ਦੀਆ।*[੨੯] ਖੰਡੇ ਦੀ ਪਾਹੁਲ ਦੇਣ ਤੋਂ ਬਾਅਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹਰ ਸਿੱਖ ਨੂੰ ਬਿਨਾਂ ਕੇਸ, ਕਿਰਪਾਨ ਦੇ ਦਰਸ਼ਨ ਨਾ ਦੇਣ ਦਾ ਹੁਕਮ ਸੁਣਾਇਆ- *ਇਹੈ ਮੋਰ ਅਗਿਆ ਸੁਨੋ ਹੇ ਪਿਆਰੇ। ਬਿਨਾ ਕੇਸ ਤੇਗੰ ਦਿਵੋ ਨ ਦੀਦਾਰੇ।*[੩੦] ਇਹੀ ਨਹੀਂ ਗੁਰੂ ਸਾਹਿਬ ਜੀ ਨੇ ਤਾਂ ਸ਼ਸਤਰਾਂ ਨੂੰ ਪੀਰ ਤਕ ਕਹਿ ਕਿ ਹੋਰਨਾਂ ਪੀਰਾਂ ਨਾਲੋਂ ਨਾਤਾ ਤੋੜਨ ਦਾ ਕਟਾਕਸ਼ ਵੀ ਕੀਤਾ- *ਅਸਿ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ॥ਸੈਫ ਸਰੋਹੀ ਸੈਹਥੀ ਯਹੈ ਹਮਾਰੇ ਪੀਰ॥*[੩੧]

ਇਕ ਗੁਰੂ ਕਾ ਸਿੱਖ ਹਰ ਰੋਜ਼ ਆਪਣੇ ਸੰਤ-ਸਿਪਾਹੀ ਦੇ ਉਦੇਸ਼ ਦੀ ਪੂਰਤੀ ਲਈ ਨਿੱਤ ਦੀ ਅਰਦਾਸ ਖ਼ਾਲਸੇ ਦੇ ਬੋਲ-ਬਾਲੇ ਦੀ ਯਾਚਨਾ ਕਰਦਾ ਹੈ- *ਜਹਾਂ ਜਹਾਂ ਖ਼ਾਲਸਾ ਜੀ ਸਾਹਿਬ, ਤਹਾਂ ਤਹਾਂ ਰਛਿਆ ਰਿਆਇਤ, ਦੇਗ ਤੇਗ ਫ਼ਤਹ, ਬਿਰਦ ਕੀ ਪੈਜ, ਪੰਥ ਕੀ ਜੀਤ, ਸ੍ਰੀ ਸਾਹਿਬ ਜੀ ਸਹਾਇ, ਖ਼ਾਲਸਾ ਜੀ ਕੇ ਬੋਲ ਬਾਲੇ, ਬੋਲੋ ਜੀ ਵਾਹਿਗੁਰੂ!* ਇਥੇ ਇਹ ਗੱਲ ਵੀ ਬਹੁਤ ਮਹੱਤਵ ਰੱਖਦੀ ਹੈ ਕਿ ਸਿੱਖ ਅਰਦਾਸ ਦਾ ਅਰੰਭ ਹੀ- *ਸ੍ਰੀ ਭਗੌਤੀ ਜੀ ਸਹਾਇ॥ ਵਾਰ ਸ੍ਰੀ ਭਗੌਤੀ ਜੀ ਕੀ ਪਾਤਸ਼ਾਹੀ ੧੦॥* 'ਤੋਂ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਮੌਜੂਦ ਬਾਈ ਵਾਰਾਂ ਦਾ ਹੋਣਾ

ਹੀ ਭਗਤੀ ਨਾਲ ਸ਼ਕਤੀ ਦਾ ਪ੍ਰਤੀਕ ਹੈ; ਕਿਉਂਕਿ ਵਾਰ ਦਾ ਗਾਇਨ ਹੀ ਹਮੇਸ਼ਾ ਯੁੱਧ ਦੇ ਸਮੇਂ ਅਤੇ ਯੋਧਿਆਂ ਵਿਚ ਸੂਰਬੀਰਤਾ ਭਰਨ ਲਈ ਕੀਤਾ ਜਾਂਦਾ ਹੈ। ਇਸ ਤਰ੍ਹਾਂ ਸਿੱਖ ਇਤਿਹਾਸ ਦੇ ਸ੍ਰੋਤਾਂ ਵਿੱਚੋਂ ਗੁਰੂ ਸਾਹਿਬਾਨ ਬਾਬਤ ਸ਼ਸਤਰਾਂ ਪ੍ਰਤੀ ਸ਼ੁਰੂ ਤੋਂ ਹੀ ਸਕਰਾਤਮਕ ਨਜ਼ਰੀਏ ਨੂੰ ਵੇਖਿਆ ਜਾ ਸਕਦਾ ਹੈ ਅਤੇ ਹਰ ਸਿੱਖ ਕਿਰਪਾਨ ਨੂੰ ਪਹਿਨਣ ਦਾ ਹਿਤਾਇਸ਼ੀ ਹੈ।

ਗੁਰੂ ਖ਼ਾਲਸਾ ਪੰਥ ਦੇ ਪ੍ਰਕਾਸ਼ ਤੋਂ ਬਾਅਦ ਸਾਰੀ ਅਠਾਰ੍ਹਵੀਂ ਸਦੀ ਖੜਗਧਾਰੀ ਖ਼ਾਲਸੇ ਨੇ ਯੁੱਧ ਲੜਿਆ। ਇਸ ਸਮੇਂ ਦੌਰਾਨ ਬੇਅੰਤ ਸਾਕੇ ਹੋਏ, ਸ਼ਹਾਦਤਾਂ ਹੋਈਆਂ ਅਤੇ ਦੋ ਘੱਲੂਘਾਰੇ ਵਾਪਰੇ, ਪਰ ਗੁਰੂ ਕੇ ਖ਼ਾਲਸੇ ਨੇ ਆਪਣੇ ਆਪ ਨੂੰ ਯੁੱਧ ਤੋਂ ਵੱਖ ਨਾ ਕੀਤਾ। ਅਖੀਰ ਉਨ੍ਹੀਵੀਂ ਸਦੀ ਦੇ ਪਹਿਲੇ ਅੱਧ ਤਕ ਖ਼ਾਲਸਾ ਰਾਜ ਵੀ ਕਾਇਮ ਰਿਹਾ। ੧੮੫੦ ਈ. ਤੋਂ ਬਾਅਦ ਵਾਲਾ ਸਮਾਂ ਸਿੱਖ ਪੰਥ ਲਈ ਫਿਰ ਸੰਘਰਸ਼ ਵਾਲਾ ਸੀ। ਨਵੇਂ ਦੁਸ਼ਮਣ ਅੰਗ੍ਰੇਜ਼ ਹਕੂਮਤ ਨੇ ਸਿੱਖਾਂ ਦੇ ਜੰਗੀ ਹੁਨਰ ਨੂੰ ਖਤਮ ਕਰਨ ਲਈ ਕਿਰਪਾਨ ਪਹਿਨਣ 'ਤੇ ਪਾਬੰਦੀ ਲਾ ਦਿੱਤੀ। ਅੰਗਰੇਜ਼ਾਂ ਦੁਆਰਾ ਪੰਜਾਬ ਉੱਪਰ ਕਬਜ਼ੇ ਦੇ ਛੇ ਹਫ਼ਤੇ ਬਾਅਦ ਹੀ ਸਿੱਖਾਂ ਨੂੰ ਕਿਰਪਾਨਾਂ ਅਤੇ ਹੋਰ ਹਥਿਆਰ ਜਮ੍ਹਾਂ ਕਰਵਾਉਣ ਦੀ ਹਿਦਾਇਤ ਕੀਤੀ। ਅਜਿਹਾ ਨਾ ਕਰਨ ਵਾਲੇ ਨੂੰ ਦੋਸ਼ੀ ਐਲਾਨਿਆ ਗਿਆ। ਇਕ ਰਿਪੋਰਟ ਅਨੁਸਾਰ ਸਾਲ ੧੮੫੦-੫੧ ਈ. ਵਿਚ ਲਗਪਗ ੧,੨੦,੦੦੦ ਹਥਿਆਰ ਸਿੱਖਾਂ ਕੋਲੋਂ ਜ਼ਬਤ ਕੀਤੇ ਗਏ, ਇਨ੍ਹਾਂ ਵਿਚ ਜ਼ਿਆਦਾਤਰ ਕਿਰਪਾਨਾਂ ਸਨ।[੩੨] ਅੰਗਰੇਜ਼ ਸਰਕਾਰ ਨੇ ਕਿਰਪਾਨ ਅਤੇ ਹੋਰ ਹਥਿਆਰਾਂ 'ਤੇ ਪਾਬੰਦੀ ਲਾਉਣ ਲਈ ਇਕ ਕਾਨੂੰਨ, ਇੰਡੀਅਨ ਆਰਮਜ਼ ਐਕਟ, ੧੮੭੮, ਪਹਿਲੀ ਅਕਤੂਬਰ ਨੂੰ ਲਾਗੂ ਕੀਤਾ। ਇਸ ਐਕਟ ਵਿਚ ਕੁਝ ਇਸ ਤਰ੍ਹਾਂ ਦੀਆਂ ਪਾਬੰਦੀਆਂ ਲਾਈਆਂ ਗਈਆਂ- (੧) ਬਿਨਾਂ ਲਾਇਸੰਸ ਬਣਾਈ ਕਿਰਪਾਨ, ਤਬਦੀਲੀ ਅਤੇ ਵਿਕਰੀ ਉਤੇ ਰੋਕ (੨) ਬਿਨਾਂ ਲਾਇਸੰਸ ਦਰਾਮਦ ਬਰਾਮਦ ਦੀ ਮਨਾਹੀ (੩) ਢੋਆ-ਢੋਆਈ ਰੋਕਣ ਦੀ ਸ਼ਕਤੀ (੪) ਲਾਇਸੰਸ ਲਏ ਬਿਨਾਂ ਹਥਿਆਰਬੱਧ ਹੋਣ ਉੱਤੇ ਰੋਕ (੫) ਬਿਨਾਂ ਲਾਇਸੰਸ ਲਿਆਂ ਹਥਿਆਰ ਰੱਖਣ ਦੀ ਮਨਾਹੀ, ਆਦਿ।[੩੩] ਇਸ ਤਰ੍ਹਾਂ ਅੰਗਰੇਜ਼ ਸਰਕਾਰ ਦਿਨੋਂ ਦਿਨ ਸਿੱਖਾਂ ਦੀ ਖੁਦਮੁਖਤਾਰੀ 'ਤੇ ਸ਼ਿਕੰਜਾ ਕੱਸਦੀ ਜਾ ਰਹੀ ਸੀ ਅਤੇ ਕਿਰਪਾਨ ਦੇ ਆਕਾਰ ਨੂੰ ਵੀ ਘਟਾ ਰਹੀ ਸੀ। ਇਸ ਦੇ ਵਿਰੋਧ ਵਿਚ ਵਿਧਾਤਾ ਸਿੰਘ ਤੀਰ ਨੇ 'ਤੀਰ ਤੁੰਗ' ਕਾਵਿ ਸੰਗ੍ਰਹਿ ਵੀ ਪ੍ਰਕਾਸ਼ਿਤ ਕੀਤਾ, ਜਿਸਨੂੰ ਅੰਗਰੇਜ਼ ਸਰਕਾਰ ਨੇ ਜ਼ਬਤ ਕਰ ਲਿਆ। ਕਿਰਪਾਨ ਪਹਿਨਣ ਦੀ ਅਜ਼ਾਦੀ ਲਈ ਅਕਾਲੀਆਂ ਵੱਲੋਂ ੧੯੨੨ ਈ. ਵਿਚ 'ਕਿਰਪਾਨ ਦਾ ਮੋਰਚਾ' ਵੀ ਲਾਇਆ ਗਿਆ। ਅਕਾਲੀ ਸਿੱਖਾਂ ਦੇ ਐਸੇ ਸੰਘਰਸ਼ ਨੂੰ ਦੇਖਦਿਆਂ ਅਖੀਰ ਸਰਕਾਰ ਨੂੰ ਸਿੱਖਾਂ ਨਾਲ ਸਮਝੌਤਾ ਕਰਨਾ ਪਿਆ ਅਤੇ ਕੁਝ ਸ਼ਰਤਾਂ 'ਤੇ ਕਿਰਪਾਨ ਪਹਿਨਣ ਦੀ ਪਾਬੰਦੀ ਹਟਾ ਦਿੱਤੀ ਗਈ। ਅਜ਼ਾਦ ਭਾਰਤ ਵਿਚ ਵੀ ਸਿੱਖਾਂ ਦੇ ਕਿਰਪਾਨ

ਪਹਿਨਣ ਸੰਬੰਧੀ ਕਈ ਵਾਰ ਮਸਲਾ ਉਠਦਾ ਰਿਹਾ ਹੈ। ਇਸ ਤੋਂ ਇਲਾਵਾ ਵਿਦੇਸ਼ਾਂ ਵਿਚ ਵੀ ਸਿੱਖਾਂ ਨੂੰ ਕਿਰਪਾਨ ਅਤੇ ਦਸਤਾਰ ਸੰਬੰਧੀ ਕਈ ਵਾਰ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਹੈ। ਹਾਲਾਂਕਿ ਸਿੱਖ ਰਹਿਤ ਮਰਯਾਦਾ ਅਨੁਸਾਰ 'ਅੰਮ੍ਰਿਤ ਸੰਸਕਾਰ' ਵਾਲੇ ਹਿੱਸੇ ਵਿਚ ਇਹ ਮਦ ਦਰਜ਼ ਹੈ ਕਿ "ਕਿਰਪਾਨ ਦੀ ਲੰਬਾਈ ਦੀ ਕੋਈ ਹੱਦ ਨਹੀਂ ਹੋ ਸਕਦੀ।"[੩੪] ਹਰ ਸਿੱਖ ਲਈ ਰਹਿਤ ਮਰਯਾਦਾ ਦਾ ਇਹ ਸੰਦੇਸ਼ ਬਰਾਬਰ ਹੈ ਅਤੇ ਉਹ ਆਪਣੀ ਮਰਜ਼ੀ ਅਨੁਸਾਰ ਕਿਰਪਾਨ ਨੂੰ ਬਿਨਾਂ ਕਿਸੇ ਲੰਬਾਈ ਦੀ ਰੋਕ-ਟੋਕ ਤੋਂ ਪਹਿਨ ਸਕਦਾ ਹੈ। ਇਸ ਤੋਂ ਇਲਾਵਾ ਭਾਰਤ ਦੇ ਸੰਵਿਧਾਨ ਦੇ ਧਾਰਮਿਕ ਅਜ਼ਾਦੀ ਦੇ ਅਧਿਆਇ (Right to Freedom of Religion) ਦੀ ਧਾਰਾ ੨੫(੨) ਦੀ Explanation 1 ਮੁਤਾਬਿਕ ਕਿਸੇ ਸਿੱਖ ਵੱਲੋਂ ਕਿਰਪਾਨ ਪਹਿਨਣ ਅਤੇ ਲੈ ਕੇ ਚੱਲਣਾ ਉਸ ਵੱਲੋਂ ਆਪਣੇ ਧਰਮ ਦੀ ਪਾਲਣਾ ਕਰਨਾ ਹੁੰਦਾ ਹੈ। Explanation 1- The wearing and carring of kirpans shall be deemed to be included in the profession of the Sikh religion.[੩੫]

ਉਪਰੋਕਤ ਵਿਵੇਚਨ ਤੋਂ ਬਾਅਦ ਸਮਝਿਆ ਜਾ ਸਕਦਾ ਹੈ ਕਿ ਸਿੱਖਾਂ ਲਈ ਕਿਰਪਾਨ ਬਾਬਤ ਸਮਕਾਲੀ ਹਕੂਮਤਾਂ ਦੁਆਰਾ ਕਦੇ ਵੀ ਸੌਖ ਭਰਿਆ ਵਤੀਰਾ ਨਹੀਂ ਰਿਹਾ। ਕਿਰਪਾਨ ਦੇ ਸੰਬੰਧ ਵਿਚ ਹਮੇਸ਼ਾਂ ਹੀ ਸਿੱਖਾਂ ਨੂੰ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਹੈ ਅਤੇ ਅੱਜ ਵੀ ਕਰਨਾ ਪੈ ਰਿਹਾ ਹੈ।

ਹਵਾਲੇ :

੧. ਗਿਆਨੀ ਕੁੰਦਨ ਸਿੰਘ ਪਤੰਗ, "ਕ੍ਰਿਪਾਨ", *ਗੁਰਮਤਿ ਪ੍ਰਕਾਸ਼,* ਜਨਵਰੀ ੧੯੬੨, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰਨਾ ੧੫੦.

੨. ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼ (ਭਾਗ ਦੂਜਾ),* ਭਾਸ਼ਾ ਵਿਭਾਗ, ਪੰਜਾਬ, ੨੦੨੧, ਪੰਨਾ ੭੯੭.

੩. ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ੨੦੦੬, ਪੰਨਾ ੩੩੦.

੪. *ਉਹੀ,* ਪੰਨਾ ੩੫੯.

੫. ਪ੍ਰੋ. ਪ੍ਰਕਾਸ਼ ਸਿੰਘ, "ਸ਼ਸਤ੍ਰਧਾਰੀ ਖਾਲਸੇ ਦੀ ਕ੍ਰਿਪਾਨ", *ਗੁਰਮਤਿ ਪ੍ਰਕਾਸ਼,* ਅਪਰੈਲ ੧੯੮੦, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰਨਾ ੯੧.

੬. ਚੌਪਈ ਸਾਹਿਬ, *ਸ੍ਰੀ ਦਸਮ ਗ੍ਰੰਥ.*

੭. *ਉਹੀ.*

੮. ਕ੍ਰਿਸ਼ਨਾਵਤਾਰ, *ਉਹੀ.*

੯. ਭਾਈ ਗੁਰਦਾਸ ਜੀ, *ਵਾਰਾਂ ਗਿਆਨ ਰਤਨਾਵਲੀ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ੨੦੧੬, ਪੰਨਾ ੪੪੦.

੧੦. *ਉਹੀ,* ਪੰਨਾ ੯੧.

੧੧. *ਆਸਾ ਹਥਿ ਕਿਤਾਬ ਕਛਿ ਕੂਜਾ ਬਾਂਗ ਮੁਸੱਲਾ ਧਾਰੀ।,* ਵਾਰ ੧, ਪਉੜੀ ੩੨, ਭਾਈ ਗੁਰਦਾਸ ਜੀ, *ਉਹੀ,* ਪੰਨਾ ੧੬.

੧੨. ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖ਼ਾਲਸਾ,* ਭਾਸ਼ਾ ਵਿਭਾਗ, ਪੰਜਾਬ, ੨੦੧੧, ਪੰਨੇ ੧੧੬-੧੭.

੧੩. ਸਰੂਪ ਦਾਸ ਭੱਲਾ, *ਉਹੀ,* ਪੰਨਾ ੯੨.

੧੪. *ਸਤਿਗੁਰ ਬਚਨ ਬਿਲਾਸ ਸਹਜਭਾਇ ਤਾਂ ਸੌ ਕਹਿਓ।*
ਜੋਗੀ ਪਗ ਰੱਸਾ ਪਾਇ ਜਹਾਂ ਖੈਂਚੋ ਬਰਖਾ ਤਹਾਂ। ਸਰੂਪ ਦਾਸ ਭੱਲਾ, *ਉਹੀ*, ਪੰਨਾ ੧੨੯.
੧੫. *ਉਹੀ*, ਪੰਨਾ ੧੩੧.
੧੬. *ਪੁਨ ਗੁਰ ਜਬ-ਕਬ ਆਗਿਆ ਕਰੇ। ਪਹਲਵਾਨ ਬੁਲਾਇ ਅਖਾਰ ਪਰੇ।*, *ਉਹੀ*, ਪੰਨਾ ੮੫.
੧੭. *ਉਹੀ*, ਪੰਨਾ ੨੯੪.
੧੮. *ਮਹਿਮਾ ਪ੍ਰਕਾਸ਼(ਵਾਰਤਕ)*, ਸੰਪਾ. ਡਾ. ਕੁਲਵਿੰਦਰ ਸਿੰਘ ਬਾਜਵਾ, ਸਿੰਘ ਬ੍ਰਦਰਜ਼, ੨੦੦੪, ਪੰਨਾ ੧੨੨.
੧੯. ਸਰੂਪ ਦਾਸ ਭੱਲਾ, *ਉਹੀ*, ਪੰਨਾ ੩੭੮.
੨੦. *ਗੁਰ ਬਿਲਾਸ ਪਾਤਸ਼ਾਹੀ ੬*, ਸੰਪਾ. ਗਿ. ਜੋਗਿੰਦਰ ਸਿੰਘ ਵੇਦਾਂਤੀ-ਡਾ. ਅਮਰਜੀਤ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ੧੯੯੮, ਪੰਨਾ ੫੫.
੨੧. ਗਿਆਨੀ ਗਿਆਨ ਸਿੰਘ, *ਉਹੀ*, ਪੰਨਾ ੪੪੦.
੨੨. ਸਤਿਬੀਰ ਸਿੰਘ, *ਗੁਰ ਭਾਰੀ ਜੀਵਨੀ ਗੁਰੂ ਹਰਿਗੋਬਿੰਦ ਜੀ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ੨੦੦੭, ਪੰਨਾ ੨੦.
੨੩. *ਗੁਰ ਬਿਲਾਸ ਪਾਤਸ਼ਾਹੀ ੬*, *ਉਹੀ*, ਪੰਨਾ ੨੧੦.
੨੪. *ਉਹੀ*, ਪੰਨਾ ੨੧੦.
੨੫. *ਉਹੀ*.
੨੬. ਗਿਆਨੀ ਗਿਆਨ ਸਿੰਘ, *ਉਹੀ*, ਪੰਨਾ ੬੧੫.
੨੭. ਡਾ. ਕਿਰਪਾਲ ਸਿੰਘ(ਸੰਪਾ.), *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਜੀ ਦਾ ਜੀਵਨ-ਬਿਰਤਾਂਤ*, ਭਾਗ ਪਹਿਲਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ੨੦੧੭, ਪੰਨਾ ੨੧.
੨੮. ਸਰੂਪ ਦਾਸ ਭੱਲਾ, *ਉਹੀ*, ਪੰਨਾ ੬੩੦.
੨੯. *ਉਹੀ*, ਪੰਨਾ ੮੦੦.
੩੦. *ਗੁਰਬਿਲਾਸ ਪਾਤਿਸਾਹੀ ੧੦*, ਕ੍ਰਿਤ ਸੁੱਖਾ ਸਿੰਘ, ਭਾਸ਼ਾ ਵਿਭਾਗ, ਪੰਜਾਬ, ੧੯੮੯, (ਅਧਿਆਏ ੨੩, ਬੰਦ ੯੯), ਪੰਨਾ ੩੬੪.
੩੧. ਸਸਤ੍ਰ ਨਾਮ ਮਾਲਾ, *ਸ੍ਰੀ ਦਸਮ ਗ੍ਰੰਥ*.
੩੨. ਗੁਰਦੇਵ ਸਿੰਘ ਸਿੱਧੂ, *ਤਾਜ ਬਨਾਮ ਕ੍ਰਿਪਾਨ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, ੨੦੧੬, ਪੰਨਾ ੧੩.
੩੩. *ਉਹੀ*, ਪੰਨਾ ੧੪.
੩੪. *ਸਿੱਖ ਰਹਿਤ ਮਰਯਾਦਾ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ੨੦੧੧, ਪੰਨਾ ੩੦.
੩੫. ਗੁਰਚਰਨਜੀਤ ਸਿੰਘ ਲਾਂਬਾ, "ਕ੍ਰਿਪਾਨ 'ਤੇ ਪਾਬੰਦੀ-ਧਾਰਮਿਕ ਅਜ਼ਾਦੀ 'ਤੇ ਹਮਲਾ", *ਗੁਰਮਤਿ ਪ੍ਰਕਾਸ਼*, ਦਸੰਬਰ ੨੦੨੪, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪੰਨਾ ੪੬.

■

ਸੋਧ: ਗੁਰਮਤਿ ਪ੍ਰਕਾਸ਼ ਦੇ ਅੰਕ ਮਾਰਚ ੨੦੨੫ ਦੇ ਪੰਨਾ ੧੬ 'ਤੇ ..."ਬਿਲਾਸਪੁਰ ਦੇ ਰਾਜੇ ਤੋਂ ਜ਼ਮੀਨ ਖਰੀਦ ਕੇ, ੧੬੭੫ ਈ. ਵਿਚ ਵਸਾਇਆ" ਦੀ ਥਾਂ, '੧੬੬੫ ਈ.' ਪੜ੍ਹਿਆ ਜਾਵੇ। *-ਸੰਪਾਦਕ*

ਮਾਰਚ ੨੦੨੫ ਦਾ ਬਾਕੀ:

ਕਾਲੇ ਪਾਣੀਆਂ ਦੀ ਸੈਲੂਲਰ ਜੇਲ੍ਹ ਦੇ ਜਾਂਬਾਜ਼ ਸਿਰਲੱਥ ਸ਼ਹੀਦ ਯੋਧੇ

*-ਪ੍ਰੋ. ਕਿਰਪਾਲ ਸਿੰਘ ਬਡੂੰਗਰ**

ਕਮੇਟੀ ਨੇ ਅੰਡੇਮਾਨ ਅਤੇ ਨਿਕੋਬਾਰ ਦੀਪ ਸਮੂਹ ਵਿਖੇ ਰਾਸ਼ਟਰੀ ਯਾਦਗਾਰ ਵਜੋਂ ਵਿਕਸਿਤ ਕੀਤੀ ਗਈ ਸੈਲੂਲਰ ਜੇਲ੍ਹ ਦਾ ਸਰਵੇ ਕਰ ਕੇ ਨਿਮਨਲਿਖਤ ਤੱਥਾਂ ਸੰਬੰਧੀ ਜਾਣਕਾਰੀ ਪ੍ਰਾਪਤ ਕੀਤੀ:

੧. ਸੈਲੂਲਰ ਜੇਲ੍ਹ ਦੇ ਬਾਹਰ ਇਨ੍ਹਾਂ ਸੱਤ ਸੁਤੰਤਰਤਾ ਸੈਨਾਨੀਆਂ ਦੇ ਬੁੱਤ ਸਥਾਪਿਤ ਕੀਤੇ ਗਏ ਹਨ - ਵਿਨਾਯਕ ਦਮੋਦਰ ਸਾਵਰਕਰ (ਮਹਾਂਰਾਸ਼ਟਰ), ਬਾਬਾ ਭਾਨ ਸਿੰਘ(ਪੰਜਾਬ), ਪੰਡਿਤ ਰਾਮ ਰੱਖਾ (ਪੰਜਾਬ), ਮਹਾਵੀਰ ਸਿੰਘ (ਉੱਤਰ ਪ੍ਰਦੇਸ਼), ਇੰਦੂ ਭੂਸ਼ਣ ਰਾਇ(ਬੰਗਾਲ), ਮੋਹਨ ਕਿਸ਼ੋਰ ਨਾਮਦਾਸ(ਬੰਗਾਲ), ਮੋਹਿਤ ਮੋਇਤ੍ਰਾ (ਬੰਗਾਲ)।

੨. ਜੇਲ੍ਹ ਦੇ ਗੇਟ ਦੇ ਅੰਦਰ ਦਾਖ਼ਲ ਹੁੰਦੇ ਹੀ ਇਕ ਮਿਊਜ਼ੀਅਮ ਅਤੇ ਨੇਤਾ ਜੀ ਸੁਭਾਸ਼ ਚੰਦਰ ਬੋਸ ਦੀ ਯਾਦ ਵਿਚ ਇਕ ਆਰਟ ਗੈਲਰੀ ਬਣੀ ਹੋਈ ਹੈ। ਮਿਊਜ਼ੀਅਮ ਵਿਚ ਸੈਲੂਲਰ ਜੇਲ੍ਹ ਦਾ ਇਤਿਹਾਸ, ਸਿੱਕੇ, ਕੈਦੀਆਂ ਨੂੰ ਦਿੱਤੇ ਤਸੀਹਿਆਂ ਦੀ ਦਾਸਤਾਨ, ਕੈਦੀਆਂ ਦੇ ਗਲੇ ਵਿਚ ਪਾਏ ਜਾਣ ਵਾਲੇ ਲੋਹੇ ਦੇ ਰਿੰਗ, ਵਰਦੀਆਂ ਆਦਿ ਦਾ ਪ੍ਰਦਰਸ਼ਨ ਕੀਤਾ ਗਿਆ ਹੈ। ਇਸ ਦੇ ਨਾਲ ਹੀ ਦੂਜੇ ਵਿਸ਼ਵ ਯੁੱਧ ਦੌਰਾਨ ਜਪਾਨੀਆਂ ਦੁਆਰਾ ਇਸ ਟਾਪੂ 'ਤੇ ਕਬਜ਼ਾ ਕਰਨ ਦਾ ਵਰਣਨ ਵੀ ਮਿਲਦਾ ਹੈ। ਨੇਤਾ ਜੀ ਦੀ ਯਾਦ ਵਿਚ ਬਣੀ ਹੋਈ ਆਰਟ ਗੈਲਰੀ ਵਿਚ ਉਨ੍ਹਾਂ ਦੇ ਜੀਵਨ ਸੰਘਰਸ਼ ਨੂੰ ਦਰਸਾਉਂਦੇ ਚਿੱਤਰਾਂ ਅਤੇ ਘਟਨਾਵਾਂ ਦੀ ਪ੍ਰਦਰਸ਼ਨੀ ਲਗਾਈ ਗਈ ਹੈ।

੩. ਜੇਲ੍ਹ ਦੇ ਅੰਦਰ ਪੰਜ ਗੈਲਰੀਆਂ ਸਥਾਪਿਤ ਹਨ ਜਿਨ੍ਹਾਂ ਵਿਚ ਕੈਦੀਆਂ ਨੂੰ ਤਸੀਹੇ ਦੇਣ ਸਬੰਧੀ ਬੁੱਤਾਂ ਅਤੇ ਚਿੱਤਰਾਂ ਦੀ ਪ੍ਰਦਰਸ਼ਨੀ ਲਗਾਈ ਗਈ ਹੈ। ਜਿਹੜੇ ਚਿੱਤਰ ਪ੍ਰਦਰਸ਼ਿਤ ਕੀਤੇ ਗਏ ਹਨ ਉਨ੍ਹਾਂ ਵਿਚ ਪੰਜਾਬੀਆਂ ਦਾ ਬਹੁਤ ਘੱਟ ਜ਼ਿਕਰ ਮਿਲਦਾ ਹੈ। ਇਸ ਜੇਲ੍ਹ ਵਿਚ ਸ. ਭਾਨ ਸਿੰਘ, ਸ. ਨੰਦ ਸਿੰਘ, ਸ. ਰੋਡਾ ਸਿੰਘ ਆਦਿ ਸੁਤੰਤਰਤਾ ਸੈਨਾਨੀਆਂ ਨੇ ਅਣਮਨੁੱਖੀ ਤਸੀਹੇ ਸਹਿੰਦੇ ਹੋਏ ਸ਼ਹਾਦਤਾਂ ਪ੍ਰਾਪਤ ਕੀਤੀਆ ਸਨ। ਤਸੀਹੇ ਝੱਲਣ ਵਾਲਿਆਂ ਵਿਚ ਸ. ਚਤਰ ਸਿੰਘ ਦਾ ਨਾਂ ਪ੍ਰਮੁੱਖ ਤੌਰ 'ਤੇ ਲਿਆ ਜਾ ਸਕਦਾ ਹੈ ਜਿਨ੍ਹਾਂ ਨੂੰ ਲੱਗਭਗ ਤਿੰਨ ਸਾਲ ਸਾਢੇ ਤਿੰਨ ਫੁੱਟ ਦੇ ਪਿੰਜਰੇ ਵਿਚ ਕੈਦ ਰੱਖਿਆ ਗਿਆ ਸੀ। ਇਨ੍ਹਾਂ ਦੇ ਜੇਲ੍ਹ ਸਾਥੀਆਂ (ਵਿਸ਼ੇਸ਼ ਤੌਰ 'ਤੇ ਸ. ਸੋਹਨ ਸਿੰਘ ਭਕਨਾ) ਨੇ ਲੰਮੀ ਭੁੱਖ ਹੜਤਾਲ ਕਰ ਕੇ ਇਨ੍ਹਾਂ ਨੂੰ ਪਿੰਜਰੇ ਤੋਂ ਮੁਕਤੀ

** ਸਾਬਕਾ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ. ੯੯੧੫੮੦੫੧੦੦*

ਦਿਵਾਈ ਸੀ। ਇਸ ਦੇ ਨਾਲ ਹੀ ਬਹੁਤ ਸਾਰੇ ਸਿਰਕੱਢ ਪੰਜਾਬੀ/ ਸਿੱਖ ਸੁਤੰਤਰਤਾ ਸੈਨਾਨੀਆਂ ਨੇ ਇਸ ਜੇਲ੍ਹ ਦੇ ਤਸੀਹੇ ਝੱਲੇ ਸਨ ਜਿਨ੍ਹਾਂ ਵਿਚ ਸ. ਸੋਹਨ ਸਿੰਘ ਭਕਨਾ, ਸ. ਗੁਰਮੁਖ ਸਿੰਘ, ਸ. ਗੁਰਦਿੱਤ ਸਿੰਘ, ਸ. ਹਰਨਾਮ ਸਿੰਘ ਟੁੰਡੀਲਾਟ ਅਤੇ ਸ. ਕਰਤਾਰ ਸਿੰਘ ਝੱਬਰ ਦਾ ਨਾਂ ਪ੍ਰਮੁੱਖ ਤੌਰ 'ਤੇ ਲਿਆ ਜਾ ਸਕਦਾ ਹੈ।

੪. ਵਿਨਾਯਕ ਦਮੋਦਰ ਸਾਵਰਕਰ ਦੀ ਜੇਲ੍ਹ ਕੋਠੜੀ ਨੂੰ ਵਿਸ਼ੇਸ਼ ਤੌਰ 'ਤੇ ਉਭਾਰਿਆ ਗਿਆ ਹੈ ਜਦੋਂ ਕਿ ਹੋਰ ਕਿਸੇ ਵੀ ਕੈਦੀ ਦੀ ਜੇਲ੍ਹ ਕੋਠੜੀ ਸੰਬੰਧੀ ਕੋਈ ਨਿਸ਼ਾਨੀ ਮੌਜੂਦ ਨਹੀਂ ਹੈ।

੫. ਸ਼ਾਮ ਨੂੰ ੬ ਵਜੇ ਤੋਂ ਲੈ ਕੇ ੭ ਵਜੇ ਤਕ ਅਤੇ ੭ ਵਜੇ ਤੋਂ ੮ ਵਜੇ ਤਕ ਜੇਲ੍ਹ ਦੇ ਕੰਪਲੈਕਸ ਅੰਦਰ ਲਾਈਟ ਐਂਡ ਸਾਊਂਡ ਦੇ ਦੋ ਸ਼ੋਅ ਦਿਖਾਏ ਜਾਂਦੇ ਹਨ। ਸੁਤੰਤਰਤਾ ਸੈਨਾਨੀਆਂ 'ਤੇ ਹੁੰਦੇ ਜ਼ੁਲਮਾਂ ਦੀ ਦਾਸਤਾਨ ਦਾ ਪ੍ਰਗਟਾਵਾ ਕਰਨ ਵਾਲਾ ਇਹ ਸ਼ੋਅ ਇੱਥੇ ਆਉਣ ਵਾਲਿਆਂ ਨੂੰ ਬਹੁਤ ਪ੍ਰਭਾਵਿਤ ਕਰਦਾ ਹੈ। ਵੱਡੀ ਗਿਣਤੀ ਵਿਚ ਲੋਕ ਇਸ ਨੂੰ ਦੇਖਣ ਆਉਂਦੇ ਹਨ। ਇਸ ਸ਼ੋਅ ਵਿਚ ਵੀ ਪੰਜਾਬ ਦੇ ਸੁਤੰਤਰਤਾ ਸੈਨਾਨੀਆਂ ਦਾ ਕੋਈ ਬਹੁਤਾ ਜ਼ਿਕਰ ਨਹੀਂ ਕੀਤਾ ਜਾਂਦਾ।

੬. ੨ ਮਈ, ੨੦੧੭ ਨੂੰ ਡੈਲੀਗੇਸ਼ਨ ਪੋਰਟ ਬਲੇਅਰ ਦੇ ਲੈਫ਼ਟੀਨੈਂਟ ਗਵਰਨਰ ਡਾ. ਜਗਦੀਸ਼ ਮੁਖੀ ਨੂੰ ਮਿਲਣ ਲਈ ਰਾਜ ਭਵਨ ਗਿਆ। ਇਹ ਮੀਟਿੰਗ ਬਹੁਤ ਹੀ ਸੁਹਿਰਦ ਮਾਹੌਲ ਵਿਚ ਹੋਈ। ਲੈਫ਼ਟੀਨੈਂਟ ਗਵਰਨਰ ਦਾ ਪਿਛੋਕੜ ਪੰਜਾਬ ਨਾਲ ਸੰਬੰਧਿਤ ਹੈ ਅਤੇ ਉਨ੍ਹਾਂ ਨੇ ਡੈਲੀਗੇਸ਼ਨ ਦੇ ਵਿਚਾਰਾਂ ਨੂੰ ਬਹੁਤ ਧਿਆਨ ਨਾਲ ਸੁਣਿਆ। ਉਨ੍ਹਾਂ ਨੇ ਕਿਹਾ ਕਿ ਉਹ ਪੋਰਟ ਬਲੇਅਰ ਦੀਆਂ ਤਿੰਨ ਸੜਕਾਂ ਦੇ ਨਾਂ ਸ. ਭਗਤ ਸਿੰਘ, ਸ੍ਰੀ ਮਦਨ ਲਾਲ ਢੀਂਗਰਾ ਅਤੇ ਡਾ. ਦੀਵਾਨ ਸਿੰਘ ਕਾਲੇਪਾਣੀ ਦੇ ਨਾਂ 'ਤੇ ਰੱਖਣ ਦਾ ਮਨ ਬਣਾ ਚੁੱਕੇ ਹਨ। ਡੈਲੀਗੇਸ਼ਨ ਦੇ ਮੈਂਬਰਾਂ ਨੇ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਸੈਲੂਲਰ ਜੇਲ੍ਹ ਦੀਆਂ ਗੈਲਰੀਆਂ ਅਤੇ ਲਾਈਟ ਐਂਡ ਸਾਊਂਡ ਪ੍ਰੋਗਰਾਮ ਵਿਚ ਪੰਜਾਬੀਆਂ ਅਤੇ ਵਿਸ਼ੇਸ਼ ਤੌਰ 'ਤੇ ਸਿੱਖਾਂ ਵੱਲੋਂ ਅਜ਼ਾਦੀ ਦੇ ਅੰਦੋਲਨ ਲਈ ਦਿੱਤੀਆਂ ਕੁਰਬਾਨੀਆਂ ਅਤੇ ਸਹਿਣ ਕੀਤੇ ਜ਼ੁਲਮਾਂ ਨੂੰ ਵੀ ਬਣਦਾ ਸਥਾਨ ਅਤੇ ਸਤਿਕਾਰ ਦਿੱਤਾ ਜਾਣਾ ਚਾਹੀਦਾ ਹੈ। ਗਵਰਨਰ ਸਾਹਿਬ ਨੇ ਕਿਹਾ ਉਹ ਇਸ ਦਿਸ਼ਾ ਵਿਚ ਛੇਤੀ ਹੀ ਯੋਗ ਕਾਰਵਾਈ ਕਰ ਕੇ ਪੰਜਾਬੀਆਂ ਦੁਆਰਾ ਅਜ਼ਾਦੀ ਦੇ ਅੰਦੋਲਨ ਵਿਚ ਪਾਏ ਯੋਗਦਾਨ ਨੂੰ ਦੁਨੀਆ ਸਾਹਮਣੇ ਪੇਸ਼ ਕਰਨਗੇ।

ਸ. ਬਖ਼ਤਾਵਰ ਸਿੰਘ ਅਜ਼ਾਦੀ ਤੋਂ ਪਹਿਲਾਂ ਦੇ ਪੋਰਟ ਬਲੇਅਰ ਵਿਖੇ ਰਹਿ ਰਹੇ ਹਨ। ਪੁਲਿਸ ਦੀ ਨੌਕਰੀ ਤੋਂ ਰਿਟਾਇਰ ਹੋਣ ਉਪਰੰਤ ਇਨ੍ਹਾਂ ਨੇ ਸਥਾਨਕ ਜਾਰਵਾਂ ਕਬੀਲੇ ਨਾਲ ਭਾਰਤ ਸਰਕਾਰ ਦਾ ਪਹਿਲੀ ਵਾਰੀ ਸੰਬੰਧ ਸਥਾਪਿਤ ਕਰਨ ਵਿਚ ਵਿਸ਼ੇਸ਼ ਯੋਗਦਾਨ ਪਾਇਆ ਹੈ। ਸ. ਬਖਤਾਵਰ ਸਿੰਘ ਨੇ ਸਮਾਜ ਸੇਵਾ ਅਤੇ ਲੋਕ-ਭਲਾਈ ਦੇ ਕਾਰਜਾਂ ਵਿਚ ਆਪਣਾ ਖਾਸ ਸਥਾਨ ਬਣਾਇਆ ਹੈ। ੨੦੦੫ ਈ. ਵਿਚ

ਇਹ ਅਕਾਲ ਚਲਾਣਾ ਕਰ ਗਏ ਸਨ। ਡੈਲੀਗੇਸ਼ਨ ਨੇ ਗਵਰਨਰ ਸਾਹਿਬ ਨੂੰ ਇਸ ਸ਼ਖ਼ਸ ਦੀਆਂ ਸੇਵਾਵਾਂ ਨੂੰ ਮਾਨਤਾ ਦੇਣ ਅਤੇ ਇਸ ਦੀ ਯਾਦ ਵਿਚ ਯੋਗ ਯਾਦਗਾਰ ਸਥਾਪਿਤ ਕਰਨ ਦੀ ਬੇਨਤੀ ਵੀ ਕੀਤੀ।

੭. ਮਾਰਚ ੧੯੪੨ ਤੋਂ ਲੈ ਕੇ ਅਕਤੂਬਰ ੧੯੪੫ ਤਕ ਦੂਜੇ ਵਿਸ਼ਵ ਯੁੱਧ ਦੌਰਾਨ ਜਪਾਨੀਆਂ ਦਾ ਇਸ ਟਾਪੂ 'ਤੇ ਕਬਜ਼ਾ ਰਿਹਾ ਹੈ। ਇਸ ਸਮੇਂ ਦੌਰਾਨ ਉਨ੍ਹਾਂ ਨੇ ਭਾਰਤੀਆਂ 'ਤੇ ਬਹੁਤ ਜ਼ੁਲਮ ਕੀਤੇ ਸਨ। ਡਾ. ਦੀਵਾਨ ਸਿੰਘ ਕਾਲੇਪਾਣੀ ਨੂੰ ੮੨ ਦਿਨ ਸੈਲੂਲਰ ਜੇਲ੍ਹ ਵਿਚ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ ਸੀ। ਉਨ੍ਹਾਂ ਸੰਬੰਧੀ ਕੋਈ ਵੀ ਜਾਣਕਾਰੀ ਇਸ ਜੇਲ੍ਹ ਵਿੱਚੋਂ ਪ੍ਰਾਪਤ ਨਹੀਂ ਹੁੰਦੀ।

੪੪ ਨਿਰਦੋਸ਼ ਭਾਰਤੀਆਂ ਨੂੰ ਜਪਾਨੀਆਂ ਨੇ ਅੰਗਰੇਜ਼ਾਂ ਦੇ ਜਸੂਸ ਕਹਿ ਕੇ ਹਮਫਰੀਗੰਜ ਵਿਖੇ ਗੋਲੀ ਮਾਰ ਦਿੱਤੀ ਸੀ। ਸ਼ਹੀਦ ਹੋਣ ਵਾਲੇ ਇਹ ਸ਼ਖ਼ਸ ਇੰਡੀਅਨ ਇੰਡੀਪੈਂਡੈਂਸ ਲੀਗ ਨਾਲ ਸੰਬੰਧਿਤ ਸਨ। ਇਨ੍ਹਾਂ ਨੂੰ ਹਾਲੇ ਤਕ ਸੁਤੰਤਰਤਾ ਸੰਗਰਾਮੀਆਂ ਦਾ ਦਰਜਾ ਪ੍ਰਾਪਤ ਨਹੀ ਹੋ ਸਕਿਆ। ਇੱਥੇ ਸ਼ਹੀਦ ਹੋਣ ਵਾਲਿਆਂ ਵਿਚ ਸ. ਪੋਖਰ ਸਿੰਘ ਚਾਵਲਾ, ਸ. ਬਚਨ ਸਿੰਘ, ਸ. ਬਖਸ਼ੀਸ਼ ਸਿੰਘ, ਸ. ਬਲਵੰਤ ਸਿੰਘ, ਸ. ਬੰਤਾ ਸਿੰਘ, ਸ. ਦਲੀਪ ਸਿੰਘ ਆਦਿ ੧੯ ਸਿੱਖ ਸ਼ਾਮਲ ਸਨ ਜਿਨ੍ਹਾਂ ਦੇ ਨਾਂ ਉਥੇ ਮੌਜੂਦ ਯਾਦਗਾਰ ਤੇ ਉਕਰੇ ਹੋਏ ਹਨ।

੮. ਡੈਲੀਗੇਸ਼ਨ ਦੇ ਮੈਂਬਰਾਂ ਨੇ ਪੋਰਟ ਬਲੇਅਰ ਦੇ ਦੋ ਗੁਰਦੁਆਰਾ ਸਾਹਿਬਾਨ ਦਾ ਸਰਵੇ ਵੀ ਕੀਤਾ ਸੀ। ਇਨ੍ਹਾਂ ਵਿੱਚੋਂ ਇਕ ਪੁਲਿਸ ਗੁਰਦੁਆਰਾ ਅਤੇ ਦੂਜਾ ਗੁਰਦੁਆਰਾ ਡਾ. ਦੀਵਾਨ ਸਿੰਘ ਕਾਲੇਪਾਣੀ ਦੇ ਨਾਂ 'ਤੇ ਸੁਸ਼ੋਭਿਤ ਹੈ। ਇਹ ਦੋਵੇਂ ਗੁਰਦੁਆਰਾ ਸਾਹਿਬਾਨ ਅਜ਼ਾਦੀ ਮਿਲਣ ਤੋਂ ਪਹਿਲਾਂ ਦੇ ਉਸਾਰੇ ਹੋਏ ਹਨ।

ਡਾ. ਦੀਵਾਨ ਸਿੰਘ ਕਾਲੇਪਾਣੀ ਵਾਲੇ ਗੁਰਦੁਆਰੇ ਦੇ ਸਾਹਮਣੇ ਡਾ. ਸਾਹਿਬ ਦਾ ਬੁੱਤ ਲੱਗਿਆ ਹੋਇਆ ਹੈ ਜਿਸ ਦਾ ਉਦਘਾਟਨ ੨ ਅਗਸਤ, ੨੦੧੨ ਈ. ਨੂੰ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਕੀਤਾ ਸੀ। ਇਸ ਦੇ ਨਾਲ ਹੀ ਡਾ. ਦੀਵਾਨ ਸਿੰਘ ਕਾਲੇਪਾਣੀ ਦੇ ਜੀਵਨ ਅਤੇ ਦੇਸ਼ ਦੀ ਅਜ਼ਾਦੀ ਪ੍ਰਤੀ ਉਨ੍ਹਾਂ ਦੀ ਭਾਵਨਾ ਦਾ ਸੰਕੇਤਕ ਪੱਥਰ ਲੱਗਿਆ ਹੋਇਆ ਹੈ ਜਿਸ 'ਤੇ ਲਿਖਿਆ ਹੋਇਆ ਹੈ-ਅੰਗਰੇਜ਼ਾਂ ਨੇ ਅਜ਼ਾਦੀ ਨਹੀਂ ਦਿੱਤੀ ਜਪਾਨੀ ਵੀ ਨਹੀਂ ਦੇਣਗੇ। ਇਸ ਗੁਰਦੁਆਰੇ ਦੇ ਨਾਲ ਹੀ ਇਕ ਸਕੂਲ ਵੀ ਚਲਾਇਆ ਜਾ ਰਿਹਾ ਹੈ ਜਿਸ ਸੰਬੰਧੀ ਸ. ਬੇਅੰਤ ਸਿੰਘ ਨੇ ਵਿਸਤ੍ਰਿਤ ਜਾਣਕਾਰੀ ਪ੍ਰਦਾਨ ਕਰਦੇ ਹੋਏ ਕਿਹਾ ਕਿ ਹੋਰਨਾਂ ਭਾਸ਼ਾਵਾਂ ਦੇ ਨਾਲ-ਨਾਲ ਇੱਥੇ ਪੰਜਾਬੀ ਵੀ ਪੜ੍ਹਾਈ ਜਾਂਦੀ ਹੈ।

੨ ਮਈ, ੨੦੧੭ ਈ. ਨੂੰ ਡੈਲੀਗੇਸ਼ਨ ਦੇ ਮੈਂਬਰਾਂ ਨੇ ਪੁਲਿਸ ਗੁਰਦੁਆਰਾ ਸਾਹਿਬ ਦੇ ਦਰਸ਼ਨ ਕੀਤੇ ਜਿਥੇ ਉਨ੍ਹਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤੇ ਜਾ ਰਹੇ ਸਕਾਰਾਤਮਕ ਕਾਰਜਾਂ ਅਤੇ ਪੋਰਟ ਬਲੇਅਰ ਵਿਖੇ ਆਉਣ ਦੇ ਉਦੇਸ਼

ਸੰਬੰਧੀ ਸਿੱਖ ਸੰਗਤ ਨੂੰ ਜਾਣਕਾਰੀ ਪ੍ਰਦਾਨ ਕੀਤੀ। ਗੁਰਦੁਆਰਾ ਸਾਹਿਬ ਵਿਖੇ ਡੈਲੀਗੇਸ਼ਨ ਦੇ ਮੈਂਬਰਾਂ ਦਾ ਸਨਮਾਨ ਕਰਦੇ ਹੋਏ ਗੁਰਦੁਆਰਾ ਕਮੇਟੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੇ ਨਾਂ ਸੱਦਾ-ਪੱਤਰ ਵੀ ਦਿੱਤਾ ਜਿਹੜਾ ਕਿ ਅਗਜ਼ੈਕਟਿਵ ਮੈਂਬਰ ਸ. ਸੁਰਜੀਤ ਸਿੰਘ ਭਿੱਟੇਵਡ ਨੇ ਪ੍ਰਾਪਤ ਕੀਤਾ।

(ਸ.ਸੁਰਜੀਤ ਸਿੰਘ ਭਿੱਟੇਵਡ) (ਡਾ.ਧਰਮਿੰਦਰ ਸਿੰਘ ਉੱਭਾ) (ਡਾ.ਪਰਮਵੀਰ ਸਿੰਘ) (ਸ. ਹਰਭਜਨ ਸਿੰਘ ਮਨਾਵਾਂ) (ਸ. ਗੁਰਦਰਸ਼ਨ ਸਿੰਘ ਬਾਹੀਆ) (ਸ. ਜਗਤਾਰ ਸਿੰਘ) (ਸ.ਅਮਰਜੀਤ ਸਿੰਘ ਚਾਵਲਾ)

ਇੰਟਰਨੈੱਟ 'ਤੇ ਪ੍ਰਾਪਤ ਸੂਚਨਾ ਅਨੁਸਾਰ ਹੇਠ ਲਿਖੇ ਅਜ਼ਾਦੀ ਘੁਲਾਟੀਏ ਸੁਤੰਤਰਤਾ ਸੰਗਰਾਮੀ ਤਥਾ ਅਜ਼ਾਦੀ ਦੀ ਸ਼ਮ੍ਹਾ ਦੇ ਪਰਵਾਨਿਆਂ ਦੀ ਲਿਸਟ ਨਿਮਨ ਅਨੁਸਾਰ ਹੈ:

੧. ਸਰਦਾਰ ਅਮਰ ਸਿੰਘ
੨. ਸਰਦਾਰ ਭਾਨ ਸਿੰਘ
੩. ਸਰਦਾਰ ਬਿਸ਼ਨ ਸਿੰਘ ਸਪੁੱਤਰ ਸਰਦਾਰ ਜਵਾਲਾ ਸਿੰਘ
੪. ਸਰਦਾਰ ਬਿਸ਼ਨ ਸਿੰਘ ਸਪੁੱਤਰ ਸਰਦਾਰ ਕਸੂਰ ਸਿੰਘ
੫. ਸਰਦਾਰ ਬਿਸ਼ਨ ਸਿੰਘ ਨੰਬਰ ੩
੬. ਸਰਦਾਰ ਬਿਸ਼ਨ ਸਿੰਘ ਨੰਬਰ ੪
੭. ਸਰਦਾਰ ਚੰਨਣ ਸਿੰਘ
੮. ਸਰਦਾਰ ਚਤਰ ਸਿੰਘ ਨੰਬਰ ੧
੯. ਸਰਦਾਰ ਚਤਰ ਸਿੰਘ ਨੰਬਰ ੨
੧੦. ਸਰਦਾਰ ਚੂਹੜ ਸਿੰਘ
੧੧. ਸਰਦਾਰ ਗੁਰਦਾਸ ਸਿੰਘ
੧੨. ਸਰਦਾਰ ਗੁਰਦਿੱਤ ਸਿੰਘ
੧੩. ਸਰਦਾਰ ਗੁਰਮੁੱਖ ਸਿੰਘ ਨੰਬਰ ੧
੧੪. ਸਰਦਾਰ ਗੁਰਮੁੱਖ ਸਿੰਘ ਨੰਬਰ ੨
੧੫. ਸਰਦਾਰ ਹਰਦਿੱਤ ਸਿੰਘ
੧੬. ਸਰਦਾਰ ਹਰਨਾਮ ਸਿੰਘ
੧੭. ਸਰਦਾਰ ਹਜ਼ਾਰਾ ਸਿੰਘ
੧੮. ਸਰਦਾਰ ਹਿਰਦਾ ਸਿੰਘ
੧੯. ਸਰਦਾਰ ਇੰਦਰ ਸਿੰਘ ਨੰਬਰ ੧
੨੦. ਸਰਦਾਰ ਇੰਦਰ ਸਿੰਘ ਨੰਬਰ ੨
੨੧. ਸਰਦਾਰ ਜਾਵੰਦ ਸਿੰਘ
੨੨. ਸਰਦਾਰ ਜਵਾਲਾ ਸਿੰਘ
੨੩. ਸਰਦਾਰ ਜੀਵਨ ਸਿੰਘ
੨੪. ਸਰਦਾਰ ਕਾਲਾ ਸਿੰਘ ਸਪੁੱਤਰ ਸਰਦਾਰ ਘਸੀਟਾ ਸਿੰਘ
੨੫. ਸਰਦਾਰ ਕਾਲਾ ਸਿੰਘ ਸਪੁੱਤਰ ਸਰਦਾਰ ਗੁਲਾਬ ਸਿੰਘ
੨੬. ਸਰਦਾਰ ਕਪੂਰ ਸਿੰਘ
੨੭. ਸਰਦਾਰ ਕਰਤਾਰ ਸਿੰਘ
੨੮. ਸਰਦਾਰ ਕੇਹਰ ਸਿੰਘ ਸਪੁੱਤਰ ਸਰਦਾਰ ਨਿਹਾਲ ਸਿੰਘ
੨੯. ਸਰਦਾਰ ਕੇਹਰ ਸਿੰਘ ਸਪੁੱਤਰ ਸਰਦਾਰ ਭਾਨ ਸਿੰਘ
੩੦. ਸਰਦਾਰ ਕੇਸਰ ਸਿੰਘ
੩੧. ਸਰਦਾਰ ਕਿਰਪਾ ਸਿੰਘ
੩੨. ਸਰਦਾਰ ਕਿਰਪਾਲ ਸਿੰਘ
੩੩. ਸਰਦਾਰ ਖੁਸ਼ਾਲ ਸਿੰਘ
੩੪. ਸਰਦਾਰ ਲਖਨ ਸਿੰਘ
੩੫. ਸਰਦਾਰ ਲਾਲ ਸਿੰਘ ਨੰਬਰ ੧
੩੬. ਸਰਦਾਰ ਲਾਲ ਸਿੰਘ ਨੰਬਰ ੨

੩੭. ਸਰਦਾਰ ਮਦਨ ਸਿੰਘ
੩੮. ਸਰਦਾਰ ਮੰਗਲ ਸਿੰਘ
੩੯. ਸਰਦਾਰ ਮਨੋਹਰ ਸਿੰਘ
੪੦. ਸਰਦਾਰ ਮੂਨਸ਼ਾ ਸਿੰਘ
੪੧. ਸਰਦਾਰ ਨੰਦ ਸਿੰਘ ਨੰਬਰ ੧
੪੨. ਸਰਦਾਰ ਨੰਦ ਸਿੰਘ ਨੰਬਰ ੨
੪੩. ਸਰਦਾਰ ਨੱਥਾ ਸਿੰਘ
੪੪. ਸਰਦਾਰ ਨਾਹਰ ਸਿੰਘ
੪੫. ਸਰਦਾਰ ਨਿਧਾਨ ਸਿੰਘ
੪੬. ਸਰਦਾਰ ਪਿਆਰਾ ਸਿੰਘ
੪੭. ਸਰਦਾਰ ਪ੍ਰਿਥਵੀ ਸਿੰਘ ਅਜ਼ਾਦ
੪੮. ਸਰਦਾਰ ਰਣਧੀਰ ਸਿੰਘ
੪੯. ਸਰਦਾਰ ਰੋਡਾ ਸਿੰਘ ਜੱਟ
੫੦. ਸਰਦਾਰ ਰੁਲੀਆ ਸਿੰਘ
੫੧. ਸਰਦਾਰ ਰੋੜੂ ਸਿੰਘ
੫੨. ਸਰਦਾਰ ਸੱਜਣ ਸਿੰਘ
੫੩. ਸਰਦਾਰ ਸੋਣ ਸਿੰਘ
੫੪. ਸਰਦਾਰ ਸਮੇਰ ਸਿੰਘ
੫੫. ਸਰਦਾਰ ਸਿੰਗਾਰਾ ਸਿੰਘ
੫੬. ਸਰਦਾਰ ਸ਼ਿਵ ਸਿੰਘ
੫੭. ਸਰਦਾਰ ਸੋਹਣ ਸਿੰਘ
੫੮. ਸਰਦਾਰ ਸੁੱਚਾ ਸਿੰਘ
੫੯. ਸਰਦਾਰ ਸੁੱਚਾ ਸਿੰਘ
੬੦. ਸਰਦਾਰ ਸੁਰੇਣ ਸਿੰਘ
੬੧. ਸਰਦਾਰ ਸੁਰਜਣ ਸਿੰਘ
੬੨. ਸਰਦਾਰ ਤੇਜਾ ਸਿੰਘ
੬੩. ਸਰਦਾਰ ਠਾਕਰ ਸਿੰਘ
੬੪. ਸਰਦਾਰ ਉਧਮ ਸਿੰਘ
੬੫. ਸਰਦਾਰ ਵਿਸਾਖਾ ਸਿੰਘ
੬੬. ਸਰਦਾਰ ਵਸਾਵਾ ਸਿੰਘ
੬੭. ਸਰਦਾਰ ਇੰਦਰ ਸਿੰਘ (ਤੀਜਾ)
੬੮. ਸਰਦਾਰ ਸਾਉਣ ਸਿੰਘ
੬੯. ਸਰਦਾਰ ਸੂਜਾ ਸਿੰਘ
੭੦. ਸਰਦਾਰ ਸ਼ੇਰ ਸਿੰਘ
੭੧. ਸਰਦਾਰ ਹਜ਼ਾਰਾ ਸਿੰਘ: ਇਹ ਪੰਜਾਬ ਦੇ ਸ੍ਰੀ ਅੰਮ੍ਰਿਤਸਰ ਸਾਹਿਬ ਜ਼ਿਲ੍ਹੇ ਵਿਚ ਪੈਂਦੇ ਪਿੰਡ ਦਦੇਹਰ ਦੇ ਵਸਨੀਕ ਸ. ਬੇਲਾ ਸਿੰਘ ਦਾ ਪੁੱਤਰ ਸੀ।
੭੨. ਸਰਦਾਰ ਹਜ਼ਾਰਾ ਸਿੰਘ: ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਪੈਂਦੇ ਪਿੰਡ ਭੱਲਰੀ ਦੇ ਵਸਨੀਕ ਸ. ਰਾਜਾ ਸਿੰਘ ਦਾ ਇਹ ਪੁੱਤਰ ਸੀ।
੭੩. ਸਰਦਾਰ ਹਰੀ ਸਿੰਘ ਕੱਕੜ
੭੪. ਸਰਦਾਰ ਹਿਰਦਾ ਸਿੰਘ
੭੫. ਸ੍ਰੀ ਹਿਰਦਾ ਰਾਮ
੭੬. ਸਰਦਾਰ ਕਰਤਾਰ ਸਿੰਘ ਝੱਬਰ
੭੭. ਸਰਦਾਰ ਕੇਹਰ ਸਿੰਘ: ਪੰਜਾਬ ਦੇ ਸ੍ਰੀ ਅੰਮ੍ਰਿਤਸਰ ਸਾਹਿਬ ਜ਼ਿਲ੍ਹੇ ਵਿਚ ਪੈਂਦੇ ਪਿੰਡ ਸਰਹਾਲੀ ਦੇ ਵਸਨੀਕ ਸ. ਭਗਤ ਸਿੰਘ ਦਾ ਇਹ ਪੁੱਤਰ ਸੀ।
੭੮. ਸਰਦਾਰ ਖੜਕ ਸਿੰਘ
੭੯. ਸਰਦਾਰ ਖੁਸ਼ਹਾਲ ਸਿੰਘ
੮੦. ਸ੍ਰੀ ਖੁਸ਼ੀ ਰਾਮ ਮਹਿਤਾ
੮੧. ਸਰਦਾਰ ਚਤਰ ਸਿੰਘ ਸਾਂਗਲਾ
੮੨. ਸਰਦਾਰ ਚਤਰ ਸਿੰਘ ਦੂਜਾ
੮੩. ਸ੍ਰੀ ਚੇਤ ਰਾਮ ਵੈਰੋਵਾਲ
੮੪. ਸ੍ਰੀ ਜਗਤ ਰਾਮ
੮੫. ਸਰਦਾਰ ਨੰਦ ਸਿੰਘ: ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਵਿਚ ਪੈਂਦੇ ਪਿੰਡ ਕੈਲਾ ਦੇ ਵਸਨੀਕ ਸ. ਰਾਮ ਸਿੰਘ ਦਾ ਇਹ ਪੁੱਤਰ ਸੀ।
੮੬. ਸਰਦਾਰ ਨੰਦ ਸਿੰਘ (ਦੂਜਾ):

ਮੌਜੂਦਾ ਪਾਕਿਸਤਾਨ ਦੇ ਜ਼ਿਲ੍ਹਾ ਲਾਇਲਪੁਰ ਵਿਚ ਪੈਂਦੇ ਪਿੰਡ ਚੱਕ ਨੰ. ੫੫ ਰੁਖ ਬੁਰਜ ਦੇ ਵਸਨੀਕ ਸਰਦਾਰ ਪੰਜਾਬ ਸਿੰਘ ਦੇ ਇਹ ਪੁੱਤਰ ਸਨ।

੮੭. ਸਰਦਾਰ ਨੰਦ ਸਿੰਘ (ਤੀਜਾ): ਪੰਜਾਬ ਦੇ ਸ੍ਰੀ ਅੰਮ੍ਰਿਤਸਰ ਸਾਹਿਬ ਜ਼ਿਲ੍ਹੇ ਵਿਚ ਪੈਂਦੇ ਪਿੰਡ ਰਾਇ ਕਾ ਬੁਰਜ ਦੇ ਵਸਨੀਕ ਸਰਦਾਰ ਪੰਜਾਬ ਸਿੰਘ ਦਾ ਇਹ ਪੁੱਤਰ ਸੀ।

੮੮. ਸ੍ਰੀ ਪਰਮਾਨੰਦ (ਭਾਈ)

੮੯. ਸਰਦਾਰ ਪੂਰਨ ਸਿੰਘ

੯੦. ਸਰਦਾਰ ਬਲਵੰਤ ਸਿੰਘ

੯੧. ਸਰਦਾਰ ਬਿਸ਼ਨ ਸਿੰਘ: ਇਹ ਸ੍ਰੀ ਅੰਮ੍ਰਿਤਸਰ ਸਾਹਿਬ ਜ਼ਿਲ੍ਹੇ ਵਿਚ ਪੈਂਦੇ ਪਿੰਡ ਦਦੇਹਰ ਦੇ ਵਸਨੀਕ ਸਰਦਾਰ ਕੇਸਰ ਸਿੰਘ ਦਾ ਪੁੱਤਰ ਸੀ। ਇਹ ਸ਼ੰਘਾਈ ਪੁਲਿਸ ਵਿਚ ਕੰਮ ਕਰਦਾ ਸੀ ਅਤੇ ਗ਼ਦਰ ਲਹਿਰ ਦੇ ਪ੍ਰਭਾਵ ਅਧੀਨ ਪੰਜਾਬ ਪਰਤ ਆਇਆ ਸੀ।

੯੨. ਸਰਦਾਰ ਬਿਸ਼ਨ ਸਿੰਘ: ਇਹ ਸ੍ਰੀ ਅੰਮ੍ਰਿਤਸਰ ਸਾਹਿਬ ਜ਼ਿਲ੍ਹੇ ਵਿਚ ਪੈਂਦੇ ਪਿੰਡ ਦਦੇਹਰ ਦੇ ਵਸਨੀਕ ਸਰਦਾਰ ਜਵਾਲਾ ਸਿੰਘ ਦੇ ਪੁੱਤਰ ਸਨ। ਮਨੀਲਾ ਤੋਂ ਕਾਮਾਗਾਟਾਮਾਰੂ ਜਹਾਜ਼ ਰਾਹੀਂ ਪੰਜਾਬ ਪਰਤ ਕੇ ਇਨ੍ਹਾਂ ਨੇ ਗ਼ਦਰ ਲਹਿਰ ਦੀਆਂ ਗਤੀਵਿਧੀਆਂ ਵਿਚ ਸਰਗਰਮੀ ਨਾਲ ਭਾਗ ਲੈਣਾ ਅਰੰਭ ਕਰ ਦਿੱਤਾ।

੯੩. ਸਰਦਾਰ ਬਿਸ਼ਨ ਸਿੰਘ: ਪੰਜਾਬ ਦੇ ਮੌਜੂਦਾ ਸ੍ਰੀ ਤਰਨਤਾਰਨ ਸਾਹਿਬ ਜ਼ਿਲ੍ਹੇ ਦੇ ਪਿੰਡ ਢੋਟੀਆਂ ਦੇ ਵਸਨੀਕ ਜੀਵਨ ਸਿੰਘ ਦਾ ਇਹ ਪੁੱਤਰ ਸੀ। ੨੩ ਰਿਸਾਲਾ ਫੌਜੀ ਟੁਕੜੀ ਨਾਲ ਸੰਬੰਧਿਤ ਇਹ ਜਵਾਨ ਗਦਰੀਆਂ ਨਾਲ ਹਮਦਰਦੀ ਰੱਖਦਾ ਸੀ। ਇਨ੍ਹਾਂ ਦੀ ਟੁਕੜੀ ਲਾਹੌਰ ਵਿਖੇ ਤਾਇਨਾਤ ਸੀ ਜਦੋਂ ਇਨ੍ਹਾਂ ਨੂੰ ਯੂ.ਪੀ. ਵਿਖੇ ਪੋਸਟ ਕੀਤਾ ਗਿਆ।

੯੪. ਸਰਦਾਰ ਬਿਸ਼ਨ ਸਿੰਘ: ਪੰਜਾਬ ਦੇ ਮੌਜੂਦਾ ਸ੍ਰੀ ਤਰਨਤਾਰਨ ਜ਼ਿਲ੍ਹੇ ਵਿਚ ਪੈਂਦੇ ਪਿੰਡ ਢੋਟੀਆਂ ਦੇ ਵਸਨੀਕ ਸਰਦਾਰ ਰਾਮ ਸਿੰਘ ਦਾ ਇਹ ਪੁੱਤਰ ਸੀ।

੯੫. ਸਰਦਾਰ ਬੁੱਢਾ ਸਿੰਘ

੯੬. ਸਰਦਾਰ ਬੁੱਢਾ ਸਿੰਘ ਫੈਲੋਕੇ

੯੭. ਸਰਦਾਰ ਭਾਨ ਸਿੰਘ

੯੮. ਸਰਦਾਰ ਮੇਹਰ ਸਿੰਘ

੯੯. ਸ੍ਰੀ ਰਾਜਾ ਰਾਮ

੧੦੦. ਸ੍ਰੀ ਰਾਮ ਹਰੀ

੧੦੧. ਸ੍ਰੀ ਰਾਮ ਰਕਸ਼ਾ ਭਾਲੇ

੧੦੨. ਸ੍ਰੀ ਰਾਮ ਸਰਨ ਦਾਸ

ਜੰਗ-ਏ-ਅਜ਼ਾਦੀ ਦਾ ਲੰਮਾ ਜੰਗ ਸੰਘਰਸ਼ ਜੋ ਭਾਈ ਮਹਾਰਾਜ ਸਿੰਘ ਉੱਚੀ ਰੱਬੋਂ (ਨੇੜੇ ਖੰਨਾ) ਤੋਂ ਅਰੰਭ ਹੋਇਆ ਹੈ ਅਤੇ ਆਖਰੀ ਸਮੇਂ ਭਾਵ ੧੫ ਅਗਸਤ, ੧੯੪੭ ਈ. ਨੂੰ ਅਜ਼ਾਦੀ ਦੀ ਪ੍ਰਾਪਤੀ ਤੀਕ ਬਾਦਸਤੂਰ ਜਾਰੀ ਰਿਹਾ। ਜਿਸ ਦੌਰਾਨ ਹਥਿਆਰਬੰਦ ਸੰਘਰਸ਼ ਗ਼ਦਰ ਲਹਿਰ, ਬੱਬਰ ਲਹਿਰ ਦੇ ਰੂਪ ਵਿਚ ਹੋਇਆ ਅਤੇ ਕਾਮਾਗਾਟਾ ਮਾਰੂ ਜਹਾਜ਼ (ਗੁਰੂ ਨਾਨਕ ਜਹਾਜ਼) ਦੀ ਕਲਕੱਤੇ ਦੀ ਬਜਬਜ ਘਾਟ ਦੀ ਖ਼ੂਨੀ ਦਿਲ-ਕੰਬਾਊ ਘਟਨਾ, ਗੁਰਦੁਆਰਾ ਸੁਧਾਰ ਲਹਿਰ ਦੌਰਾਨ ੧੯੨੦ ਤੋਂ ੧੯੨੫ ਤੀਕ ਬਾਬੇ ਕੀ ਬੇਰ ਸਿਆਲਕੋਟ (ਹੁਣ ਪਾਕਿਸਤਾਨ) ਅਤੇ ਜੈਤੋ ਦੇ ਮੋਰਚੇ ਤੀਕ ੧੧ ਮੋਰਚੇ ਵੀ ਲਗਾਏ ਜਿਨ੍ਹਾਂ ਵਿਚ

ਬਿਲਕੁਲ ਸ਼ਾਂਤਮਈ ਢੰਗ ਨਾਲ ਗੁਰਦੁਆਰਾ ਸਾਹਿਬਾਨ ਨੂੰ ਅੰਗਰੇਜ਼ ਦੇ ਪਿੱਠੂ ਭ੍ਰਿਸ਼ਟ ਮਹੰਤਾਂ ਤੋਂ ਅਜ਼ਾਦ ਕਰਵਾ ਕੇ ਗੁਰਦੁਆਰਾ ਸਾਹਿਬਾਨ ਦੀ ਸੇਵਾ-ਸੰਭਾਲ ਖਾਲਸਾ ਪੰਥ ਦੇ ਹਵਾਲੇ ਕਰਨ ਹਿੱਤ ਕੀਤਾ ਲੰਮਾ ਪਰੰਤੂ ਬਿਲਕੁਲ ਸ਼ਾਂਤਮਈ ਸੰਘਰਸ਼ ਹੋਇਆ।

ਇੱਥੇ ਇਹ ਵੀ ਵਰਣਨਯੋਗ ਹੈ ਕਿ ਕਿਸ ਤਰ੍ਹਾਂ ਗੁਰਦੁਆਰਾ ਸਾਹਿਬਾਨ ਦੀ ਸੇਵਾ-ਸੰਭਾਲ ਪੰਥ ਦੇ ਹਵਾਲੇ ਕਰਨ ਹਿੱਤ ਬਿਲਕੁਲ ਸ਼ਾਂਤਮਈ ਢੰਗ ਨਾਲ ਸ਼ਾਮਲ ਸਿੰਘਾਂ ਉੱਤੇ ਨਿਰਦਈ ਢੰਗ ਨਾਲ ਅਣਮਨੁੱਖੀ ਜਬਰ ਅਤੇ ਜੁਲਮ ਢਾਹਿਆ ਗਿਆ। ਅਨੇਕਾਂ ਸਿੰਘਾਂ ਨੂੰ ਸ਼ਹੀਦ ਕਰ ਦਿੱਤਾ ਗਿਆ। ਬਹੁਤਿਆਂ ਨੂੰ ਭਾਰੀ ਮਾਰਕੁਟ ਕਰ ਕੇ, ਘੋੜਿਆਂ ਦੇ ਸੁਮਾਂ ਥੱਲੇ ਦਰੜ ਕੇ, ਲੰਮਾਂ ਸਮਾਂ ਜੇਲ੍ਹਾਂ ਦੀਆਂ ਕਾਲ-ਕੋਠੜੀਆਂ ਵਿਚ ਤਸੀਹੇ ਦੇ ਕੇ ਨਕਾਰੇ ਕਰ ਦਿੱਤਾ ਗਿਆ। ਉਸੇ ਜ਼ੰਗ-ਏ-ਅਜ਼ਾਦੀ ਦੌਰਾਨ ਅਨੇਕਾਂ ਹੀ ਸੰਘਰਸ਼ੀ ਯੋਧਿਆਂ ਨੂੰ ਨਰਕਾਂ ਤੋਂ ਮਾੜੀ ਸੈਲੂਲਰ ਜੇਲ੍ਹ (ਕਾਲੇ ਪਾਣੀ) ਵਿਚ ਅਸਹਿ ਅਤੇ ਅਕਹਿ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਉਸ ਜੇਲ੍ਹ ਬਾਰੇ ਇੰਟਰਨੈੱਟ ਰਾਹੀਂ ਮਿਲੀ ਜਾਣਕਾਰੀ ਇਸ ਲੇਖ ਵਿਚ ਸ਼ਾਮਲ ਕਰ ਰਿਹਾ ਹਾਂ ਤਾਂ ਜੋ ਪਾਠਕਾਂ ਨੂੰ ਪਤਾ ਲੱਗ ਸਕੇ ਕਿ ਅਜ਼ਾਦੀ ਲਈ ਪੰਜਾਬੀਆਂ ਅਤੇ ਖ਼ਾਸ ਕਰਕੇ ਸਿੱਖਾਂ ਨੂੰ ਕਿੰਨੀਆਂ ਕੁਰਬਾਨੀਆਂ ਕਰਨੀਆਂ ਪਈਆਂ ਅਤੇ ਸ਼ਹੀਦੀਆਂ ਦੇਣੀਆਂ ਪਈਆਂ। ਸਿੱਖ ਕੌਮ ਨਾਲ ਸੰਬੰਧਿਤ ਸੰਘਰਸ਼ੀ ਯੋਧਿਆਂ ਵੱਲੋਂ ਪਾਏ ਗਏ ਲਾਮਿਸਾਲ ਯੋਗਦਾਨ ਨੂੰ ਜਾਣ ਬੁਝ ਕੇ ਅਣਡਿੱਠ ਜਾਂ ਅਣਹੋਇਆ ਹੀ ਕੀਤਾ ਗਿਆ ਹੈ ਅਤੇ ਇਹ ਘਟੀਆ ਅਨੈਤਿਕ ਵਰਤਾਰਾ ਅੱਜ ਵੀ ਜਾਰੀ ਹੈ। ਅਜ਼ਾਦੀ ਤੋਂ ਬਾਅਦਵੀ ਪੈਰ ਪੈਰ 'ਤੇ ਵਿਤਕਰੇ ਕੀਤੇ ਜਾ ਰਹੇ ਹਨ। ਸੈਲੂਲਰ ਜੇਲ੍ਹ ਕਾਲੇ ਪਾਣੀ ਬਾਰੇ ਇਹ ਜਾਣਕਾਰੀ ਨਿਮਨ ਅਨੁਸਾਰ ਹੈ। ਨਿਸਚੇ ਹੀ ! ਇਹ ਸਾਰਾ ਨਿਮਨ ਵਰਣਨ ਲੂੰ-ਕੰਡੇ ਖੜੇ ਕਰ ਦੇਣ ਵਾਲਾ ਹੈ।

ਜੇਲ੍ਹ ਤੋਂ ਪਹਿਲਾਂ

ਜਦੋਂ ਤਕ ਪੋਰਟ ਬਲੇਅਰ ਦੀ ਕਾਲੇਪਾਣੀ ਦੀ ਜੇਲ੍ਹ ਜਾਂ ਸੈਲੂਲਰ ਜੇਲ੍ਹ ਨਹੀਂ ਸੀ ਬਣੀ, ਉਨਾਂ ਚਿਰ ਕੈਦੀਆਂ ਨੂੰ ਖੁੱਲ੍ਹੇ ਅਸਮਾਨ ਹੇਠ ਵਾਈਪਰ ਆਈਲੈਂਡ (ਜ਼ਹਿਰੀਲੇ ਸੱਪਾਂ ਦੇ ਟਾਪੂ) ਉੱਤੇ ਲਿਜਾ ਕੇ ਛੱਡ ਦਿੱਤਾ ਜਾਂਦਾ ਸੀ। ਉੱਥੋਂ ਕਿਸੇ ਕੈਦੀ ਦੇ ਭੱਜ ਜਾਣ ਦਾ ਡਰ ਨਹੀਂ ਸੀ ਹੁੰਦਾ, ਕਿਉਂਕਿ ਇਸ ਦੇ ੧੦ ਹਜ਼ਾਰ ਕਿਲੋਮੀਟਰ ਤਕ ਸਿਰਫ਼ ਸਮੁੰਦਰ ਹੀ ਸਮੁੰਦਰ ਸੀ। ਕਾਲੇ ਪਾਣੀਆਂ ਦੀ ਸਜ਼ਾ ਕੱਟ ਰਹੇ ਕੈਦੀਆਂ ਵਿਚ ਸਭ ਤੋਂ ਵੱਧ ਗਿਣਤੀ ਸਿੱਖਾਂ ਤਥਾ ਪੰਜਾਬੀਆਂ ਦੀ ਸੀ ਅਤੇ ਦੂਜੇ ਨੰਬਰ ਉੱਤੇ ਬੰਗਾਲੀ ਸਨ। ਵਾਈਪਰ ਟਾਪੂ ਆਈਲੈਂਡ ਉੱਤੇ ਦਿਨੇ ਤਾਂ ਸਾਰਾ ਦਿਨ ਕੈਦੀਆਂ ਤੋਂ ਜੇਲ੍ਹ ਬਣਾਉਣ ਲਈ ਲੋੜੀਂਦੀ ਲੱਕੜ ਕਟਵਾਈ ਜਾਂਦੀ ਤੇ ਰਾਤ ਨੂੰ ਭੁੱਖੇ-ਪਿਆਸਿਆਂ ਨੂੰ ਦਰੱਖਤਾਂ ਨਾਲ ਬੰਨ੍ਹ ਦਿਤਾ ਜਾਂਦਾ ਸੀ। ਜਿਹੜੇ ਮਰ ਜਾਂਦੇ (ਸ਼ਹੀਦ ਹੋ ਜਾਂਦੇ) ਉਨ੍ਹਾਂ ਨੂੰ ਬਿਨਾਂ ਕਿਸੇ ਕਾਇਦ-ਏ-ਕਾਨੂੰਨ ਦੇ ਸਮੁੰਦਰ ਵਿਚ ਰੋੜ੍ਹ ਦਿੱਤਾ ਜਾਂਦਾ ਸੀ। ਮੋਟੀਆਂ ਲੱਕੜਾਂ ਪਹਾੜੀ ਉੱਤੇ ਚੜ੍ਹਾਉਣ ਲਈ ਕੈਦੀਆਂ ਦੇ ਪਿੱਛੇ ਰੱਸੇ ਪਾ ਕੇ ਲੱਕੜੀਆਂ ਨੂੰ ਬੰਨ੍ਹ ਦਿੱਤਾ ਜਾਂਦਾ ਅਤੇ ਪਿੱਛੋਂ ਪਸ਼ੂਆਂ ਵਾਂਗ ਉਨ੍ਹਾਂ ਦੇ ਗਿੱਟਿਆਂ ਉੱਤੇ ਉਦੋਂ ਤਕ ਸੋਟੀਆਂ ਮਾਰੀਆਂ ਜਾਂਦੀਆਂ, ਜਦੋਂ ਤਕ ਉਹ ਮੋਟੀ ਲੱਕੜ ਨੂੰ ਖਿੱਚ ਕੇ ਪਹਾੜੀ ਉੱਪਰ ਨਾ ਚੜ੍ਹਾ ਦਿੰਦੇ। ਇਸ ਕਾਰਜ ਵਿਚ ਅਸਮਰੱਥ ਰਹਿਣ

ਵਾਲੇ ਕੈਦੀਆਂ ਨੂੰ ਬੇਹੋਸ਼ ਹੋ ਜਾਣ ਤਕ ਕੁੱਟਿਆ ਜਾਂਦਾ ਸੀ।

ਜੇਲ੍ਹ ਬਾਰੇ ਜਾਣਕਾਰੀ

ਬੇਹੱਦ ਮਜ਼ਬੂਤ ਬਣੀ ਸੈਲੂਲਰ ਜੇਲ੍ਹ ਦੀ ਬਣਤਰ ਅਜਿਹੀ ਹੈ ਕਿ ਇਕ ਕੈਦੀ ਦੂਜੇ ਕੈਦੀ ਦੀ ਸ਼ਕਲ ਤਕ ਨਹੀਂ ਦੇਖ ਸਕਦਾ। ੧੩.੫ ਫੁੱਟ ਲੰਬਾਈ ਅਤੇ ੭ ਫੁੱਟ ਚੌੜਾਈ ਵਾਲੀ ਹਰ ਇਕ ਸੈੱਲ (ਕਾਲ ਕੋਠੜੀ) ਵਿਚ ਦਸ ਫੁੱਟ ਲੰਮਾ ਅਤੇ ਇਕ ਫੁੱਟ ਚੌੜਾ ਰੋਸ਼ਨਦਾਨ ਬਣਾਇਆ ਹੋਇਆ ਹੈ। ਇਕ ਸੈੱਲ ਵਿਚ ਇਕ ਕੈਦੀ ਨੂੰ ਹੀ ਰੱਖਿਆ ਜਾਂਦਾ ਸੀ ਅਤੇ ਉਸ ਦੇ ਸੈੱਲ ਵਿਚ ਲੋਹੇ ਦਾ ਇਕ ਭਾਰਾ ਕੋਹਲੂ ਅਤੇ ਇਕ ਚੱਕੀ ਲੱਗੀ ਹੁੰਦੀ ਸੀ। ਹਰ ਕੈਦੀ ਲਈ ਹਰ ਰੋਜ਼ ੨੫ ਕਿੱਲੋ ਨਾਰੀਅਲ ਦਾ ਤੇਲ ਕੱਢਣਾ ਜ਼ਰੂਰੀ ਸੀ। ਪਹਿਲਾਂ ਪੱਥਰ ਉੱਤੇ ਮਾਰ-ਮਾਰ ਕੇ ਨਾਰੀਅਲ ਤੋੜਨਾ ਅਤੇ ਫਿਰ ਉਸ ਦਾ ਤੇਲ ਕੱਢਣਾ। ਜਿਹੜਾ ਵੀ ਕੈਦੀ ਕਿਸੇ ਦਿਨ ੨੫ ਕਿੱਲੋ ਤੇਲ ਨਾ ਕੱਢ ਸਕਦਾ, ਉਸ ਨੂੰ ਬੇਰਹਿਮੀ ਨਾਲ ਮਾਰਿਆ ਕੁੱਟਿਆ ਜਾਂਦਾ। ਕਾਲ-ਕੋਠੜੀਆਂ ਵਿਚ ਬਿਜਲੀ ਦੀ ਜਾਂ ਹੋਰ ਕਿਸਮ ਦੀ ਰੋਸ਼ਨੀ ਦਾ ਕੋਈ ਪ੍ਰਬੰਧ ਨਹੀਂ ਸੀ। ਇਨ੍ਹਾਂ ਕਾਲ-ਕੋਠੜੀਆਂ ਵਿੱਚੋਂ ਕੈਦੀਆਂ ਨੂੰ ਉਦੋਂ ਹੀ ਕੱਢਿਆ ਜਾਂਦਾ ਸੀ, ਜਦੋਂ ਉਨ੍ਹਾਂ ਤੋਂ ਕੋਈ ਕੰਮ ਕਰਵਾਉਣਾ ਹੁੰਦਾ ਅਤੇ ਜਾਂ ਤਸੀਹੇ ਦੇਣੇ ਹੁੰਦੇ। ਜਦ ਵੀ ਕੋਈ ਕੈਦੀ ਮਾੜੇ ਖਾਣੇ ਜਾਂ ਮਾੜੇ ਜੇਲ੍ਹ ਪ੍ਰਬੰਧ ਬਾਰੇ ਅਵਾਜ਼ ਉਠਾਉਣ ਦੀ ਕੋਸ਼ਿਸ਼ ਕਰਦਾ ਤਾਂ ਉਸ ਨੂੰ ਇਕ ਖਾਸ ਤਰ੍ਹਾਂ ਦੇ ਸ਼ਿਕੰਜੇ ਵਿਚ ਕੱਸ ਕੇ ਉਦੋਂ ਤਕ ਕੋੜੇ ਮਾਰੇ ਜਾਂਦੇ, ਜਦੋਂ ਤਕ ਉਸ ਦੀ ਪਿੱਠ ਦਾ ਮਾਸ ਨਾ ਉਧੜ ਜਾਂਦਾ।

ਖਾਣੇ ਬਾਰੇ ਜਾਣਕਾਰੀ

ਹਰ ਕੈਦੀ ਨੂੰ ਦੋ ਭਾਂਡੇ ਦਿੱਤੇ ਜਾਂਦੇ- ਇਕ ਲੋਹੇ ਦਾ ਤੇ ਇਕ ਮਿੱਟੀ ਦਾ। ਲੋਹੇ ਦੇ ਭਾਂਡੇ ਵਿਚ ਖਾਣਾ ਦਿੱਤਾ ਜਾਂਦਾ ਸੀ। ਲੋਹੇ ਦੇ ਭਾਂਡੇ ਵਿਚ ਖਾਣਾ ਬਹੁਤ ਜਲਦੀ ਕਾਲਾ ਹੋ ਜਾਣ ਕਰ ਕੇ ਕੋਈ ਵੀ ਕੈਦੀ ਲੋੜ ਅਨੁਸਾਰ ਆਪਣੇ ਖਾਣੇ ਨੂੰ ਬਚਾ ਕੇ ਨਹੀਂ ਸੀ ਰੱਖ ਸਕਦਾ। ਭਾਵੇਂ ਕਿਸੇ ਨੂੰ ਭੁੱਖ ਹੁੰਦੀ ਜਾਂ ਨਾ, ਖਾਣਾ ਤੁਰੰਤ ਹੀ ਖਾਣਾ ਪੈਂਦਾ ਸੀ। ਦੂਜਾ ਮਿੱਟੀ ਦਾ ਭਾਂਡਾ ਮਲ-ਮੂਤਰ ਲਈ ਦਿੱਤਾ ਜਾਂਦਾ ਸੀ। ਸਭ ਤੋਂ ਘਿਨਾਉਣੀ ਗੱਲ ਇਹ ਸੀ ਕਿ ਇਹ ਭਾਂਡਾ ਵੀ ਕੈਦੀ ਨੂੰ ਆਪਣੇ ਨਾਲ ਕਾਲ-ਕੋਠੜੀ ਵਿਚ ਹੀ ਰੱਖਣਾ ਪੈਂਦਾ ਸੀ। ਇਸ ਭਾਂਡੇ ਨੂੰ ਕੈਦੀ ਉਦੋਂ ਹੀ ਸਾਫ਼ ਕਰ ਸਕਦਾ ਸੀ ਜਦੋਂ ਸਰਕਾਰੀ ਹੁਕਮਾਂ ਅਨੁਸਾਰ ਉਸ ਦੀ ਕੋਠੜੀ ਦਾ ਦਰਵਾਜ਼ਾ ਖੁੱਲ੍ਹਦਾ ਸੀ।

ਪਹਿਨਣ ਲਈ ਕੱਪੜੇ

ਪਹਿਨਣ ਲਈ ਕੈਦੀਆਂ ਨੂੰ ਪਟਸਨ ਦੀਆਂ ਬੋਰੀਆਂ ਦੇ ਬਣੇ ਕੱਪੜੇ ਦਿੱਤੇ ਜਾਂਦੇ ਸਨ ਤੇ ਪੈਰ ਨੰਗੇ ਰੱਖਣੇ ਪੈਂਦੇ ਸਨ। ਆਮ ਕੱਪੜੇ ਪਹਿਨਣ ਦੀ ਕੈਦੀਆਂ ਨੂੰ ਇਜਾਜ਼ਤ ਨਹੀਂ ਸੀ। ਬਿਮਾਰੀ ਦੀ ਹਾਲਤ ਵਿਚ ਕਿਸੇ ਦਾ ਕੋਈ ਇਲਾਜ ਨਹੀਂ ਸੀ ਕਰਵਾਇਆ ਜਾਂਦਾ। ਬਿਮਾਰ ਹੋ ਕੇ ਮਰ ਜਾਣ ਵਾਲੇ ਕੈਦੀ ਦੀ ਲਾਸ਼ ਨੂੰ ਸਮੁੰਦਰ ਵਿਚ ਹੀ ਰੋੜ੍ਹ ਦਿੱਤਾ ਜਾਂਦਾ ਸੀ।

ਫਾਂਸੀ ਘਰ

ਫ਼ਾਂਸੀ ਘਰ ਬਿਲਕੁਲ ਸਮੁੰਦਰ ਦੇ ਕੰਢੇ ਉੱਤੇ ਬਣਾਇਆ ਗਿਆ ਸੀ। ਤਿੰਨ-ਤਿੰਨ

ਜਣਿਆਂ ਨੂੰ ਇਕੱਠਿਆਂ ਹੀ ਫ਼ਾਂਸੀ ਦਿੱਤੀ ਜਾਂਦੀ ਸੀ। ਲੱਕੜ ਦੀ ਮੋਟੀ ਸ਼ਤੀਰੀ ਨਾਲ ਅੱਜ ਵੀ ਉਹ ਤਿੰਨ ਰੱਸੇ ਲਟਕ ਰਹੇ ਹਨ, ਜਿਨ੍ਹਾਂ ਨਾਲ ਹਜ਼ਾਰਾਂ ਮਹਾਨ ਯੋਧੇ ਮੌਤ ਦੀ ਗੋਦ ਵਿਚ ਸੁਆ ਦਿੱਤੇ ਗਏ। ਜੇਲ੍ਹ ਦੇ ਵਿਹੜੇ ਵਿਚ ਅੱਜ ਵੀ ਉਹ ਸਥਾਨ ਜਿਉਂ ਦਾ ਤਿਉਂ ਕਾਇਮ ਹੈ, ਜਿੱਥੇ ਫ਼ਾਂਸੀ ਦੇਣ ਤੋਂ ਪਹਿਲਾਂ ਕੈਦੀ ਨੂੰ ਆਖ਼ਰੀ ਇਸ਼ਨਾਨ ਕਰਾਇਆ ਜਾਂਦਾ ਸੀ। ਪੋਰਟ ਬਲੇਅਰ ਵਿਚ ਦੀਵਾਨ ਸਿੰਘ ਕਾਲੇਪਾਣੀ ਦੀ ਯਾਦ ਵਿਚ ਸੈਲੂਲਰ ਜੇਲ੍ਹ ਤੋਂ ਥੋੜ੍ਹਾ ਜਿਹਾ ਦੂਰ ਬਹੁਤ ਸੋਹਣਾ ਗੁਰਦੁਆਰਾ ਬਣਿਆ ਹੋਇਆ ਹੈ। ਦੀਵਾਨ ਸਿੰਘ ਕਾਲੇਪਾਣੀ ਉਸ ਸਮੇਂ ਦੇ ਮਹਾਨ ਡਾਕਟਰ ਸਨ। ਡਾਕਟਰ ਹੋਣ ਦੇ ਨਾਲ ਨਾਲ ਉਹ ਬਹੁਤ ਵੱਡੇ ਸਾਹਿਤਕਾਰ ਵੀ ਸਨ। ਉਨ੍ਹਾਂ ਵੱਲੋਂ ਅਨੇਕ ਕਵਿਤਾਵਾਂ ਤਾਂ ਸਾਨੂੰ (ਲੇਖਕ) ਸਕੂਲ ਵਿਚ ਪੜ੍ਹਾਈਆਂ ਜਾਂਦੀਆਂ ਸਨ ਪਰੰਤੂ ਇਹ ਸਭ ਕੁਝ ਬੰਦ ਕਰ ਦਿੱਤਾ ਗਿਆ ਹੈ। ਸਜ਼ਾ ਦੌਰਾਨ ਡਾ. ਦੀਵਾਨ ਸਿੰਘ 'ਕਾਲੇਪਾਣੀ' ਦੇ ਨਹੁੰ ਜਮੂਰ ਨਾਲ ਖਿੱਚੇ ਗਏ ਸਨ। ਸਜ਼ਾ ਦੌਰਾਨ ਹੀ ਉਨ੍ਹਾਂ ਦੀ ਮੌਤ ਹੋ ਗਈ ਸੀ। ਇਕੱਲੇ ਉਹ ਹੀ ਨਹੀਂ, ਪਤਾ ਨਹੀਂ ਕਿੰਨੇ ਦੀਵਾਨ ਸਿੰਘ ਆਪਣੇ ਨਹੁੰ ਜਮੂਰਾਂ ਨਾਲ ਖਿਚਵਾ ਕੇ ਦੇਸ਼ ਨੂੰ ਅਜ਼ਾਦ ਕਰਵਾ ਗਏ।

ਜਰਨਲ ਡੇਵਿਡ ਬੈਰੀ

ਸੈਲੂਲਰ ਜੇਲ੍ਹ ਵਿਚ ਜੇਲ੍ਹਰ ਡੇਵਿਡ ਬੈਰੀ ਦੀ ਤਾਨਾਸ਼ਾਹੀ ਚੱਲਦੀ ਸੀ। ਉਹ ਜ਼ੁਲਮ ਦੇ ਸਾਰੇ ਹੱਦਾਂ ਬੰਨੇ ਟੱਪ ਜਾਂਦਾ ਸੀ। ਕੋੜੇ ਮਾਰਨੇ ਅਤੇ ਗਾਲ੍ਹਾਂ ਦੇਣੀਆਂ ਉਸ ਦਾ ਆਮ ਕੰਮ ਸੀ। ਜਨਰਲ ਬੈਰੀ ਅਧਰੰਗ ਦਾ ਸ਼ਿਕਾਰ ਹੋ ਗਿਆ ਸੀ ਅਤੇ ਅੰਤ ਸਮੇਂ ਜਦੋਂ ਉਸ ਦੀ ਇੱਛਾ ਆਪਣੇ ਪਰਵਾਰ ਨੂੰ ਮਿਲਣ ਦੀ ਹੋਈ ਤਾਂ ਰਾਹ-ਜਾਂਦਿਆਂ ਜਹਾਜ਼ ਵਿਚ ਹੀ ਪਰਵਾਰ ਨੂੰ ਮਿਲੇ ਬਿਨਾਂ ਹੀ ਉਸ ਦੀ ਮੌਤ ਹੋ ਗਈ। ਕੈਦੀਆਂ ਉੱਪਰ ਜ਼ੁਲਮ ਕਰਨ ਵਾਲਾ ਜਨਰਲ ਬੇਰੀ ਵੀ ਆਪਣੇ ਪਰਵਾਰ ਨਾਲੋਂ ਵਿਛੜਿਆ ਉਸੇ ਤਰ੍ਹਾਂ ਹੀ ਮਰ ਗਿਆ, ਜਿਸ ਤਰ੍ਹਾਂ ਉਨ੍ਹਾਂ ਵੱਲੋਂ ਦੇਸ਼-ਭਗਤਾਂ ਨੂੰ ਆਪਣੇ ਪਰਿਵਾਰਾਂ ਨਾਲੋਂ ਵਿਛੋੜਿਆ ਗਿਆ ਸੀ। ਭਾਰਤ ਦਾ ਹਰ ਵਿਅਕਤੀ ਕਾਲੇ ਪਾਣੀ ਦੀ ਸੈਲੂਲਰ ਜੇਲ੍ਹ ਜ਼ਰੂਰ ਵੇਖੇ, ਤਾਂ ਕਿ ਪਤਾ ਲੱਗੇ ਕਿ ਜਿਸ ਅਜ਼ਾਦੀ ਦਾ ਨਿੱਘ ਅਸੀਂ ਮਾਣ ਰਹੇ ਹਾਂ, ਉਹ ਕਿੰਨੇ ਮਹਿੰਗੇ ਮੁੱਲ ਸਾਨੂੰ ਨਸੀਬ ਹੋਈ ਹੈ। ਉਨਾਂ ਚਿਰ ਦੇਸ਼ ਦੀ ਅਜ਼ਾਦੀ ਦੇ ਮੁੱਲ ਦਾ ਪਤਾ ਨਹੀਂ ਲੱਗ ਸਕਦਾ, ਜਿੰਨਾ ਚਿਰ ਅਸੀਂ ਕਾਲੇ ਪਾਣੀ ਦੀ ਸਜ਼ਾ ਭੁਗਤ ਕੇ ਦੇਸ਼ ਉੱਪਰੋਂ ਜਾਨਾਂ ਕੁਰਬਾਨ ਕਰਨ ਵਾਲੇ ਮਹਾਨ ਸੂਰਬੀਰਾਂ ਦੀਆਂ ਕੁਰਬਾਨੀਆਂ ਨੂੰ ਨਹੀਂ ਜਾਣਦੇ ਅਤੇ ਸੱਚ ਨੂੰ ਨਹੀਂ ਪਹਿਚਾਣਦੇ।

ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਜਿਹੜਾ ਅਜ਼ਾਦੀ ਦਾ ਮਹਿਲ ੧੫ ਅਗਸਤ, ੧੯੪੭ ਈ. ਨੂੰ ਸਿਰਜਿਆ ਗਿਆ ਅਤੇ ਜਿਸ ਅਜ਼ਾਦੀ ਦੇ ਮਹਿਲ ਵਿਚ ਅਸੀਂ ਸਾਰੇ ਅਜ਼ਾਦੀ ਦਾ ਨਿੱਘ ਮਾਣ ਰਹੇ ਹਾਂ ਅਤੇ ਸੰਸਾਰ ਅੰਦਰ ਅਜ਼ਾਦ ਦੇਸ਼ ਦੇ ਸ਼ਹਿਰੀ ਬਣ ਕੇ, ਗਰਦਨਾਂ ਉੱਚੀਆਂ ਕਰ ਕੇ ਗੈਰਤ ਅਤੇ ਗੌਰਵ ਨਾਲ ਵਿਚਰ ਰਹੇ ਹਾਂ ਉਸੇ ਦੇਸ਼ ਭਾਰਤ ਵਿਚ, ਜਿਨ੍ਹਾਂ ਵਿਦੇਸ਼ੀਆਂ ਨੂੰ ਸਾਡੇ ਬਜ਼ੁਰਗ ਅੱਵਲ ਸ਼ਹਿਰੀ ਅਤੇ ਆਪਣੇ ਆਪ ਨੂੰ ਦੋਮ ਅਤੇ ਸੋਮ ਭਾਵ ਦੂਜੇ ਅਤੇ ਤੀਜੇ ਕਿਸਮ ਦੇ ਮਾਤੜ ਸਮਝ ਕੇ ਅੰਗਰੇਜ਼ਾਂ ਦੇ ਬਰਾਬਰ ਨਹੀਂ ਸਗੋਂ ਉਨ੍ਹਾਂ ਤੋਂ ਨੀਵੇਂ ਹੋ ਕੇ ਚਲਦੇ ਸੀ। ਹੁਣ ਉਨ੍ਹਾਂ ਹੀ ਅੰਗਰੇਜ਼ ਸਾਮਰਾਜੀਆਂ ਨਾਲ ਬਰਾਬਰਤਾ ਦੇ

ਅਹਿਸਾਸ ਨਾਲ ਸ਼ਾਨ ਨਾਲ ਵਿਚਰ ਰਹੇ ਹਨ। ਉਸ ਅਜ਼ਾਦੀ ਦੇ ਮਹਿਲ ਦੀਆਂ ਇੱਟਾਂ ਅਤੇ ਗਾਰਾ ਤਾਂ ਉਨ੍ਹਾਂ ਮਹਾਨ ਸਿੰਘਾਂ-ਸ਼ਹੀਦਾਂ ਦੇ ਪਵਿੱਤਰ ਖ਼ੂਨ, ਮਿਝ ਅਤੇ ਹੱਡੀਆਂ ਹੀ ਹਨ।

ਰਾਸ਼ਟਰਵਾਦੀਆਂ ਵੱਲੋਂ ੧੯੪੨ ਈ. ਵਿਚ 'ਅੰਗਰੇਜ਼ੋ ਭਾਰਤ ਛੱਡੋ' ਦਾ ਨਾਅਰਾ ਦਿੱਤਾ ਗਿਆ। ਉਸ ਤੋਂ ਪਹਿਲਾਂ ਤਾਂ ਅਣਗਿਣਤ ਦੇਸ਼-ਵਾਸੀਆਂ ਖਾਸ ਕਰਕੇ ਪੰਜਾਬੀਆਂ ਅਤੇ ਬੰਗਾਲੀਆਂ ਦੀਆਂ ਸ਼ਹੀਦੀਆਂ, ਕੁਰਬਾਨੀਆਂ ਅਤੇ ਝੱਲੇ ਅਣਮਨੁੱਖੀ ਤਸੀਹੇ, ਜਲਾਵਤਨੀ ਦਾ ਸੰਤਾਪ ਭੋਗਿਆ ਅਤੇ ਕਾਲੇਪਾਣੀਆਂ ਦੀ ਸੈਲੂਲਰ ਜੇਲ੍ਹ ਵਿਚਅਕਹਿ ਅਤੇ ਅਸਹਿ ਤਸੀਹੇ ਝੱਲੇ ਅਤੇ ਸ਼ਹੀਦੀਆਂ ਪਾਈਆਂ, ਜਿਨ੍ਹਾਂ ਦੀ ਸ਼ਹੀਦੀ ਉਪਰੰਤ ਉਨ੍ਹਾਂ ਦੇ ਮ੍ਰਿਤਕ ਸਰੀਰਾਂ ਨੂੰ ਉਨ੍ਹਾਂ ਦੇ ਪਰਵਾਰਾਂ ਦੀ ਸਮੂਲੀਅਤ ਤੋਂ ਬਗੈਰ ਬਿਨਾਂ ਕਿਸੇ ਧਾਰਮਿਕ ਅਤੇ ਸਮਾਜਿਕ ਰਹੁ-ਰੀਤ ਅਤੇ ਮਰਯਾਦਾ ਬਗੈਰ ਹੀ ਡੂੰਘੇ ਸਮੁੰਦਰ ਵਿਚ ਹੀ ਰੋੜ ਦਿੱਤਾ ਜਾਂਦਾ ਸੀ। ਇਸ ਦੇ ਨਾਲ ਹੀ ਜਿਨ੍ਹਾਂ ਸੰਘਰਸ਼ੀ ਯੋਧਿਆਂ ਨੇ ਜਾਬਰ, ਜ਼ਾਲਮ ਅਤੇ ਨਿਰਦਈ ਅੰਗਰੇਜ਼ ਅਹਿਲਕਾਰਾਂ ਅਤੇ ਉਨ੍ਹਾਂ ਦੇ ਟੋਡੀਆਂ, ਮੁਖ਼ਬਰਾਂ, ਝੋਲੀਚੁਕਾਂ ਨੂੰ ਗੱਡੀ ਚੜ੍ਹਾ ਕੇ ਸਰਕਾਰ ਅੰਗਰੇਜ਼ੀ ਦੇ ਮਹਿਲ ਦੀਆਂ ਨੀਹਾਂ ਹਿਲਾ ਦਿੱਤੀਆਂ ਸਨ ਅਤੇ ਸਰਕਾਰ ਅੰਗਰੇਜ਼ੀ ਦੇ ਜਾਲਮ ਪਰ ਕਾਇਰ ਅਫਸਰਾਂ ਦੀਆਂ ਲੱਤਾਂ ਥਰਥਰ ਕੰਬਣ ਲਗਾ ਦਿੱਤੀਆਂ ਸਨ। ਇਸ ਦੇ ਨਾਲ ੧੯੩੯ ਈ. ਵਿਚ ਅਰੰਭ ਹੋਏ ਦੂਜੇ ਮਹਾਂਯੁੱਧ ਦੇ ਤਿੰਨ ਸਾਲ (੧੯੪੨ ਤੀਕ) ਦੌਰਾਨ ਸਰਕਾਰ ਅੰਗਰੇਜ਼ ਬਿਲਕੁਲ ਕਮਜ਼ੋਰ ਹੋ ਗਈ ਸੀ। ਉਸ ਸਰਕਾਰ ਅੰਗਰੇਜ਼ੀ ਦੇ ਕਫਨ ਵਿਚ ਆਖਰੀ ਕਿੱਲ ੬ ਅਤੇ ੯ ਅਗਸਤ ੧੯੪੫ ਨੂੰ ਹੀਰੋਸ਼ੀਮਾ ਅਤੇ ਨਾਗਾਸਾਕੀ ਵਿਚ ਡੇਗੇ ਪ੍ਰਮਾਣੂ ਬੰਬਾਂ ਨੇ ਗੱਡ ਕੇ, ਸਰਕਾਰ ਅੰਗਰੇਜ਼ੀ ਜਿਨ੍ਹਾਂ ਦੇ ਰਾਜ ਉੱਤੇ ਸੂਰਜ ਨਹੀਂ ਸੀ ਛਿਪਦਾ, ਨੂੰ ਬਿਲਕੁਲ ਡਾਵਾਂ-ਡੋਲ ਕਰਕੇ, ਹਿਲਾ ਕੇ ਰੱਖ ਦਿੱਤਾ ਸੀ। ਸਰਕਾਰ ਅੰਗਰੇਜ਼ੀ ਨੂੰ ਤਾਂ ਆਪਣਾ ਮੁਲਕ (ਵਲਾਇਤ) ਹੀ ਸੰਭਾਲਣਾ ਔਖਾ ਹੋ ਗਿਆ ਸੀ ਅਤੇ ਅੰਗਰੇਜ਼ੀ ਸਾਮਰਾਜ ਦੀ ਪਕੜ ਗ਼ੁਲਾਮ ਦੇਸ਼ਾਂ ਉੱਤੇ ਬਿਲਕੁਲ ਢਿੱਲੀ ਪੈ ਗਈ ਸੀ। ਇਸ ਤਰ੍ਹਾਂ ਕੇਵਲ ਸਾਨੂੰ ਹੀ ਨਹੀਂ ਸਗੋਂ ਦੁਨੀਆ ਦੇ ਅਨੇਕਾਂ ਹੀ ਹੋਰ ਦੇਸ਼ਾਂ ਨੂੰ ਵੀ ਅਜ਼ਾਦੀ ਮਿਲੀ।

ਜਿਸ ਢੰਗ ਨਾਲ ਉਨ੍ਹਾਂ ਮਹਾਨ ਸਿੱਖ ਸੰਘਰਸ਼ੀ ਯੋਧਿਆਂ ਦਾ ਇਤਿਹਾਸ ਮਿਟਾਇਆ ਜਾ ਰਿਹਾ ਹੈ। ਉਹ ਬਿਲਕੁਲ ਯੋਗ ਨਹੀਂ ਹੈ। ਉਨ੍ਹਾਂ ਮਹਾਨ ਯੋਧਿਆਂ ਨਾਲ ਬੜੀ ਵੱਡੀ ਬੇਇਨਸਾਫੀ ਹੈ। ਅਸੀਂ ਜਿਹੜੇ ਉਨ੍ਹਾਂ ਯੋਧਿਆਂ ਦੇ ਵਾਰਸ ਹਾਂ ਅਤੇ ਸਾਡਾ ਸਭ ਦਾ ਫਰਜ਼-ਏ-ਅਵੱਲ ਬਣਦਾ ਹੈ ਕਿ ਸਮੇਂ ਦੀ ਲੋੜ ਅਤੇ ਨਜ਼ਾਕਤ ਨੂੰ ਸਮਝੀਏ ਅਤੇ ਪਵਿੱਤਰ ਕੌਮੀ ਫਰਜ਼ ਜਾਣ ਕੇ, ਪਛਾਣ ਕੇ, ਸਮਝ ਕੇ ਆਪਣੇ ਮਹਾਨ ਅਤੇ ਅਦੁੱਤੀ ਇਤਿਹਾਸ ਨੂੰ ਸਾਂਭਣ ਦਾ ਯਤਨ ਕਰੀਏ ਤਾਂ ਜੋ ਅਸੀਂ ਸਾਰੇ ਉਸ ਨਿਵੇਕਲੇ ਅਤੇ ਵਿਲੱਖਣ ਇਤਿਹਾਸ ਨੂੰ ਆਪਣੇ ਬੱਚਿਆਂ ਤੀਕ ਵੀ ਪਹੁੰਚਾਈਏ। ਨਹੀਂ ਤਾਂ ਬੈਬੇਲੋਨੀਆ ਅਤੇ ਮੈਸੋਪਟਾਮੀਆ ਦੀਆਂ ਸਭਿਆਤਾਵਾਂ ਵਾਂਗ ਅਸੀਂ ਵੀ ਸਫੇ ਧਰਤੀ ਤੋਂ ਮਿੱਟ ਜਾਵਾਂਗੇ ਅਤੇ ਉਨ੍ਹਾਂ ਪੰਥ-ਵਿਰੋਧੀ ਸ਼ਕਤੀਆਂ, ਜਿਹੜੀਆਂ ਬਿਨਾਂ ਕਿਸੇ ਕਾਰਨ ਦੇ ਹੀ ਨਿਰੋਲ ਈਰਖਾ, ਦਵੈਸ਼, ਕੱਟੜਵਾਦੀ ਅਤੇ ਅਸਹਿਣਸ਼ੀਲਤਾ ਦੀ

ਨਖਿੱਧ ਨੀਤੀ ਕਾਰਨ ਸਾਨੂੰ ਮਿਟਾਉਣਾ ਚਾਹੁੰਦੀਆਂ ਹਨ। ਉਨ੍ਹਾਂ ਦਾ ਰਾਹ ਮੋਕਲਾ ਕਰ ਦਿਆਂਗੇ। ਉਨ੍ਹਾਂ ਦਾ ਕੰਮ ਸੌਖਾ ਕਰ ਦਿਆਂਗੇ। ਜਾਗੋ! ਉਠੋ! ਸੁਚੇਤ ਹੋਵੋ।

ਆਓ! ਬਲ ਧਾਰੀਏ! ਆਪਣਾ ਫ਼ਰਜ਼ ਪਛਾਣੀਏ ਅਤੇ ਕਾਰਜਸ਼ੀਲ ਹੋ ਜਾਈਏ। ਫਿਰ ਸਭ ਬੰਧਨ ਟੁੱਟ ਜਾਣਗੇ। ਪੰਥ-ਦੋਖੀ ਸ਼ਕਤੀਆਂ ਦੇ ਮੰਦੇ ਮਨਸੂਬੇ ਆਪਣੇ ਆਪ ਹੀ ਪਸਤ ਹੋ ਜਾਣਗੇ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਵੱਲੋਂ ਬਖਸ਼ਿਆ ਸੱਚ ਪਰਗਟ ਹੋ ਜਾਵੇਗਾ:

ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੯)

ਪਰੰਤੂ ਅਜੋਕੇ ਸਮੇਂ ਦੇ ਨਿੱਜਪ੍ਰਸਤ, ਮੌਕਾਪ੍ਰਸਤ, ਮਤਲਬਪ੍ਰਸਤ, ਹੈਂਕੜਬਾਜ਼ ਅਖੌਤੀ ਆਗੂਆਂ ਪਾਸੋਂ ਤਾਂ ਆਸ ਹੀ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਨੂੰ ਦੇਸ਼, ਕੌਮ, ਧਰਮ, ਸਮਾਜਿਕ ਸਰੋਕਾਰਾਂ, ਭਾਸ਼ਾ ਅਤੇ ਸਭਿਆਚਾਰ ਦੀ ਕੋਈ ਚਿੰਤਾ ਹੀ ਨਹੀਂ ਸਗੋਂ ਉਹ ਤਾਂ ਦਿਨ-ਰਾਤ ਵੱਧ ਤੋਂ ਵੱਧ ਰਾਜਸ਼ਕਤੀ ਅਤੇ ਧਨ-ਦੌਲਤ ਪਿੱਛੇ ਅੰਨ੍ਹਿਆਂ ਵਾਂਗ ਦੌੜੇ ਫਿਰ ਰਹੇ ਹਨ। ਉਨ੍ਹਾਂ ਦਾ ਪਰਿਵਾਰਕ ਪਿਛੋਕੜ ਕੁਰਬਾਨੀਆਂ ਅਤੇ ਦੇਸ਼-ਭਗਤੀ ਦੀ ਭਾਵਨਾ ਅਤੇ ਕਾਰਨਾਮਿਆਂ ਤੋਂ ਬਿਲਕੁਲ ਕੋਰਾ ਅਤੇ ਸੱਖਣਾ ਹੈ। ਬਹੁਤੇ ਤਾਂ ਸਰਕਾਰ ਅੰਗਰੇਜ਼ੀ ਦੇ ਝੋਲੀਚੁੱਕ ਅਤੇ ਗੁਮਾਸਤੇ ਹੀ ਰਹੇ ਹਨ। ਇਸ ਲਈ ਉਨ੍ਹਾਂ ਨੇ ਨਾ ਤਾਂ ਅਜਿਹਾ ਸੰਘਰਸ਼ੀ ਇਤਿਹਾਸ ਹੰਢਾਇਆ ਹੈ ਅਤੇ ਨਾ ਹੀ ਜਾਣਨ ਦੀ ਖੇਚਲ ਹੀ ਕੀਤੀ ਹੈ। ਉਨ੍ਹਾਂ ਦਾ ਕੰਮ ਤਾਂ ਮੌਕੇ ਮੁਤਾਬਕ ਗੋਲ-ਮੋਲ ਗੱਲਾਂ ਕਰ ਕੇ, ਨਿਰੋਲ ਝੂਠੇ ਲਾਰੇ ਅਤੇ ਨਾਅਰੇ ਲਗਾ ਕੇ ਲੋਕਾਂ ਨੂੰ ਮੂਰਖ ਬਣਾ ਕੇ ਆਪਣੀਆਂ ਅਮੁੱਕ ਰਾਜਸੀ ਅਤੇ ਆਰਥਿਕ ਇੱਛਾਵਾਂ, ਲਾਲਸਾਵਾਂ ਅਤੇ ਤ੍ਰਿਸ਼ਨਾਵਾਂ ਪੂਰੀਆਂ ਕਰਨਾ ਹੀ ਹੈ। ਉਹ ਕੌਮੀ ਵਿਰਸੇ ਅਤੇ ਕੌਮ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਤੋਂ ਬਿਲਕੁਲ ਕੋਰੇ ਹਨ ਅਤੇ ਸਾਰੇ ਹਾਲਾਤ ਤੋਂ ਬਿਲਕੁਲ ਅਭਿੱਜ ਹਨ। ਇਨ੍ਹਾਂ ਨੇਤਾਵਾਂ ਅੰਦਰ ਦੇਸ਼ ਭਗਤੀ ਅਤੇ ਜਨਤਾ ਦੀ ਭਲਾਈ ਦੀ ਤਾਂ ਅੰਸ਼ ਵੀ ਨਹੀਂ ਹੈ। ਇਹ ਤਾਂ ਪੂਰੀ ਤਰ੍ਹਾਂ ਪਰਵਾਰਪ੍ਰਸਤੀ ਵਿਚ ਗ੍ਰਸੇ ਹੋਏ ਹਨ। ਇਹ ਨੇਤਾ ਲੋਕ ਤਾਂ ਕੇਵਲ ਹੰਕਾਰ ਦੇ ਭੰਡਾਰ ਹੀ ਹਨ ਉਹ ਆਪਣੀਆਂ ਭਵਿੱਖੀ ਪੀੜ੍ਹੀਆਂ ਲਈ ਜਾਇਦਾਦ ਅਤੇ ਧਨ ਦੇ ਗੰਜ ਛੱਡ ਕੇ ਜਾਣ ਲਈ ਹੀ ਲੋਚਦੇ ਸੋਚਦੇ ਅਤੇ ਕਾਰਜਸ਼ੀਲ ਰਹਿੰਦੇ ਹਨ। ਕਾਇਦਾ-ਕਾਨੂੰਨ ਅਤੇ ਨੈਤਿਕਤਾ ਨਹੀਂ ਸਗੋਂ ਹਰ ਜਾਇਜ਼-ਨਜਾਇਜ਼ ਵਸੀਲੇ ਰਾਹੀਂ! ਇਹ ਸੂਬੇ ਅਤੇ ਦੇਸ਼-ਵਾਸੀਆਂ ਦੀ ਬਦਕਿਸਮਤੀ ਹੀ ਹੈ।

ਸਾਡੇ ਬੁਧੀਜੀਵੀ ਵੀ ਸ਼ਾਇਦ ਉਨ੍ਹਾਂ ਹੀ ਪੈਂਡਿਆਂ ਦੇ ਰਾਹੀਂ ਬਣ ਗਏ ਹਨ। ਉਨ੍ਹਾਂ ਦੀਆਂ ਕਲਮਾਂ ਨਿੱਤ ਵਿਕ ਰਹੀਆਂ ਹਨ। ਉਹ ਧਨ-ਕੁਬੇਰਾਂ ਦੇ ਰਸਤੇ ਉਤੇ ਪਏ ਹੋਏ ਹਨ। ਪਰੰਤੂ ਐਸਾ ਤਾਂ ਨਹੀਂ ਹੋ ਸਕਦਾ ਕਿ ਜਿਸ ਕੌਮ ਦੀਆਂ ਨੀਹਾਂ ਵਿਚ ਗੁਰੂ ਸਾਹਿਬਾਨ, ਗੁਰੂ ਪਰਵਾਰਾਂ, ਗੁਰੂ ਕੇ ਲਾਲਾਂ, ਗੁਰੂ ਕੇ ਸਿੱਖਾਂ ਦਾ ਪਵਿੱਤਰ ਖੂਨ ਪਿਆ ਹੋਇਆ ਹੈ ਉਹ ਕੌਮ ਕਦੇ ਵੀ ਮਿਟ ਜਾਂ ਮਿਟਾਈ ਤਾਂ ਨਹੀਂ ਜਾ ਸਕਦੀ। ਬਸ! ਲੋੜ ਹੈ ਜਾਗਣ ਦੀ, ਜਗਾਉਣ ਦੀ। ਆਪਣੇ ਅਦੁੱਤੀ ਵਿਰਸੇ ਨਾਲ ਜੁੜਨ ਦੀ। ਇਹ ਦੇਸ਼ ਸਭ ਤੋਂ ਵੱਧ ਸਾਡਾ ਆਪਣਾ

ਦੇਸ਼, ਸਾਡੀ ਆਪਣੀ ਮਾਤਰ ਭੂਮੀ ਹੈ ਜਿਸ ਦੀ ਰੱਖਿਆ-ਸੁਰੱਖਿਆ ਲਈ ਅਤੇ ਜਿਸ ਦਾ ਮਾਣ-ਸਨਮਾਨ, ਹੋਂਦ-ਹਸਤੀ ਕਾਇਮ ਰਖਣ, ਇਸ ਦੀਆਂ ਸਰਹੱਦਾਂ ਦੀ ਰਾਖੀ ਕਰਨ, ਇਸ ਨੂੰ ਵਿਦੇਸ਼ੀ ਜਰਵਾਣਿਆਂ ਤੋਂ ਅਜ਼ਾਦ ਕਰਾਉਣ ਲਈ ਅਤੀ ਸਤਿਕਾਰਤ ਬਜ਼ੁਰਗਾਂ ਸਿੰਘ-ਸੂਰਮਿਆਂ ਨੇ ਅਣਗਿਣਤ ਕੁਰਬਾਨੀਆਂ ਕੀਤੀਆਂ, ਸ਼ਹੀਦੀਆਂ ਦਿੱਤੀਆਂ, ਆਪਣੀ ਅਣਥੱਕ ਮਿਹਨਤੀ ਅਤੇ ਮਿਸਾਲੀ ਕਿਰਤੀ ਸੁਭਾਅ ਨਾਲ ਦੇਸ਼ ਨੂੰ ਹਰ ਪੱਖੋਂ ਵਿਕਸਿਤ, ਖੁਸ਼ਹਾਲ ਅਤੇ ਪ੍ਰਫੁਲਿਤ ਕੀਤਾ। ਉਸ ਦੇਸ਼ ਦੀ ਚੜ੍ਹਦੀ ਕਲਾ, ਖੁਸ਼ਹਾਲੀ ਅਤੇ ਪ੍ਰਫੁਲਤਾ ਲਈ ਗੁਰੂ ਸਾਹਿਬਾਨ ਵੱਲੋਂ ਬਖਸ਼ੇ ਸਰਬੱਤ ਦੇ ਭਲੇ, ਸਹਿਣਸ਼ੀਲਤਾ ਅਤੇ ਸਾਂਝੀਵਾਲਤਾ ਦੇ ਸਿਧਾਂਤ ਅਤੇ ਹਮੇਸ਼ਾ ਹੀ "*ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ ॥*" ਤਥਾ "*ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥*" ਦੀ ਭਾਵਨਾ ਨਾਲ ਅੱਗੇ ਤੁਰਦਿਆਂ ਸ਼ੁੱਭ ਕਰਮਨ ਲਈ ਸਾਬਤ ਕਦਮੀ ਚਲਦਿਆਂ ਨਿੱਜੀ ਲਾਲਸਾਵਾਂ ਨੂੰ ਛੱਡ ਕੇ ਆਪਣਾ ਨੈਤਿਕ ਫਰਜ ਪੂਰਾ ਕਰ ਸਕੀਏ ਅਤੇ ਆਪਣੀਆਂ ਭਵਿੱਖੀ ਪੀੜ੍ਹੀਆਂ ਲਈ ਵਧੀਆ, ਖਿੜਿਆ, ਪ੍ਰਫੁਲਿਤ ਅਤੇ ਵਿਕਸਤ ਘੁੱਗ ਵਸਦਾ ਦੇਸ ਭਾਰਤ ਛੱਡ ਕੇ ਜਾਈਏ।

ਜ਼ੰਗ-ਏ-ਅਜ਼ਾਦੀ ਦੇ ਲਾਸਾਨੀ ਸੰਘਰਸ਼ੀ ਯੋਧਿਆਂ ਅਤੇ ਸ਼ਹੀਦਾਂ ਦੀ ਕੁਰਬਾਨੀ ਉਤੇ ਮਾਣ ਕਰੀਏ। ਇਹੋ ਹੀ ਉਨ੍ਹਾਂ ਅਦੁੱਤੀ ਅਤੇ ਬੇਜੋੜ ਸ਼ਹੀਦਾਂ, ਅਜ਼ਾਦੀ ਦੇ ਪਰਵਾਨਿਆਂ ਨੂੰ ਸਾਡੀ ਸੱਚੀ ਅਤੇ ਸੁੱਚੀ ਸ਼ਰਧਾਂਜਲੀ ਹੋਵੇਗੀ। ਆਉ! ਉਨ੍ਹਾਂ ਮਹਾਨ ਸ਼ਖ਼ਸੀਅਤਾਂ ਦੇ ਪਵਿੱਤਰ ਚਰਨਾਂ ਵਿਚ ਆਪਣਾ ਸੀਸ ਝੁਕਾਈਏ। ਕਿਸੇ ਸ਼ਾਇਰ ਨੇ ਠੀਕ ਕਿਹਾ ਹੈ:

ਜਦ ਡੁੱਲਦਾ ਖ਼ੂਨ ਸ਼ਹੀਦਾਂ ਦਾ ਤਕਦੀਰ ਬਦਲਦੀ ਕੌਮਾਂ ਦੀ।
ਰੰਬੀਆਂ ਨਾਲ ਖੋਪਰ ਲਹਿੰਦੇ ਜਦ ਤਸਵੀਰ ਬਦਲਦੀ ਕੌਮਾਂ ਦੀ।
ਜਦ ਚਰਬੀ ਢਲੇ ਸ਼ਹੀਦਾਂ ਦੀ ਰੂਹਾਂ ਵਿਚ ਚਾਨਣ ਹੋ ਜਾਵੇ।
ਜਦ ਉਸਰੇ ਕੰਧ ਮਾਸੂਮਾਂ ਦੀ ਡਿੱਗੀ ਹੋਈ ਕੌਮ ਖਲੋ ਜਾਵੇ।

ਨਿਸਚੇ ਹੀ! ਜਿਹੜੀਆਂ ਮਿਸਾਲੀ ਕੁਰਬਾਨੀਆਂ, ਸ਼ਹੀਦੀਆਂ ਉਨ੍ਹਾਂ ਮਹਾਨ ਰੂਹਾਂ ਨੇ ਕੀਤੀਆਂ ਉਨ੍ਹਾਂ ਦਾ ਸਦਕਾ ਹੀ ਸਾਨੂੰ ਅਜ਼ਾਦੀ ਪ੍ਰਾਪਤੀ ਹੋਈ ਹੈ। ਪਰਵਾਰਪ੍ਰਸਤਾਂ, ਮੌਕਾਪ੍ਰਸਤਾਂ, ਅੰਗਰੇਜ਼ਾਂ ਦੇ ਝੋਲੀਚੁੱਕਾਂ ਨੂੰ ਪਿਛੇ ਧੱਕ ਕੇ ਦੇਸ਼ ਦੀ ਵਾਗ-ਡੋਰ ਸਹੀ ਹੱਥਾਂ ਵਿਚ ਦੇਈਏ ਤਾਂ ਜੋ ਜਿਨ੍ਹਾਂ ਸ਼ੁੱਭ ਇੱਛਾਵਾਂ ਅਤੇ ਭਾਵਨਾਵਾਂ ਨਾਲ ਉਨ੍ਹਾਂ ਯੋਧਿਆਂ ਨੇ ਕੁਰਬਾਨੀਆਂ ਕੀਤੀਆਂ ਉਨ੍ਹਾਂ ਨੂੰ ਅਮਲੀ ਜਾਮਾ ਪਹਿਨਾ ਦੇਈਏ ਅਤੇ ਉਸ ਅਦੁੱਤੀ ਇਤਿਹਾਸ ਨੂੰ ਆਪਣੀ ਨੌਜਵਾਨ ਪੀੜ੍ਹੀ ਤੀਕ ਪਹੁੰਚਾਈਏ ਇਹ ਹੀ ਸਾਡੀ ਸਭ ਦੀ ਵੱਡੀ ਦੇਸ਼ ਸੇਵਾ ਹੋਵੇਗੀ।

ਸ਼ਹੀਦ ਕੀ ਜੋ ਮੌਤ ਹੈ ਵੋਹ ਕੌਮ ਕੀ ਹਯਾਤ ਹੈ।
ਹਯਾਤ ਤੋਂ ਹਯਾਤ ਵੋਹ ਮੌਤ ਹਯਾਤ ਹੈ।

ਅਕਾਲ ਪੁਰਖ ਸਦਾ ਹੀ ਅੰਗ ਸੰਗ!

ਅਸ਼ਲੀਲ ਬੋਲਾਂ 'ਤੇ ਨਿਯੰਤਰਣ ਦੀ ਲੋੜ

*-ਡਾ. ਜਸਵੰਤ ਸਿੰਘ ਨੇਕੀ**

ਕੰਵਰਜੀਤ, ਮੇਰੀ ਪਤਨੀ ਤੇ ਮੈਂ, ਇਕ ਭੱਦਰਪੁਰਸ਼ ਦੇ ਘਰ ਉਨ੍ਹਾਂ ਨੂੰ ਮਿਲਣ ਪਹਿਲੀ ਵਾਰ ਗਏ। ਉਹ ਸੱਜਣ ਇਹ ਤਾਂ ਜਾਣਦੇ ਸਨ ਕਿ ਮੈਂ ਕਵੀ ਹਾਂ ਪਰ ਇਹ ਨਹੀਂ ਸਨ ਜਾਣਦੇ ਕਿ ਮੈਂ ਕਿੱਤੇ ਵਜੋਂ ਮਨੋਚਿਕਿਤਸਕ ਹਾਂ। ਨਾ ਹੀ ਇਹ ਜਾਣਦੇ ਸਨ ਕਿ ਮੇਰੀ ਪਤਨੀ ਮਨੋਵਿਗਿਆਨ ਦੀ ਪੀਐਚ.ਡੀ. ਹੈ ਤੇ ਮਾਨਸਿਕ ਸਮੱਸਿਆਵਾਂ ਵਾਲੇ ਜੀਆਂ ਨੂੰ ਪੇਸ਼ਾਵਰ ਸਲਾਹ ਦੇਣ ਦਾ ਕੰਮ ਕਰਦੀ ਹੈ।

ਮੁੱਢਲੀ ਮਹਿਮਾਨ ਨਿਵਾਜ਼ੀ ਦੇ ਦੌਰਾਨ ਜਦ ਉਨ੍ਹਾਂ ਸਾਡੇ ਕਿੱਤੇ ਵੱਲੋਂ ਪੁੱਛਿਆ ਤਾਂ ਅਸਾਂ ਉਨ੍ਹਾਂ ਨੂੰ ਦੱਸ ਦਿੱਤਾ ਕਿ ਸਾਡਾ ਪੇਸ਼ਾ ਕੀ ਹੈ। ਇਹ ਸੁਣ ਕੇ ਸਾਨੂੰ ਲੱਗਾ ਕਿ ਉਸ ਭੱਦਰ-ਪੁਰਸ਼ ਦੀ ਪਤਨੀ, ਸਾਨੂੰ ਕੁਝ ਕਹਿਣਾ ਚਾਹ ਰਹੀ ਸੀ, ਪਰ ਆਪਣੇ ਆਦਮੀ ਦੇ ਵਰਜਦੇ ਚਿਹਰੇ ਨੂੰ ਵੇਖ ਕੇ ਬੋਲੀ ਕੁਝ ਨਹੀਂ।

ਜਦ ਅਸੀਂ ਇਜਾਜ਼ਤ ਲੈ ਕੇ ਵਿਦਾ ਹੋਣ ਲੱਗੇ ਤਾਂ ਉਨ੍ਹਾਂ ਦੀ ਪਤਨੀ ਸਾਨੂੰ ਕਹਿਣ ਲੱਗੀ, "ਤਿੰਨ ਦਿਨਾਂ ਤਕ ਸਾਡੀ ਸ਼ਾਦੀ ਦੀ ਸਾਲਗਿਰਾਹ ਹੈ। ਸਾਡੀ ਬੇਨਤੀ ਹੈ ਕਿ ਤੁਸੀਂ ਦੋਵੇਂ ਉਸ ਦਿਨ ਵੀ ਜੇ ਆ ਸਕੋ ਤੇ ਸਾਨੂੰ ਅਸੀਸ ਦੇ ਸਕੋ ਤਾਂ ਅਸੀਂ ਧੰਨਵਾਦੀ ਹੋਵਾਂਗੇ।" ਮੇਰੀ ਪਤਨੀ ਨੇ ਇਹ ਨਿਮੰਤ੍ਰਣ ਪਰਵਾਨ ਕਰ ਲਿਆ।

ਉਸ ਦਿਨ ਬੜੀ ਚਹਿਲ-ਪਹਿਲ ਸੀ। ਬੜ੍ਹੇ ਲੋਕ ਆਏ ਹੋਏ ਸਨ। ਖੂਬ ਰੌਣਕ ਲੱਗੀ। ਫਿਰ ਲੋਕੀਂ ਦੁਬਾਰੇ ਤਿਬਾਰੇ ਮੁਬਾਰਕਾਂ ਦੇ ਕੇ ਵਿਦਾ ਹੋਣ ਲੱਗੇ। ਜਦ ਅਸਾਂ ਇਜਾਜ਼ਤ ਮੰਗੀ ਤਾਂ ਉਨ੍ਹਾਂ ਦੀ ਪਤਨੀ ਸਾਨੂੰ ਕਹਿਣ ਲੱਗੀ, "ਅਜੇ ਮੈਂ ਤੁਹਾਨੂੰ ਤੇ ਕੇਵਲ ਤੁਹਾਨੂੰ ਆਪਣੇ ਵਿਆਹ ਦੀ ਐਲਬਮ ਵਿਖਾਉਣੀ ਹੈ। ਅਸੀਂ ਥੋੜ੍ਹੀ ਦੇਰ ਹੋਰ ਰੁਕ ਗਏ।

ਫਿਰ ਉਨ੍ਹਾਂ ਦੀ ਪਤਨੀ ਐਲਬਮ ਕੱਢ ਲਿਆਈ ਤੇ ਦੋਵੇਂ ਜੀ ਸਾਨੂੰ ਐਲਬਮ ਦਿਖਾਉਣ ਲੱਗ ਪਏ। ਐਲਬਮ ਅੱਧ ਵਿਚ ਸੀ ਤਾਂ ਉਨ੍ਹਾਂ ਦੀ ਪਤਨੀ ਕਹਿਣ ਲੱਗੀ, "ਤੁਸੀਂ ਦੋਵੇਂ ਮਨੋਵਿਗਿਆਨ ਦੇ ਵਿਸ਼ੇਸ਼ਗ ਹੋ। ਮੈਂ ਤੁਹਾਥੋਂ ਇਕ ਸਲਾਹ ਲੈਣੀ ਹੈ।" ਮੇਰੀ ਪਤਨੀ ਨੇ ਕਿਹਾ, "ਦੱਸੋ!" ਉਹ ਕਹਿਣ ਲੱਗੀ, "ਮੈਂ ਪਿਛਲੀ ਵਾਰ ਵੀ ਪੁੱਛਣਾ ਚਾਹੁੰਦੀ ਸਾਂ, ਪਰ ਫੇਰ ਪਤਾ ਨਹੀਂ ਕਿਉਂ ਝਕ ਗਈ।" ਮੇਰੀ ਪਤਨੀ ਨੇ ਕਿਹਾ, "ਹੁਣ ਤਾਂ ਝਾਕਾ ਲਾਹ ਲਿਆ ਜੇ, ਹੁਣ ਹੀ ਦੱਸੋ।"

ਉਹ ਕਹਿਣ ਲੱਗੀ, "ਇਹ ਸ੍ਰੀਮਾਨ ਜੀ ਮੇਰੇ ਪਤੀ, ਮਾਵਾਂ-ਭੈਣਾਂ ਦੀਆਂ ਗਾਲ੍ਹਾਂ, ਉਜੱਡ ਤੇ ਅਸ਼ਲੀਲ ਗੱਲਾਂ ਆਪਣੇ ਬੱਚਿਆਂ ਦੇ ਸਾਹਮਣੇ ਹੀ ਮੈਨੂੰ ਕਹਿੰਦੇ

** ਗੁਰਪੁਰਵਾਸੀ*

ਰਹਿੰਦੇ ਹਨ।"

ਮੈਂ ਕਿਹਾ, "ਤੁਸਾਂ ਕਈ ਵਾਰ ਆਪ ਇਨ੍ਹਾਂ ਨੂੰ ਸਮਝਾਇਆ ਹੋਣੈ।" ਕਹਿਣ ਲੱਗੀ, "ਮੈਂ ਕਈ ਵਾਰ ਪਿਆਰ ਨਾਲ ਵੀ ਬੇਨਤੀ ਕੀਤੀ ਹੈ ਤੇ ਗੁੱਸੇ ਨਾਲ ਵੀ। ਪਰ ਇਹ ਮੰਨਦੇ ਹੀ ਨਹੀਂ।" "ਕੀ ਕਹਿੰਦੇ ਹਨ?" ਮੈਂ ਪੁੱਛਿਆ, ਤਾਂ ਉਹ ਭੱਦਰ-ਪੁਰਸ਼ ਜੀ ਆਪੇ ਬੋਲ ਪਏ, ਮੈਂ ਇਹਨੂੰ ਕਹਿੰਦਾ ਹਾਂ, "ਇਹ ਗਾਲ੍ਹਾਂ ਤੇ ਇਹ ਕਾਮੁਕ ਗੱਲਾਂ ਇਨ੍ਹਾਂ ਸਭ ਆਪਣੇ ਹਾਣੀਆਂ ਕੋਲੋਂ ਸੁਣੀਆਂ ਹੋਈਆਂ ਨੇ ਜਾਂ ਸੁਣ ਲੈਣੀਆਂ ਨੇ। ਫਿਰ ਮੇਰੇ ਕਹਿਣ ਜਾਂ ਨਾ ਕਹਿਣ ਨਾਲ ਕੀ ਫ਼ਰਕ ਪੈਂਦਾ ਹੈ।..."

ਤਦ ਮੇਰੀ ਪਤਨੀ ਉਨ੍ਹਾਂ ਦੀ ਗੱਲ ਵਿਚੇ ਟੋਕ ਕੇ ਬੋਲੀ, "ਤੁਸੀਂ ਠੀਕ ਕਹਿੰਦੇ ਹੋ ਕਿ ਇਸ ਤਰ੍ਹਾਂ ਦੀ ਅਸ਼ਲੀਲਤਾ ਤੁਹਾਡੇ ਬੱਚਿਆਂ ਨੇ ਆਪਣੇ ਹਾਣੀਆਂ ਪਾਸੋਂ ਸੁਣ ਲਈ ਹੋਣੀ ਹੈ ਜਾਂ ਸੁਣ ਲੈਣਗੇ। ਇਹੋ ਕਾਰਨ ਹੈ ਕਿ ਮਾਪਿਆਂ ਲਈ ਲਾਜ਼ਮੀ ਹੋ ਜਾਂਦਾ ਹੈ ਕਿ ਉਹ ਉਜੱਡ ਲੋਕਾਂ ਵਾਲੇ ਅਸ਼ਲੀਲ ਬੋਲਾਂ ਤੋਂ ਪਰਹੇਜ਼ ਕਰਨ ਤੇ ਬੱਚਿਆਂ ਸਾਹਵੇਂ ਸਭਯ ਪੱਧਰ ਦੇ ਬੋਲਾਂ ਦਾ ਨਮੂਨਾ ਪੇਸ਼ ਕਰਦੇ ਰਹਿਣ ਤਾਂ ਜੁ ਉਹ ਤਹਿਜ਼ੀਬ ਸਿੱਖ ਸਕਣ ਤੇ ਸਭਯ ਜਗਤ ਦੇ ਭਵਿੱਖ ਦੇ ਸਾਜਨਹਾਰ ਬਣ ਸਕਣ।"

ਉਸ ਭੱਦਰ ਪੁਰਸ਼ ਨੇ ਮੇਰੀ ਪਤਨੀ ਨੂੰ ਪ੍ਰਣਾਮ ਕੀਤਾ ਤੇ ਕਿਹਾ, "ਅੱਜ ਤੋਂ ਬਾਅਦ ਮੈਂ ਕੋਈ ਐਸੇ ਭੈੜੇ ਬੋਲ ਨਹੀਂ ਬੋਲਾਂਗਾ। ਤੁਹਾਡੇ ਨਾਲ ਮੇਰਾ ਬਚਨ ਰਿਹਾ।"

(੧੯੯੧)

ਪੁਸਤਕ 'ਅਸਲ ਵਿਦਿਆ' ਵਿੱਚੋਂ ਧੰਨਵਾਦ ਸਾਹਿਤ।

■

ਸ੍ਰੀ ਹਰਿਮੰਦਰ ਸਾਹਿਬ ਵਿਖੇ ਜਲੌ

ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਗੁਰਦੁਆਰਾ ਬਾਬਾ ਅਟੱਲ ਰਾਏ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਹੇਠ ਲਿਖੇ ਗੁਰਪੁਰਬਾਂ 'ਤੇ ਜਲੌ, ਦੀਪਮਾਲਾ, ਆਤਿਸ਼ਬਾਜ਼ੀ ਕੀਤੀ ਜਾਂਦੀ ਹੈ:

* ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਨਾਨਕ ਦੇਵ ਜੀ
* ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਰਾਮਦਾਸ ਜੀ
* ਗੁਰਿਆਈ ਦਿਵਸ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ
* ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ
* ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ
* ਪਹਿਲਾ ਪ੍ਰਕਾਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਦਾਸਤਾਨ: ਅੰਮ੍ਰਿਤਸਰ ਦੇ ਵੱਸਣ, ਵਿਕਾਸ ਤੇ ਪਛੜਣ ਦੀ

*-ਸ. ਅਜਾਦ ਦੀਪ ਸਿੰਘ**

ਪੰਜ ਦਰਿਆਵਾਂ ਦੀ ਧਰਤੀ ਪੰਜਾਬ (ਪੰਜ-ਆਬ) ਦੀ ਗੱਲ ਦੁਨੀਆ ਦੇ ਕਿਸੇ ਵੀ ਖਿੱਤੇ ਵਿਚ ਹੁੰਦੀ ਹੋਵੇ ਤਾਂ ਉਹ ਸ੍ਰੀ ਅੰਮ੍ਰਿਤਸਰ ਤੋਂ ਬਿਨਾਂ ਅਧੂਰੀ ਹੈ। ਸ੍ਰੀ ਅੰਮ੍ਰਿਤਸਰ ਸਿੱਖਾਂ ਦਾ ਕੇਂਦਰੀ ਅਸਥਾਨ ਹੈ। ਸ੍ਰੀ ਅੰਮ੍ਰਿਤਸਰ ਦਾ ਰੁਤਬਾ ਸਿੱਖਾਂ ਵਿਚ ਇਸ ਤਰ੍ਹਾਂ ਹੈ ਜਿਵੇਂ ਮੁਸਲਮਾਨਾਂ ਵਿਚ ਮੱਕਾ, ਈਸਾਈਆਂ ਵਿਚ ਵੈਟੀਕਨ ਸਿਟੀ, ਹਿੰਦੂਆਂ ਵਿਚ ਕਾਂਸ਼ੀ (ਵਾਰਾਨਸੀ) ਤੇ ਬੋਧੀਆਂ ਵਿਚ ਬੋਧ ਗਯਾ ਦਾ ਹੈ।

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਸਿੱਖ ਧਰਮ ਦਾ ਕੇਂਦਰੀ ਅਸਥਾਨ ਹੈ। ਸਿੱਖ ਰੋਜ਼ਾਨਾ ਹੀ ਇਸ ਪਵਿੱਤਰ ਅਸਥਾਨ ਦੇ ਦਰਸ਼ਨ ਕਰਨ ਦੀ ਅਰਦਾਸ ਕਰਦਾ ਹੈ। ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਨੇ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ, ਬਾਬਾ ਬੁੱਢਾ ਜੀ ਅਤੇ ਹੋਰ ਪ੍ਰਮੁੱਖ ਸਿੱਖਾਂ ਨਾਲ ਸਲਾਹ ਕਰਨ ਉਪਰੰਤ ਸੁਲਤਾਨਵਿੰਡ, ਤੁੰਗ, ਗੁਮਟਾਲਾ ਅਤੇ ਗਿਲਵਾਲੀ ਪਿੰਡਾਂ ਦੇ ਵਿਚਕਾਰ "ਨਵਾਂ ਨਗਰ" ਵਸਾਉਣ ਦਾ ਫੈਸਲਾ ਕੀਤਾ। ਇਸ ਤਰ੍ਹਾਂ ਸ੍ਰੀ ਗੁਰੂ ਰਾਮਦਾਸ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਦੀ ਆਗਿਆ ਅਨੁਸਾਰ ਨਵਾਂ ਨਗਰ ਵਸਾਇਆ ਜਿਸ ਨੂੰ ਚੱਕ ਗੁਰੂ, ਗੁਰੂ ਕਾ ਚੱਕ, ਚੱਕ ਰਾਮਦਾਸ ਜਾਂ ਰਾਮਦਾਸਪੁਰਾ ਨਾਵਾਂ ਨਾਲ ਜਾਣਿਆ ਜਾਂਦਾ ਸੀ ਜੋ ਬਾਅਦ ਵਿਚ ਅੰਮ੍ਰਿਤਸਰ ਵਜੋਂ ਪ੍ਰਸਿੱਧ ਹੋਇਆ। ਅੰਮ੍ਰਿਤਸਰ ਸਰੋਵਰ ਦੀ ਖੁਦਾਈ ਦਾ ਕਾਰਜ ਸ੍ਰੀ ਗੁਰੂ ਰਾਮਦਾਸ ਜੀ ਦੀ ਅਗਵਾਈ ਹੇਠ ਸਿੱਖ ਸੰਗਤ ਦੀ ਸੇਵਾ ਨਾਲ ਸੰਪੂਰਨ ਹੋਇਆ। ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪਵਿੱਤਰ ਸਰੋਵਰ ਦੇ ਵਿਚਕਾਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੀ ਸਥਾਪਨਾ ਕੀਤੀ ਜਿਸਦੀ ਨੀਂਹ ੧੬੪੫ ਬਿਕ੍ਰਮੀ (੧੫੮੮ ਈ.) ਨੂੰ ਰੱਖੀ ਗਈ। ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਦਾ ਕਾਰਜ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਨਿਗਰਾਨੀ ਹੇਠ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ, ਭਾਈ ਸਾਲ੍ਹੋ ਜੀ ਅਤੇ ਹੋਰ ਮੁਖੀ ਸਿੱਖਾਂ ਦੁਆਰਾ ਕੀਤਾ ਗਿਆ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਚਾਰ ਦਰਵਾਜ਼ੇ ਬਣਵਾਏ, ਜੋ ਸਮੁੱਚੀ ਮਾਨਵਤਾ ਨੂੰ ਬਰਾਬਰਤਾ ਦਾ ਸੰਦੇਸ਼ ਦ੍ਰਿੜ੍ਹ ਕਰਵਾਉਂਦੇ ਹਨ। ਇਸੇ ਹੀ ਅਸਥਾਨ 'ਤੇ ਆਦਿ ਸ੍ਰੀ (ਗੁਰੂ) ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਭਾਦੋਂ ਸੁਦੀ ਏਕਮ ੧੬੬੧ ਬਿਕ੍ਰਮੀ (੧੬੦੪ ਈ.) ਨੂੰ ਕੀਤਾ ਗਿਆ ਅਤੇ ਬਾਬਾ ਬੁੱਢਾ ਜੀ ਨੂੰ

** ਇੰਚਾਰਜ, ਟਰੱਸਟ ਵਿਭਾਗ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ. ੯੮੧੪੮-੯੮੧੭੯*

ਪਹਿਲੇ ਗ੍ਰੰਥੀ ਥਾਪਿਆ ਗਿਆ। ਇਸ ਪਵਿੱਤਰ ਅਸਥਾਨ 'ਤੇ ਰੋਜ਼ਾਨਾ ਹੀ ਲੱਖਾਂ ਦੀ ਗਿਣਤੀ ਵਿਚ ਵੱਖ-ਵੱਖ ਧਰਮਾਂ ਦੇ ਲੋਕ ਅਤੇ ਸਿੱਖ ਸ਼ਰਧਾਲੂ ਨਤਮਸਤਕ ਹੁੰਦੇ ਹਨ ਅਤੇ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਦੇ ਹਨ। ਸੰਗਤ ਪਾਵਨ ਗੁਰਬਾਣੀ ਦਾ ਕੀਰਤਨ ਸਰਵਣ ਕਰ ਕੇ ਅਨੰਦ ਮਾਣਦੀ ਹੈ। ਇਹ ਕੀਰਤਨ ਅੰਮ੍ਰਿਤ ਵੇਲੇ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੁਖ ਆਸਣ ਤਕ ਨਿਰੰਤਰ ਚਲਦਾ ਰਹਿੰਦਾ ਹੈ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ, ਵਿਖੇ ਬਹੁ-ਮੰਜ਼ਿਲਾ ਲੰਗਰ ਹਾਲ ਹੈ ਜਿੱਥੇ ੨੪ ਘੰਟੇ ਅਤੁੱਟ ਲੰਗਰ ਵਰਤਦਾ ਹੈ ਅਤੇ ਸੰਗਤ ਬਿਨਾਂ ਕਿਸੇ ਭੇਦ-ਭਾਵ ਦੇ ਇੱਕੋ ਪੰਗਤ ਵਿਚ ਬੈਠ ਕੇ ਪਰਸ਼ਾਦਾ ਛਕਦੀ ਹੈ।

ਸ੍ਰੀ ਅੰਮ੍ਰਿਤਸਰ ਨਗਰ ਸਿੱਖਾਂ ਦੇ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਨੇ ਵਸਾਇਆ ਸੀ। ਅੰਮ੍ਰਿਤਸਰ ਨਗਰ (ਸ਼ਹਿਰ) ਦਾ ਮੁੱਢ ਸ੍ਰੀ ਗੁਰੂ ਰਾਮਦਾਸ ਜੀ ਦੀ ਰਿਹਾਇਸ਼ (ਘਰ) ਗੁਰੂ ਕਾ ਮਹਿਲ ਤੋਂ ਸ਼ੁਰੂ ਹੁੰਦਾ ਹੈ। ਇਸ ਅਸਥਾਨ 'ਤੇ ਹੀ ਸਿੱਖਾਂ ਦੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਦਾਰ ਜੀ ਦਾ ਪ੍ਰਕਾਸ਼ ਹੋਇਆ। ਅੱਜ ਇਸ ਰਿਹਾਇਸ਼ੀ ਅਸਥਾਨ 'ਤੇ ਗੁਰਦੁਆਰਾ ਗੁਰੂ ਕੇ ਮਹਿਲ ਸੁਸ਼ੋਭਿਤ ਹੈ।

ਸ੍ਰੀ ਗੁਰੂ ਰਾਮਦਾਸ ਜੀ ਨੇ ਸ੍ਰੀ ਅੰਮ੍ਰਿਤਸਰ ਨਗਰ (ਸ਼ਹਿਰ) ਦੇ ਵਿਕਾਸ ਲਈ ਵੱਖ-ਵੱਖ ਅਸਥਾਨਾਂ ਤੋਂ ੫੨ ਕਿੱਤਿਆਂ ਦੇ ਲੋਕ ਅੰਮ੍ਰਿਤਸਰ ਲਿਆ ਕੇ ਵਸਾਏ। ਗੁਰੂ ਜੀ ਨੇ ਸਭ ਤੋਂ ਪਹਿਲਾਂ ਸੰਤੋਖਸਰ ਸਰੋਵਰ ਦੀ ਖੁਦਾਈ ਅਰੰਭ ਕਰਵਾਈ ਜੋ ਕਿ ਬਾਅਦ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮੁਕੰਮਲ ਕੀਤੀ। ਇਸ ਤੋਂ ਬਾਅਦ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤ ਸਰੋਵਰ ਖੁਦਵਾਇਆ ਤੇ ਗੁਰਦੁਆਰਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਬਣਵਾਇਆ। ਸ੍ਰੀ ਗੁਰੂ ਰਾਮਦਾਸ ਜੀ ਦੇ ਵੇਲੇ ਹੀ ਸ੍ਰੀ ਅੰਮ੍ਰਿਤਸਰ ਨਗਰ ਨੇ ਵਿਕਾਸ ਕਰਨਾ ਸ਼ੁਰੂ ਕਰ ਦਿੱਤਾ। ਗੁਰੂ ਬਜ਼ਾਰ ਸ੍ਰੀ ਅੰਮ੍ਰਿਤਸਰ ਦਾ ਸਭ ਤੋਂ ਪਹਿਲਾ (ਪੁਰਾਣਾ) ਬਜ਼ਾਰ ਹੈ। ਮੌਜੂਦਾ ਸਮੇਂ ਇਸ ਬਜ਼ਾਰ ਵਿਚ ਜਿਆਦਾਤਰ ਸੋਨੇ ਚਾਂਦੀ ਦਾ ਕੰਮ ਹੁੰਦਾ ਹੈ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਲ ਸਮੇਂ ਸ੍ਰੀ ਅੰਮ੍ਰਿਤਸਰ ਨੇ ਬਹੁਤ ਤਰੱਕੀ ਕੀਤੀ। ਉਸ ਸਮੇਂ ਸ੍ਰੀ ਅੰਮ੍ਰਿਤਸਰ ਦਾ ਸ਼ੁਮਾਰ ਹਿੰਦੁਸਤਾਨ ਦੇ ਵੱਡੇ ਅਤੇ ਪ੍ਰਮੁੱਖ ਵਪਾਰਕ ਸ਼ਹਿਰਾਂ ਵਿਚ ਹੁੰਦਾ ਸੀ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਸ੍ਰੀ ਅੰਮ੍ਰਿਤਸਰ ਪੰਜਾਬ ਦਾ ਅਬਾਦੀ ਪੱਖੋਂ ਸਭ ਤੋਂ ਵੱਡਾ ਸ਼ਹਿਰ ਸੀ। ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਲ ਸਮੇਂ ਉਸ ਸਮੇਂ ਦੇ ਸਾਰੇ ਉੱਘੇ ਸਿੱਖ ਘਰਾਣਿਆਂ ਦੇ ਅੰਮ੍ਰਿਤਸਰ ਵਿਚ ਕੱਟੜੇ, ਹਵੇਲੀਆਂ, ਕਿਲ੍ਹੇ, ਬਾਗ ਤੇ ਰਿਹਾਇਸ਼ਾਂ ਹੁੰਦੀਆਂ ਸਨ। ਸ੍ਰੀ ਅੰਮ੍ਰਿਤਸਰ ਉਸ ਸਮੇਂ ਵਪਾਰ ਦਾ ਵੱਡਾ ਕੇਂਦਰ ਸੀ। ਹਰ ਇੱਕ ਕੱਟੜੇ ਦਾ ਆਪਣਾ ਬਜ਼ਾਰ ਅਤੇ ਮੰਡੀ ਹੁੰਦੀ ਸੀ। ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਲ ਸਮੇਂ ਅਮੀਰ ਵਪਾਰੀਆਂ ਅਤੇ ਕਾਰੋਬਾਰੀਆਂ ਨੇ ਸ੍ਰੀ ਅੰਮ੍ਰਿਤਸਰ ਦਾ ਰੁਖ਼ ਕੀਤਾ।

ਮਹਾਰਾਜਾ ਰਣਜੀਤ ਸਿੰਘ ਨੇ ਮਾਰਵਾੜੀ ਵਪਾਰੀਆਂ ਨੂੰ ਸ੍ਰੀ ਅੰਮ੍ਰਿਤਸਰ ਵਿਖੇ ਲਿਆ ਕੇ ਵਸਾਇਆ। ਮਾਰਵਾੜੀ ਵਪਾਰੀਆਂ ਦਾ ਵਪਾਰਕ ਕੇਂਦਰ '੩੨-ਹੱਟਾ' ਅੱਜ ਵੀ ਸ੍ਰੀ ਅੰਮ੍ਰਿਤਸਰ ਵਿਚ ਮੌਜੂਦ ਹੈ। ਇਨ੍ਹਾਂ ਵਪਾਰੀਆਂ ਦਾ ਵਾਸਾ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਕਿਲ੍ਹੇ ਵਿਚ ਕੀਤਾ ਗਿਆ। ਇਨ੍ਹਾਂ ਵਪਾਰੀਆਂ ਦੀਆਂ ਅਗਲੀਆਂ ਪੀੜੀਆਂ ਅੱਜ ਵੀ ਇਸ ਕਿਲ੍ਹੇ ਵਿਚ ਅਤੇ ਆਲੇ-ਦੁਆਲੇ ਮੌਜੂਦ ਹਨ ਅਤੇ ਵਪਾਰ ਕਰ ਰਹੇ ਹਨ। ਕਸ਼ਮੀਰੀ ਵਪਾਰੀ ਵੀ ਰੋਜ਼ਗਾਰ ਦੀ ਭਾਲ ਵਿਚ ਸ੍ਰੀ ਅੰਮ੍ਰਿਤਸਰ ਆਏ ਅਤੇ ਇੱਥੇ ਹੀ ਪੱਕੇ ਤੌਰ 'ਤੇ ਵੱਸ ਗਏ। ਇਨ੍ਹਾਂ ਦੇ ਸ੍ਰੀ ਅੰਮ੍ਰਿਤਸਰ ਵੱਸਣ ਨਾਲ ਸ਼ਾਲ ਉਦਯੋਗ ਵੱਡੇ ਪੱਧਰ 'ਤੇ ਸ਼ੁਰੂ ਹੋਇਆ। ਸੁੰਦਰ ਅਤੇ ਭਾਰੀ ਪਸ਼ਮੀਨੇ ਦੀਆਂ ਸ਼ਾਲਾਂ ਇੱਥੋਂ ਵਿਦੇਸ਼ਾਂ ਵਿਚ ਵਿਕਣ ਲਈ ਜਾਂਦੀਆਂ ਸਨ। ਭਾਰਤ ਦੇ ਹੋਰਨਾਂ ਹਿੱਸਿਆਂ ਤੋਂ ਮੱਧ ਏਸ਼ੀਆ ਤਕ ਰੇਸ਼ਮ ਦੇ ਕੱਪੜੇ ਅਤੇ ਸੁੱਕੇ ਮੇਵਿਆਂ ਦਾ ਵਪਾਰ ਸ੍ਰੀ ਅੰਮ੍ਰਿਤਸਰ ਰਾਹੀਂ ਹੋਣ ਲੱਗਾ। ੧੮੩੦ ਈ. ਦੇ ਨੇੜ੍ਹੇ-ਤੇੜੇ ਇੱਕ ਫਰਾਂਸੀਸੀ ਯਾਤਰੀ ਜੈਕੋਏਮੋਂ ਸ੍ਰੀ ਅੰਮ੍ਰਿਤਸਰ ਆਇਆ। ਉਸਦੇ ਅੰਦਾਜ਼ੇ ਅਨੁਸਾਰ ਉਸ ਸਮੇਂ ਸ੍ਰੀ ਅੰਮ੍ਰਿਤਸਰ ਸ਼ਹਿਰ ਦੀ ਅਬਾਦੀ ਇੱਕ ਲੱਖ ਤੋਂ ਵੀ ਜ਼ਿਆਦਾ ਸੀ। ਸ੍ਰੀ ਅੰਮ੍ਰਿਤਸਰ ਬਾਰੇ ਇੱਕ ਟ੍ਰੈਕਟ ਵਿਚ ਹਊਗਲ ਨਾਂ ਦੇ ਕਿਸੇ ਯੂਰੋਪੀਅਨ ਦਾ ਜ਼ਿਕਰ ਵੀ ਮਿਲਦਾ ਹੈ। ਜਿਸ ਦੇ ਕਥਨ ਅਨੁਸਾਰ ਸ੍ਰੀ ਅੰਮ੍ਰਿਤਸਰ ਉੱਤਰੀ ਭਾਰਤ ਵਿਚ ਸਭ ਤੋਂ ਅਮੀਰ ਸ਼ਹਿਰ ਸੀ। ਇਤਿਹਾਸਕਾਰ ਗਣੇਸ਼ ਦਾਸ ਅਨੁਸਾਰ ਸਿੱਖ ਰਾਜ ਵੇਲੇ ਸ੍ਰੀ ਅੰਮ੍ਰਿਤਸਰ ਸਭ ਤੋਂ ਵੱਡਾ ਸ਼ਹਿਰ ਸੀ।

੧੮੪੯ ਈ. ਵਿਚ ਪੰਜਾਬ ਅੰਗਰੇਜ਼ੀ ਰਾਜ ਹੇਠਾਂ ਆ ਗਿਆ ਤਾਂ ਅੰਗਰੇਜ਼ਾਂ ਨੇ ਲਾਹੌਰ ਨੂੰ ਆਪਣੀ ਰਾਜਧਾਨੀ ਬਣਾ ਕੇ, ਲਾਹੌਰ ਦੇ ਵਿਕਾਸ ਵਾਸਤੇ ਬਹੁਤ ਕੰਮ ਕੀਤਾ। ਲਾਹੌਰ ਵਿਚ ਕਾਲਜ, ਯੂਨੀਵਰਸਿਟੀ, ਨਵੀਆਂ ਕਾਲੋਨੀਆਂ ਬਣਾ ਕੇ ਲਾਹੌਰ ਦੀ ਉੱਨਤੀ ਦਾ ਮੁੱਢ ਬੰਨ ਦਿੱਤਾ। ਵਿੱਦਿਅਕ ਅਦਾਰੇ ਲਾਹੌਰ ਵਿਚ ਖੁੱਲਣ ਕਰਕੇ ਸਾਰੇ ਪੰਜਾਬ ਤੋਂ ਅਮੀਰ ਲੋਕ ਆਪਣੇ ਨਿਆਣਿਆਂ ਨੂੰ ਪੜ੍ਹਾਉਣ ਲਈ ਲਾਹੌਰ ਵਿਚ ਵੱਸਣੇ ਸ਼ੁਰੂ ਹੋ ਗਏ। ਪੰਜਾਬ ਦੀ ਪਹਿਲੀ ਮਰਦਸ਼ੁਮਾਰੀ ੧੮੮੧ ਈ. ਵਿਚ ਹੋਈ। ੧੮੪੯ ਤੋਂ ੧੮੮੧ ਈ. ਤੀਕ ਅੰਗਰੇਜ਼ਾਂ ਵੱਲੋਂ ਲਾਹੌਰ ਦਾ ਲਗਪਗ ੩੨ ਸਾਲ ਵਿਕਾਸ ਕਰਨ ਤੋਂ ਬਾਅਦ ਵੀ ਪਹਿਲੀ ਮਰਦਮਸ਼ੁਮਾਰੀ ਵਿਚ ਲਾਹੌਰ ਅਬਾਦੀ ਪੱਖੋਂ ਸ੍ਰੀ ਅੰਮ੍ਰਿਤਸਰ ਤੋਂ ਛੋਟਾ ਸੀ। ਅੰਗਰੇਜ਼ਾਂ ਵਲੋਂ ਕੀਤੀ ਗਈ ਮਰਦਮਸ਼ੁਮਾਰੀ ਅਨੁਸਾਰ ਲਾਹੌਰ ਦੀ ਅਬਾਦੀ ਲਗਪਗ ਇੱਕ ਲੱਖ ਉਨਿੰਜਾ ਹਜ਼ਾਰ ਅਤੇ ਸ੍ਰੀ ਅੰਮ੍ਰਿਤਸਰ ਦੀ ਅਬਾਦੀ ਇੱਕ ਲੱਖ ਬਵਿੰਜਾ ਹਜ਼ਾਰ ਸੀ। ਇਸ ਤੋਂ ਬਾਅਦ ਸ੍ਰੀ ਅੰਮ੍ਰਿਤਸਰ ਅਬਾਦੀ ਪੱਖੋਂ ਲਾਹੌਰ ਤੋਂ ਪੱਛੜ ਗਿਆ। ੧੯੪੧ ਈ. ਵਿਚ ਲਾਹੌਰ ਦੀ ਅਬਾਦੀ ਛੇ ਲੱਖ ਇਕੱਤਰ ਹਜ਼ਾਰ ਅਤੇ ਸ੍ਰੀ ਅੰਮ੍ਰਿਤਸਰ ਦੀ ਅਬਾਦੀ ਤਿੰਨ ਲੱਖ ਇਕਾਨਵੇਂ ਹਜ਼ਾਰ ਦਰਜ ਕੀਤੀ ਗਈ।

੧੯੪੭ ਈ. ਦੀ ਵੰਡ ਵੇਲੇ ਲਾਹੌਰ ਪਾਕਿਸਤਾਨ ਦਾ ਹਿੱਸਾ ਬਣ ਗਿਆ। ਵੰਡ ਤੋਂ ਪਹਿਲਾਂ ਪੰਜਾਬ ਦੇ ਦੋਵੇਂ ਵੱਡੇ ਸ਼ਹਿਰ ਲਾਹੌਰ ਅਤੇ ਅੰਮ੍ਰਿਤਸਰ ਮਾਝਾ (ਬਾਰੀ ਦੁਆਬ) ਖਿੱਤੇ ਵਿਚ ਪੈਂਦੇ ਸਨ। ਵੰਡ ਵੇਲੇ ਸ੍ਰੀ ਅੰਮ੍ਰਿਤਸਰ ਸਾਂਝੇ ਪੰਜਾਬ ਦਾ ਲਾਹੌਰ ਤੋਂ ਬਾਅਦ ਦੂਜਾ ਅਤੇ ਹਿੰਦੁਸਤਾਨ ਦਾ ਨੌਵਾਂ ਸਭ ਤੋਂ ਵੱਡਾ ਸ਼ਹਿਰ ਸੀ। ੧੯੪੭ ਈ. ਦੇਸ਼ ਵੰਡ ਤੋਂ ਬਾਅਦ ਚੜ੍ਹਦੇ ਪੰਜਾਬ ਵਿਚ ਅੰਮ੍ਰਿਤਸਰ ਸਭ ਤੋਂ ਵੱਡਾ ਸ਼ਹਿਰ ਬਣ ਗਿਆ। ਪਰ ਸਮੇਂ ਦੀਆਂ ਸਰਕਾਰਾਂ ਨੇ ਸ੍ਰੀ ਅੰਮ੍ਰਿਤਸਰ ਸ਼ਹਿਰ ਦੇ ਵਿਕਾਸ ਵੱਲ ਕੋਈ ਧਿਆਨ ਨਾਂ ਦਿੱਤਾ। ਸ੍ਰੀ ਅੰਮ੍ਰਿਤਸਰ ਦੀ ਬਜਾਇ ਲੁਧਿਆਣਾ ਦੇ ਵਿਕਾਸ ’ਤੇ ਵੱਧ ਜ਼ੋਰ ਦਿੱਤਾ ਜਾਣ ਲੱਗਾ, ਫਿਰ ਵੀ ੧੯੮੧ ਦੀ ਜਨਗਣਨਾ ਤੀਕ ਅੰਮ੍ਰਿਤਸਰ ਪੰਜਾਬ ਦਾ ਸਭ ਤੋਂ ਵੱਡਾ ਸ਼ਹਿਰ ਸੀ, ਪਰ ੧੯੯੧ ਦੀ ਜਨਗਣਨਾ ਵਿਚ ਲੁਧਿਆਣਾ ਪਹਿਲੇ ਸਥਾਨ ’ਤੇ ਆ ਗਿਆ। ੧੯੮੨ ਤੋਂ ੧੯੯੨-੯੩ ਤੀਕ ਪੰਜਾਬ ਮਾੜੇ ਹਲਾਤਾਂ ਵਿਚ ਰਿਹਾ। ਜਿਸ ਦਾ ਸਭ ਤੋਂ ਵੱਧ ਮਾੜਾ ਅਸਰ ਸ੍ਰੀ ਅੰਮ੍ਰਿਤਸਰ ’ਤੇ ਪਿਆ। ਪੰਜਾਬ ਦੇ ਹਾਲਾਤ ਸੁਧਰਨ ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਕੀਰਤਨ ਦਾ ਸਿੱਧਾ ਪ੍ਰਸਾਰਣ ਸ਼ੁਰੂ ਹੋਣ ’ਤੇ ਦੂਜੇ ਸੂਬਿਆਂ ਤੋਂ ਵੱਡੀ ਗਿਣਤੀ ਵਿਚ ਯਾਤਰੂ ਦਰਸ਼ਨਾਂ ਲਈ ਅੰਮ੍ਰਿਤਸਰ ਆਉਣੇ ਸ਼ੁਰੂ ਹੋ ਗਏ। ਜਿਸ ਕਾਰਨ ਸ੍ਰੀ ਅੰਮ੍ਰਿਤਸਰ ਦੀ ਆਰਥਿਕਤਾ ਮੁੜ ਲੀਹਾਂ ’ਤੇ ਆ ਗਈ। ਸ੍ਰੀ ਅੰਮ੍ਰਿਤਸਰ ਵਿਚ ਵੱਡੀ ਗਿਣਤੀ ਵਿਚ ਨਵੇਂ ਹੋਟਲ, ਰੈਸਟੋਰੈਂਟ, ਢਾਬੇ ਤੇ ਦੁਕਾਨਾਂ ਖੁਲ੍ਹ ਗਈਆਂ। ਜਿਸ ਕਰਕੇ ਹਜ਼ਾਰਾਂ ਲੋਕਾਂ ਦਾ ਕਾਰੋਬਾਰ ਵਧਿਆ। ਹਜ਼ਾਰਾਂ ਲੋਕਾਂ ਨੂੰ ਰੋਜ਼ਗਾਰ ਮਿਲਿਆ। ਅੱਜ ਦੇ ਸਮੇਂ ਵਿਚ ਸੈਰ-ਸਪਾਟਾ ਦੁਨੀਆ ਦਾ ਸਭ ਤੋਂ ਵੱਡਾ ਕਾਰੋਬਾਰ ਬਣ ਗਿਆ ਹੈ। ਇਸ ਸਮੇਂ ਸ੍ਰੀ ਅੰਮ੍ਰਿਤਸਰ ਵਿਚ ਰੋਜ਼ਾਨਾ ੧ ਲੱਖ ਤੋਂ ਵੱਧ ਯਾਤਰੂ ਆ ਰਹੇ ਹਨ। ਅਜੋਕੇ ਸਮੇਂ ਕੋਈ ਖਿੱਤਾ ਤਦ ਹੀ ਤਰੱਕੀ ਕਰ ਸਕਦਾ ਹੈ ਜੇਕਰ ਉਸ ਖਿੱਤੇ ਵਿਚ ਉਦਯੋਗਿਕ, ਵਪਾਰਕ ਜਾਂ ਸੈਰ-ਸਪਾਟੇ ਦਾ ਸ਼ਹਿਰ ਹੋਵੇ। ਪੰਜਾਬ ਦੇ ਵਿਕਾਸ ਲਈ ਸ੍ਰੀ ਅੰਮ੍ਰਿਤਸਰ ਹੀ ਸਭ ਤੋਂ ਢੁਕਵਾਂ ਸ਼ਹਿਰ ਹੈ। ਸ੍ਰੀ ਅੰਮ੍ਰਿਤਸਰ ਨੂੰ ਸੈਰ-ਸਪਾਟੇ ਦੇ ਕੇਂਦਰ ਵਜੋਂ ਉਭਾਰਨ ਲਈ ਇਸ ਨੂੰ ਹੋਰ ਵਿਕਸਿਤ ਕਰਨ ਦੀ ਜ਼ਰੂਰਤ ਹੈ। ਕ੍ਰਿਕਟ ਅੱਜ ਦੁਨੀਆ ਦੀ ਹਰਮਨ-ਪਿਆਰੀ ਖੇਡ ਹੈ। ਨੌਜਵਾਨ ਪੀੜੀ ਦਾ ਵਧੇਰੇ ਝੁਕਾਅ ਕ੍ਰਿਕਟ ਵੱਲ ਹੈ। ਅੰਤਰ ਰਾਸ਼ਟਰੀ ਕ੍ਰਿਕਟ ਮੈਚਾਂ ਤੇ ਆਈ.ਪੀ.ਐਲ. ਮੈਚ ਦੇਖਣ ਲਈ ਦੁਨੀਆ ਭਰ ਤੋਂ ਕ੍ਰਿਕਟ ਪ੍ਰੇਮੀ ਮੈਚ ਦੇਖਣ ਲਈ ਆਉਂਦੇ ਹਨ। ਇਸ ਸਾਲ ਹੋਈ ਆਈ.ਪੀ.ਐਲ. ਵਿਚ ਸਾਡੇ ਗੁਆਂਢੀ ਸੂਬੇ ਹਿਮਾਚਲ ਪ੍ਰਦੇਸ਼ ਦੇ ਧਰਮਸ਼ਾਲਾ ਵਿਚ ਹੋਏ ਮੈਚ ਨੂੰ ਦੇਖਣ ਲਈ ਹਿੰਦੁਸਤਾਨ ਅਤੇ ਵਿਦੇਸ਼ਾਂ ਤੋਂ ਹਜ਼ਾਰਾਂ ਕ੍ਰਿਕਟ ਪ੍ਰੇਮੀ ਧਰਮਸ਼ਾਲਾ ਆਏ। ਪੰਜਾਬ ਤੋਂ ਵੀ ਵੱਡੀ ਗਿਣਤੀ ਵਿਚ ਲੋਕ ਮੈਚ ਵੇਖਣ ਲਈ ਧਰਮਸ਼ਾਲਾ ਤੇ ਦੇਸ਼ ਦੇ ਕਈ ਹੋਰ ਸ਼ਹਿਰਾਂ ਵਿਚ ਗਏ। ਜੇਕਰ ਸ੍ਰੀ ਅੰਮ੍ਰਿਤਸਰ ਵਿਚ ਨਵਾਂ ਅੰਤਰਰਾਸ਼ਟਰੀ ਕ੍ਰਿਕਟ ਮੈਦਾਨ ਬਣਾ ਦਿੱਤਾ ਜਾਵੇ

ਤਾਂ ਦੇਸ਼-ਵਿਦੇਸ਼ ਤੋਂ ਵੱਡੀ ਗਿਣਤੀ ਵਿਚ ਖੇਡ ਪ੍ਰੇਮੀ ਅੰਮ੍ਰਿਤਸਰ ਆਉਣਗੇ। ਜਿਸ ਨਾਲ ਅੰਮ੍ਰਿਤਸਰ ਦੇ ਵਪਾਰ ਤੇ ਵਿਕਾਸ ਨੂੰ ਵੱਡਾ ਹੁਲਾਰਾ ਮਿਲੇਗਾ। ਸੋ ਅੰਮ੍ਰਿਤਸਰ ਵਿਖੇ ਕਿਸੇ ਢੁਕਵੇਂ ਸਥਾਨ 'ਤੇ ਅੰਤਰਰਾਸ਼ਟਰੀ ਕ੍ਰਿਕਟ ਸਟੇਡੀਅਮ ਬਣਨਾ ਚਾਹੀਦਾ ਹੈ।

ਇਸ ਤੋਂ ਇਲਾਵਾ ਵਾਹਗਾ ਅਟਾਰੀ ਰਾਹੀਂ ਭਾਰਤ ਪਾਕਿਸਤਾਨ ਦਾ ਵਪਾਰ ਜੋ ਕਿ ਪਿਛਲੇ ਸਮੇਂ ਤੋਂ ਬੰਦ ਹੈ, ਸੜਕੀ ਤੇ ਰੇਲ ਮਾਰਗਾਂ ਰਾਹੀਂ ਪੱਕੇ ਤੌਰ 'ਤੇ ਦਿਨ ਰਾਤ ੨੪ ਘੰਟੇ ਚੱਲਣਾ ਚਾਹੀਦਾ ਹੈ। ਇਹ ਵਪਾਰ ਅੱਗੋਂ ਮੱਧ ਏਸ਼ੀਆ ਤੇ ਯੂਰਪ ਤੀਕ ਹੋਣਾ ਚਾਹੀਦਾ ਹੈ।

ਸਿੱਖਾਂ ਦੇ ਬਹੁਤ ਸਾਰੇ ਗੁਰਦੁਆਰਾ ਸਾਹਿਬਾਨ ਦੇਸ਼ ਵੰਡ ਵੇਲੇ ਪਾਕਿਸਤਾਨ ਵਿਖੇ ਰਹਿ ਗਏ। ਸਿੱਖ ਇਨ੍ਹਾਂ ਅਸਥਾਨਾਂ ਦੇ ਦਰਸ਼ਨ ਕਰਨਾ ਚਾਹੁੰਦੇ ਹਨ। ੧੯੪੭ ਈ. ਦੀ ਦੇਸ਼ ਵੰਡ ਵੇਲੇ ਇਧਰੋਂ ਉਧਰ ਤੇ ਉਧਰੋਂ ਇਧਰ ਗਏ ਬਜ਼ੁਰਗ ਤੇ ਅੱਗੋਂ ਉਨ੍ਹਾਂ ਦੀਆਂ ਨਸਲਾਂ ਆਪਣੇ ਪਿਤਾ-ਪੁਰਖੀ ਪਿੰਡ ਸ਼ਹਿਰ ਦੇਖਣਾ ਚਾਹੁੰਦੇ ਹਨ। ਇਸ ਲਈ ਭਾਰਤ-ਪਾਕਿਸਤਾਨ ਦੋਵਾਂ ਹਕੂਮਤਾਂ ਨੂੰ ਵੀਜ਼ਾ ਸ਼ਰਤਾਂ ਨਰਮ ਕਰਨੀਆਂ ਚਾਹੀਦੀਆਂ ਹਨ ਤੇ ਸ੍ਰੀ ਅੰਮ੍ਰਿਤਸਰ ਵਿਖੇ ਹੀ ਪਾਕਿਸਤਾਨ ਦਾ ਵੀਜ਼ਾ ਦਫ਼ਤਰ ਖੁਲ੍ਹਣਾ ਚਾਹੀਦਾ ਹੈ ਤਾਂ ਜੋ ਚੜ੍ਹਦੇ ਪੰਜਾਬ ਦੇ ਲੋਕਾਂ ਨੂੰ ਅੰਮ੍ਰਿਤਸਰ ਤੋਂ ਹੀ ਪਾਕਿਸਤਾਨ ਦਾ ਵੀਜ਼ਾ ਮਿਲ ਸਕੇ। ਜੇਕਰ ਦੋਵੇ ਮੁਲਕਾਂ ਦੀਆਂ ਸਰਕਾਰਾਂ ਪਹਿਲ-ਕਦਮੀ ਕਰ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਲਾਹੌਰ ਸ਼ਹਿਰ ਦੇ ਲੋਕਾਂ ਵਾਸਤੇ ਇਕ-ਦੂਜੇ ਸ਼ਹਿਰ ਲਈ ਵੀਜ਼ਾ ਮੁਫਤ ਐਂਟਰੀ ਕਰ ਦੇਣ ਤਾਂ ਇਸ ਨਾਲ ਦੋਵੇ ਸ਼ਹਿਰਾਂ ਵਿਚ ਸੈਲਾਨੀਆਂ ਦੀ ਵਪਾਰਕ, ਧਾਰਮਿਕ ਅਤੇ ਸਭਿਆਚਾਰਕ ਸਾਂਝ ਦਾ ਅੱਠ ਦਹਾਕੇ ਪੁਰਾਣਾ ਰਿਸ਼ਤਾ ਮੁੜ-ਸੁਰਜੀਤ ਹੋਵੇਗਾ।

੧੯੪੭ ਈ. ਦੀ ਵੰਡ ਵੇਲੇ ਅੰਮ੍ਰਿਤਸਰ-ਕਸੂਰ-ਫਿਰੋਜ਼ਪੁਰ ਰੇਲ ਲੀਹ ਦਾ ਸੰਪਰਕ ਖੇਮਕਰਨ ਤੋਂ ਭਾਰਤ ਨਾਲੋਂ ਕੱਟਿਆ ਗਿਆ। ਪਝੰਤਰਾਂ ਸਾਲਾਂ ਬਾਅਦ ਵੀ ਸ੍ਰੀ ਅੰਮ੍ਰਿਤਸਰ-ਫਿਰੋਜ਼ਪੁਰ ਰੇਲ ਲੀਹ ਦਾ ਨਵਾਂ ਸੰਪਰਕ ਨਹੀਂ ਜੁੜ ਸਕਿਆ। ਖੇਮਕਰਨ-ਫਿਰੋਜ਼ਪੁਰ ਰੇਲ ਲੀਹ ਵਿਛਾ ਕੇ ਇਹ ਸੰਪਰਕ ਬਹਾਲ ਕਰਨਾ ਚਾਹੀਦਾ ਹੈ, ਇਸ ਨਾਲ ਸਮੁੱਚੇ ਪੰਜਾਬ ਨੂੰ ਫਾਇਦਾ ਹੋਵੇਗਾ। ਇਸ ਲੀਹ ਦੇ ਬਣਨ ਨਾਲ ਸ੍ਰੀ ਅੰਮ੍ਰਿਤਸਰ ਆਉਣ-ਜਾਣ ਵਾਲੇ ਯਾਤਰੂਆਂ ਤੇ ਸਾਮਾਨ ਦਾ ਸਿੱਧਾ ਸੰਪਰਕ ਰਾਜਸਥਾਨ, ਗੁਜਰਾਤ ਤੇ ਮਹਾਂਰਾਸ਼ਟਰ ਨਾਲ ਜੁੜ ਜਾਵੇਗਾ।

ਇਸ ਸਮੇਂ ਪੰਜਾਬ ਵਿਚ ਜਲੰਧਰ, ਫਿਰੋਜ਼ਪੁਰ, ਪਟਿਆਲਾ, ਰੂਪਨਗਰ, ਫਰੀਦਕੋਟ ਤੇ ਬਠਿੰਡਾ ਡਵੀਜ਼ਨਾਂ ਹਨ। ਪਰ ਪੰਜਾਬ ਦਾ ਅਬਾਦੀ ਪੱਖੋਂ ਦੂਜਾ ਤੇ ਸੈਰ-ਸਪਾਟੇ ਦਾ ਸਭ ਤੋਂ ਵੱਡਾ ਕੇਂਦਰ ਸ੍ਰੀ ਅੰਮ੍ਰਿਤਸਰ ਵਿਖੇ ਡਵੀਜ਼ਨ ਹੈੱਡਕਵਾਟਰ ਨਹੀਂ ਹੈ। ਪੰਜਾਬ ਸਰਕਾਰ ਨੂੰ ਸ੍ਰੀ ਅੰਮ੍ਰਿਤਸਰ ਵਿਖੇ ਤੁਰੰਤ ਡਵੀਜ਼ਨ ਸਥਾਪਿਤ ਕਰਨੀ ਚਾਹੀਦੀ ਹੈ ਤੇ ਸ੍ਰੀ ਅੰਮ੍ਰਿਤਸਰ, ਗੁਰਦਾਸਪੁਰ, ਤਰਨ ਤਾਰਨ ਤੇ ਪਠਾਨਕੋਟ

ਜ਼ਿਲ੍ਹਿਆਂ ਨੂੰ ਸ੍ਰੀ ਅੰਮ੍ਰਿਤਸਰ ਡਵੀਜ਼ਨ ਨਾਲ ਜੋੜਨਾ ਚਾਹੀਦਾ ਹੈ।

ਸੰਨ ੨੦੧੫ ਵਿਚ ਕੇਂਦਰ ਸਰਕਾਰ ਵੱਲੋਂ ਪੰਜਾਬ ਦੀ ਕਿਸਾਨੀ ਦੀ ਖੁਸ਼ਹਾਲੀ ਲਈ ਅੰਮ੍ਰਿਤਸਰ ਵਿਖੇ ਪੋਸਟ ਗਰੈਜੂਏਟ ਇੰਸੀਟੀਚਿਊਟ ਆਫ ਹੋਰਟੀਕਲਰ ਰੀਸਰਚ ਐਂਡ ਐਜੂਕੇਸ਼ਨ ਸਥਾਪਿਤ ਕਰਨ ਦੀ ਪ੍ਰਵਾਨਗੀ ਹੋਈ ਸੀ। ਇਸ ਸੰਸਥਾ ਵਿਚ ਬਾਗਬਾਨੀ ਤੇ ਹੋਰ ਵਿਸ਼ਿਆਂ ਵਿਚ ਐਮ.ਐਸਸੀ. ਤੇ ਪੀਐਚ. ਡੀ. ਦੇ ਕੋਰਸ ਹੋਣੇ ਸਨ। ਇਸ ਤੇ ਸਾਰਾ ਖਰਚ ਕੇਂਦਰ ਸਰਕਾਰ ਵੱਲੋਂ ਕੀਤਾ ਜਾਣਾ ਹੈ। ਪੰਜਾਬ ਹਕੂਮਤ ਨੇ ਸਿਰਫ ੩੦ ਕਿੱਲੇ ਜ਼ਮੀਨ ਹੀ ਦੇਣੀ ਹੈ। ਅਫ਼ਸੋਸ ਨਾਲ ਲਿਖਣਾ ਪੈ ਰਿਹਾ ਹੈ ਕਿ ਪੰਜਾਬ ਵਿਚ ਤਿੰਨ ਸਰਕਾਰਾਂ ਆ ਚੁਕੀਆਂ ਹਨ। ਪਰ ਕੋਈ ਵੀ ਸਰਕਾਰ ਜ਼ਮੀਨ ਮੁਹੱਈਆ ਨਹੀਂ ਕਰਵਾ ਸਕੀ। ਕਿਤੇ ਇਹ ਮਹੱਤਵਪੂਰਨ ਪ੍ਰਾਜੈਕਟ ਸ੍ਰੀ ਅੰਮ੍ਰਿਤਸਰ ਤੇ ਪੰਜਾਬ ਦੇ ਹੱਥੋਂ ਖਿਸਕ ਹੀ ਨਾ ਜਾਵੇ ਇਸ ਲਈ ਪੰਜਾਬ ਸਰਕਾਰ ਨੂੰ ਤੁਰੰਤ ਜਮੀਨ ਮੁਹੱਈਆ ਕਰਵਾ ਕੇ ਇਹ ਪ੍ਰਾਜੈਕਟ ਸ਼ੁਰੂ ਕਰਵਾਉਣਾ ਚਾਹੀਦਾ ਹੈ।

ਆਧੁਨਿਕਤਾ ਦੇ ਦੌਰ ਵਿਚ ਸੂਚਨਾ ਅਤੇ ਆਵਾਜਾਈ ਦੇ ਸਾਧਨਾਂ ਵਿਚ ਤੇਜ਼ ਰਫਤਾਰ ਨਾਲ ਹੋ ਰਹੇ ਵਿਸ਼ਵ-ਵਿਆਪੀ ਵਿਕਾਸ ਨੂੰ ਧਿਆਨ ਵਿੱਚ ਰਖਦਿਆਂ, ਇਸ ਬਹੁ-ਪੱਖੀ ਪ੍ਰਸਿੱਧ ਸ਼ਹਿਰ ਦੇ ਸਾਧਨਾਂ ਦੀ ਤਰੱਕੀ ਵੱਲ ਧਿਆਨ ਦਿੰਦਿਆਂ ਵਿਸ਼ੇਸ਼ ਪੈਕਜ਼ ਜਾਰੀ ਕਰਨੇ ਚਾਹੀਦੇ ਹਨ। ਸ਼ਹਿਰ ਵਿਚ ਸਪੈਸ਼ਲ ਆਈ.ਟੀ. ਜ਼ੋਨ ਅਤੇ ਵਿਸ਼ੇਸ਼ ਉਦਯੋਗਿਕ ਕੇਂਦਰ (Industries Hub) ਇੰਡਸਟਰੀਜ਼ ਹੱਬ ਬਣਾਉਣੀਆਂ ਚਾਹੀਦੀਆਂ ਹਨ।

ਪੰਜਾਬ ਦੀ ਅਫਸਰਸ਼ਾਹੀ, ਰਾਜਨੇਤਾਵਾਂ, ਵਿਦਵਾਨਾਂ, ਸਨਅਤਕਾਰਾਂ, ਸਰਕਾਰ ਤੇ ਲੋਕਾਂ ਨੂੰ ਇਕੱਠੇ ਹੋ ਕੇ ਸ੍ਰੀ ਅੰਮ੍ਰਿਤਸਰ ਦਾ ਵਿਕਾਸ ਕਰਨਾ ਚਾਹੀਦਾ ਹੈ ਤਾਂ ਜੋ ਇਹ ਸ਼ਹਿਰ ਗੁਰੂ-ਕਾਲ ਤੇ ਮਹਾਰਾਜਾ ਰਣਜੀਤ ਸਿੰਘ ਦੇ ਧਰਮ ਨਿਰਪੱਖ ਰਾਜ ਕਾਲ ਦੇ ਸਮੇਂ ਦੀ ਤਰ੍ਹਾਂ ਤਰੱਕੀ ਕਰ ਸਕੇ। ਇਸ ਨਾਲ ਸਮੁੱਚੇ ਪੰਜਾਬ ਦੀ ਤਰੱਕੀ ਹੋਵੇਗੀ। ਦੁਨੀਆ ਭਰ ਵਿਚ ਬੈਠੇ ਪੰਜਾਬੀ ਅੰਮ੍ਰਿਤਸਰ ਤੇ ਪੰਜਾਬ ਦੀ ਤਰੱਕੀ ’ਤੇ ਮਾਣ ਕਰ ਸਕਣ।

■

ਨਾਮ ਜਪੋ, ਕਿਰਤ ਕਰੋ, ਵੰਡ ਛਕੋ

ਅਪ੍ਰੈਲ ਮਹੀਨੇ ਨਾਲ ਸੰਬੰਧਿਤ ਸ਼ਖ਼ਸੀਅਤਾਂ:

ਬੀਬੀ ਭਾਨੀ ਜੀ

(੩੦ ਅਪ੍ਰੈਲ ਨੂੰ ਜਨਮ ਦਿਹਾੜੇ 'ਤੇ)

*-ਡਾ. ਗੁਰਪ੍ਰੀਤ ਸਿੰਘ**

ਬੀਬੀ ਭਾਨੀ ਜੀ ਦਾ ਜਨਮ ਸ੍ਰੀ ਗੁਰੂ ਅਮਰਦਾਸ ਜੀ ਦੇ ਘਰ ਬੀਬੀ ਮਨਸਾ ਦੇਵੀ ਜੀ ਦੀ ਕੁੱਖੋਂ ੩੦ ਅਪ੍ਰੈਲ, ੧੫੩੪ ਈ. ਨੂੰ ਹੋਇਆ। ਬੀਬੀ ਭਾਨੀ ਜੀ ਦਾ ਪਾਲਣ-ਪੋਸ਼ਣ ਧਾਰਮਿਕ ਮਾਹੌਲ ਵਿਚ ਹੋਇਆ। ਸ੍ਰੀ ਗੁਰੂ ਅਮਰਦਾਸ ਜੀ ਨੂੰ ੧੫੫੨ ਈ. ਵਿਚ ਗੁਰਿਆਈ ਪ੍ਰਾਪਤ ਹੋਈ। ਸ੍ਰੀ ਗੋਇੰਦਵਾਲ ਸਾਹਿਬ ਵਿਖੇ ਹੀ ੧੬ ਫਰਵਰੀ, ੧੫੫੩ ਈ. ਨੂੰ ਬੀਬੀ ਭਾਨੀ ਜੀ ਦਾ ਵਿਆਹ ਸ੍ਰੀ ਗੁਰੂ ਰਾਮਦਾਸ ਜੀ ਨਾਲ ਹੋਇਆ। ਆਪ ਦੇ ਘਰ ੧੫੫੮ ਈ. ਵਿਚ ਵੱਡੇ ਪੁੱਤਰ ਪ੍ਰਿਥੀ ਚੰਦ ਨੇ, ੧੫੬੦ ਈ. ਵਿਚ ਦੂਜੇ ਪੁੱਤਰ ਮਹਾਂਦੇਵ ਨੇ ਤੇ ੧੫ ਅਪ੍ਰੈਲ, ੧੫੬੩ ਈ. ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਨਮ ਲਿਆ। ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਇਨ੍ਹਾਂ ਦੇ ਪਤੀ ਸ੍ਰੀ ਗੁਰੂ ਰਾਮਦਾਸ ਜੀ ਨੂੰ ਗੁਰਿਆਈ ਮਿਲੀ। ਸ੍ਰੀ ਗੁਰੂ ਰਾਮਦਾਸ ਜੀ ਤੋਂ ਬਾਅਦ ਇਨ੍ਹਾਂ ਦੇ ਪੁੱਤਰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗੁਰਿਆਈ ਪ੍ਰਾਪਤ ਹੋਈ। ਬੀਬੀ ਭਾਨੀ ਜੀ ਦਾ ਦੇਹਾਂਤ ੯ ਅਪ੍ਰੈਲ, ੧੫੯੮ ਈ. ਨੂੰ ਹੋਇਆ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮਾਤਾ ਭਾਨੀ ਜੀ ਦੀ ਯਾਦ ਵਿਚ ਤਰਨ ਤਾਰਨ ਸਾਹਿਬ ਵਿਖੇ ਖੂਹ ਲਗਵਾਇਆ ਸੀ, ਜੋ ਅਕਾਲੀ ਫੂਲਾ ਸਿੰਘ ਦੇ ਭਰਾ ਭਾਈ ਸੰਤ ਸਿੰਘ ਦੀ ਔਲਾਦ ਪਾਸ ਹੈ।[੧] ਬੀਬੀ ਭਾਨੀ ਜੀ ਨੂੰ ਤੀਜੇ ਗੁਰੂ ਦੀ ਧੀ, ਚੌਥੇ ਗੁਰੂ ਦੀ ਪਤਨੀ ਅਤੇ ਪੰਜਵੇਂ ਗੁਰੂ ਜੀ ਦੀ ਮਾਤਾ ਹੋਣ ਦਾ ਸੁਭਾਗ ਪ੍ਰਾਪਤ ਹੋਇਆ।

ਹਵਾਲੇ:

੧. ਗਿ. ਭਜਨ ਸਿੰਘ, ਇਤਿਹਾਸਕ ਸਿੱਖ ਨਾਰੀਆਂ, ਪੰਨਾ ੧੬੬.

ਭਾਈ ਬਿਧੀ ਚੰਦ ਜੀ

(੦੮ ਅਪ੍ਰੈਲ ਨੂੰ ਜਨਮ ਦਿਹਾੜੇ 'ਤੇ)

ਭਾਈ ਬਿਧੀ ਚੰਦ ਜੀ ਦਾ ਜਨਮ ਪਿੰਡ ਛੀਨਾ (ਤਰਨ ਤਾਰਨ) ਦੇ ਵਸਨੀਕ ਬਾਬਾ ਦੇਵਾ ਜੀ ਦੇ ਘਰ ਮਾਤਾ ਸੰਭਲੀ ਜੀ ਦੀ ਕੁੱਖੋਂ ੧੩ ਵੈਸਾਖ ਸੰਮਤ ੧੬੩੬ ਮੁਤਾਬਿਕ ੮ ਅਪ੍ਰੈਲ, ੧੫੬੦ ਈ. ਨੂੰ ਹੋਇਆ। ਬਾਬਾ ਜੀ ਦੇ ਪਿਤਾ ਜੀ ਪਿੰਡ ਛੀਨਾ ਤੋਂ ਉੱਠ ਕੇ ਪਿੰਡ ਸੁਰ ਸਿੰਘ, ਜ਼ਿਲ੍ਹਾ ਤਰਨ ਤਾਰਨ ਆ ਬੈਠੇ।[੧]

ਇਕ ਵਾਰ ਚੋਲ੍ਹਾ ਪਿੰਡ ਦੇ ਭਾਈ ਅਦਲੀ ਜੀ ਭਾਈ ਬਿਧੀ ਚੰਦ ਨੂੰ ਸ੍ਰੀ ਗੁਰੂ

** ਧਾਰਮਿਕ ਅਧਿਆਪਕ, ਸ੍ਰੀ ਗੁਰੂ ਰਾਮਦਾਸ ਪਬਲਿਕ ਸਕੂਲ, ਗੋਲਡਨ ਟੈਂਪਲ ਕਲੋਨੀ, ਸੁਲਤਾਨਵਿੰਡ ਰੋਡ, ਸ੍ਰੀ ਅੰਮ੍ਰਿਤਸਰ। ਮੋ. ੮੭੨੫੦-੧੫੧੬੩*

ਅਰਜਨ ਦੇਵ ਜੀ ਕੋਲ ਲੈ ਕੇ ਆਏ ਤਾਂ ਇਹ ਗੁਰੂ ਜੀ ਦਾ ਸਿੱਖ ਬਣ ਗਿਆ। ਜਦੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਫ਼ੌਜ ਤਿਆਰ ਕੀਤੀ ਤਾਂ ਭਾਈ ਬਿਧੀ ਚੰਦ ਆਪਣੇ ਨਾਲ ੫੨ ਨੌਜਵਾਨਾਂ ਅਤੇ ਦੋ ਢਾਡੀਆਂ ਨੂੰ ਲੈ ਕੇ ਸ੍ਰੀ ਅੰਮ੍ਰਿਤਸਰ ਪਹੁੰਚੇ ਸੀ। "[੨] ਜਦੋਂ ਗੁਰੂ ਜੀ ਨੇ ਆਪਣੀ ਫ਼ੌਜ ਨੂੰ ਪੰਜਾਂ ਜਥਿਆਂ ਵਿਚ ਵੰਡਿਆ ਤਾਂ ਇਕ ਜਥੇ ਦਾ ਜਥੇਦਾਰ ਭਾਈ ਬਿਧੀ ਚੰਦ ਜੀ ਨੂੰ ਬਣਾਇਆ ਗਿਆ ਸੀ। ਇਕ ਵਾਰ ਕਾਬੁਲ ਦਾ ਇਕ ਸਿੱਖ ਕਰੋੜੀ ਮੱਲ ਗੁਰੂ ਜੀ ਨੂੰ ਭੇਟ ਕਰਨ ਲਈ ਦੋ ਘੋੜੇ ਲੈ ਕੇ ਆ ਰਿਹਾ ਸੀ ਤਾਂ ਰਸਤੇ ਵਿਚ ਲਾਹੌਰ ਦੇ ਹਾਕਮ ਅਲਾਇਤੁੱਲਾ ਨੇ ਉਹ ਘੋੜੇ ਖੋਹ ਲਏ। ਗੁਰੂ ਜੀ ਨੇ ਭਾਈ ਬਿਧੀ ਚੰਦ ਜੀ ਨੂੰ ਘੋੜੇ ਰਿਹਾਅ ਕਰਵਾਉਣ ਭੇਜਿਆ ਸੀ। ਇਹ ਘੋੜੇ ਇਕ ਵਾਰ ਘਾਹੀ ਦਾ ਰੂਪ ਧਾਰ ਕੇ ਅਤੇ ਦੂਜੀ ਵਾਰ ਨਜ਼ੂਮੀ ਦਾ ਰੂਪ ਧਾਰ ਕੇ ਭਾਈ ਬਿਧੀ ਚੰਦ ਜੀ ਨੇ ਲਿਆਂਦੇ ਸਨ। ਗੁਰੂ ਜੀ ਨੇ ਪ੍ਰਸੰਨ ਹੋ ਕੇ ਕਿਹਾ ਸੀ- *ਬਿਧੀ ਚੰਦ ਛੀਨਾ, ਗੁਰੂ ਕਾ ਸੀਨਾ, ਪਰੇਮ ਭਗਤਿ ਲੀਲਾ, ਕਦੇ ਕਮੀ ਨਾਹ।*[੩] ਸਾਂਈ ਬੁੱਢਣ ਸ਼ਾਹ ਦਾ ਇਕ ਚੇਲਾ ਸੁੰਦਰ ਸ਼ਾਹ, ਜੋ ਦੇਉਨਗਰ (ਉੱਤਰ ਪ੍ਰਦੇਸ਼) ਦਾ ਸੀ, ਭਾਈ ਬਿਧੀ ਚੰਦ ਜੀ ਦਾ ਦੋਸਤ ਬਣ ਗਿਆ। ਦੋਹਾਂ ਨੇ ਦੇਉਨਗਰ ਜਾ ਕੇ ਰਹਿਣਾ ਸ਼ੁਰੂ ਕਰ ਦਿੱਤਾ। ਇੱਥੇ ਭਾਈ ਬਿਧੀ ਚੰਦ ਜੀ ਸਿੱਖ ਧਰਮ ਦਾ ਪ੍ਰਚਾਰ ਕਰਦੇ ਰਹੇ। ਦੇਉਨਗਰ ਵਿਚ ਹੀ ਭਾਈ ਬਿਧੀ ਚੰਦ ਜੀ ੩੧ ਅਗਸਤ, ੧੬੩੮ ਈ. ਨੂੰ ਚੜ੍ਹਾਈ ਕਰ ਗਏ। ਗੁਰੂ ਸਾਹਿਬ ਜੀ ਦੇ ਅਨਿੰਨ ਸਿੱਖ ਭਾਈ ਬਿਧੀ ਚੰਦ ਜੀ ਸ਼ਸਤਰ ਤੇ ਸ਼ਾਸਤਰ ਦੇ ਧਾਰਨੀ ਸਨ।

ਹਵਾਲੇ :

੧. ਗਿ. ਨਿਸ਼ਾਨ ਸਿੰਘ ਗੰਡੀਵਿੰਡ, *ਬਹਾਦਰ ਬਾਬਾ ਬਿਧੀ ਚੰਦ ਜੀ*, ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, ੨੦੧੫, ਪੰਨਾ ੧੭.

੨. ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵ ਕੋਸ਼*, ਗ੍ਰੇਸ਼ੀਅਸ ਬੁਕਸ, ਪਟਿਆਲਾ, ੨੦੧੪, ਪੰਨਾ ੧੪੪੭.

੩. ਉਹੀ।

ਭੱਟ ਕੀਰਤ ਜੀ

(੧੫ ਅਪ੍ਰੈਲ ਨੂੰ ਜੰਗ ਵਿਚ ਜੂਝੇ)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਕਿਤ ਭੱਟਾਂ ਦੇ ੧੨੩ ਸਵੱਈਆਂ ਵਿੱਚੋਂ ੮ ਸਵੱਈਏ ਭੱਟ ਕੀਰਤ ਜੀ ਦੇ ਉਚਾਰਨ ਕੀਤੇ ਹੋਏ ਹਨ। ਇਨ੍ਹਾਂ ਅੱਠਾਂ ਸਵੱਈਆਂ ਵਿੱਚੋਂ ਚਾਰਾਂ ਵਿਚ, ਭੱਟ ਕੀਰਤ ਜੀ ਨੇ ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦੀ ਸਿਫ਼ਤ ਸਾਲਾਹ ਕੀਤੀ ਹੈ ਅਤੇ ਚਾਰਾਂ ਸਵੱਈਆਂ ਵਿਚ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੇ ਗੁਣ ਗਾਇਣ ਕੀਤੇ ਹਨ। ਭੱਟ ਭਿਖਾ ਦੇ ਕੋੜਮੇ ਵਾਲੇ ਭੱਟ ਨਾਮਵਰ ਵਿਦਵਾਨ ਸਨ ਅਤੇ ਉਹ ਪੂਰੇ ਸਤਿਗੁਰੂ ਦੀ ਭਾਲ ਵਿਚ ਪੂਰਾ ਸਾਲ ਡੇਰਿਆਂ, ਸੰਪਰਦਾਵਾਂ, ਵਿੱਦਿਅਕ ਕੇਂਦਰਾਂ ਅਤੇ ਤੀਰਥਾਂ 'ਤੇ ਭਟਕਦੇ ਸਨ। ਉਨ੍ਹਾਂ ਭੱਟਾਂ ਦੇ

ਅੰਤਰ-ਆਤਮੇ ਦੀ ਇਹ ਭਟਕਣਾ ਉਦੋਂ ਸ਼ਾਂਤ ਹੋਈ ਜਦੋਂ ਉਹ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿਚ ਆਏ।[੧] ਭਾਈ ਕੀਰਤ ਭੱਟ ਭਾਈ ਭਿਖਾ ਭੱਟ ਦੇ ਸਪੁੱਤਰ, ਭਾਈ ਰਈਆ ਦੇ ਪੋਤੇ ਅਤੇ ਭਾਈ ਨਰਸੀ ਦੇ ਪੜਪੋਤੇ ਸਨ। ਆਪ ਕੌਸ਼ਿਸ਼-ਗੌੜ ਬ੍ਰਾਹਮਣ ਪਰਵਾਰ ਨਾਲ ਸੰਬੰਧ ਰਖਦੇ ਸਨ। ਆਪ ਉਨ੍ਹੀਂ ਦਿਨੀਂ ਸੁਲਤਾਨਪੁਰ ਲੋਧੀ ਦੇ ਵਾਸੀ ਸਨ। ਜਦੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਫੌਜ ਬਣਾਈ ਤਾਂ ਆਪ ਨੇ ਵੀ ਫ਼ੌਜੀ ਸਿਖਲਾਈ ਹਾਸਲ ਕੀਤੀ। ੧੫ ਅਪ੍ਰੈਲ, ੧੬੩੪ ਈ. ਦੇ ਦਿਨ ਜਿਸ ਵੇਲੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਆਪਣੀ ਬੇਟੀ ਬੀਬੀ ਵੀਰੋ ਦੇ ਵਿਆਹ ਦੀਆਂ ਤਿਆਰੀਆਂ ਵਿਚ ਰੁੱਝੇ ਹੋਏ ਸਨ, ਤਾਂ ਮੁਰਤਜਾ ਖ਼ਾਨ ਨੇ ਗੁਰੂ ਦਾ ਚੱਕ (ਸ੍ਰੀ ਅੰਮ੍ਰਿਤਸਰ) 'ਤੇ ਹਮਲਾ ਕਰ ਦਿੱਤਾ। ਇਸ ਮੌਕੇ ਭਾਈ ਕੀਰਤ ਭੱਟ ਜੀ ਵੀ ਦਿਲੋ-ਜਾਨ ਜੂਝ ਕੇ ਲੜੇ ਅਤੇ ਕਈ ਮੁਗ਼ਲ ਫ਼ੌਜੀਆਂ ਨੂੰ ਮੌਤ ਦੇ ਘਾਟ ਉਤਾਰਿਆ। ਇਸ ਜੰਗ ਵਿਚ ਭੱਟ ਕੀਰਤ ਜੀ ਵੀ ਸ਼ਹੀਦ ਹੋ ਗਏ ਸਨ। ਭੱਟ ਕੀਰਤ ਜੀ ਦਾ ਸ੍ਰੀ ਗੁਰੂ ਰਾਮਦਾਸ ਜੀ ਦੀ ਉਸਤਤਿ ਵਿਚ ਉਚਾਰਨ ਕੀਤਾ ਗਿਆ ਇਕ ਸਵੱਈਆ ਇਸ ਤਰ੍ਹਾਂ ਹੈ:

ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ॥
ਮਾਯਾ ਮੋਹ ਭਰਮ ਪੈ ਭੂਲੇ ਸੁਤ ਦਾਰਾ ਸਿਉ ਪ੍ਰੀਤਿ ਲਗਾਈ॥
ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ॥
ਇਕ ਅਰਦਾਸਿ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੪੦੬)

ਭੱਟ ਵਹੀਆਂ ਵਿਚ ਭੱਟ ਕੀਰਤ ਜੀ ਦੀ ਸ਼ਹੀਦੀ ਦਾ ਹਵਾਲਾ ਇੰਝ ਮਿਲਦਾ ਹੈ:

"ਗੈਲੋਂ ਕੀਰਤ ਬੇਟਾ ਭਿਖੇ ਕਾ ਪੋਤਾ ਰਈਏ ਕਾ, ਪੜਪੋਤਾ ਨਰਸੀ ਕਾ, ਕੌਸ਼ਿਸ਼ ਗੋਤ੍ਰ ਬ੍ਰਾਹਮਣ ਮਾਰਾ ਗਿਆ।" (ਭੱਟ ਵਹੀ ਮੁਲਤਾਨੀ ਸਿੰਧੀ)

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰ ਇਸ ਸ਼ਹੀਦ ਭੱਟ ਬਾਰੇ ਪਾਠਕ ਜਨ ਬਹੁਤ ਘੱਟ ਜਾਣਕਾਰੀ ਰੱਖਦੇ ਹਨ।

ਹਵਾਲੇ :

੧. ਰਣਜੀਤ ਸਿੰਘ ਰਾਣਾ, *ਹਜ਼ੂਰੀ ਸ਼ਹੀਦ*, ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, ੨੦੧੫, ਪੰਨਾ ੧੨.

ਭਾਈ ਬੱਲੂ ਜੀ

(੧੩ ਅਪ੍ਰੈਲ ਜੰਗ ਵਿਚ ਜੂਝੇ)

ਭਾਈ ਬੱਲੂ ਜੀ ਭਾਈ ਮੂਲਾ ਦੇ ਪੁੱਤਰ ਤੇ ਭਾਈ ਰਾਉ ਦੇ ਪੋਤਰੇ ਸਨ। ਆਪ ਭਾਈ ਮਨੀ ਸਿੰਘ ਜੀ ਦੇ ਦਾਦਾ ਸਨ। ਆਪ ਰਾਜਪੂਤਾਂ ਦੇ ਪਰਮਾਰ ਖ਼ਾਨਦਾਨ ਨਾਲ ਸੰਬੰਧ ਰੱਖਦੇ ਸਨ। ਇਨ੍ਹਾਂ ਦਾ ਪਿਛੋਕੜ ਹਿਮਾਚਲ ਦੀ ਰਿਆਸਤ ਨਾਹਨ ਨਾਲ

ਸੀ। ਸੋਲ੍ਹਵੀਂ ਸਦੀ ਵਿਚ ਨਾਹਨ ਤੋਂ ਮੁਲਤਾਨ ਚਲੇ ਗਏ ਤੇ ਇੱਥੋਂ ਦੇ ਇਕ ਪਿੰਡ ਅਲੀਪੁਰ ਜ਼ਿਲ੍ਹਾ ਮੁਜੱਫਰਗੜ੍ਹ (ਹੁਣ ਪਾਕਿਸਤਾਨ) ਵਿਚ ਰਹਿਣ ਲੱਗ ਪਏ। ਭਾਈ ਮੂਲਾ ਜੀ ਗੁਰੂ-ਘਰ ਦੇ ਸ਼ਰਧਾਲੂ ਸਨ। ਭਾਈ ਮੂਲਾ ਦੇ ੧੪ ਪੁੱਤਰ ਸਨ ਜਿਨ੍ਹਾਂ ਵਿੱਚੋਂ ਭਾਈ ਬੱਲੂ ਸਭ ਤੋਂ ਵੱਡੇ ਸਨ। ਜਦੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਫ਼ੌਜ ਤਿਆਰ ਕੀਤੀ ਤਾਂ ਭਾਈ ਬੱਲੂ ਜੀ ਵੀ ਇਸ ਫ਼ੌਜ ਵਿਚ ਸ਼ਾਮਲ ਹੋ ਗਏ। ਅਕਤੂਬਰ ੧੬੧੯ ਈ. ਵਿਚ ਜਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਗਵਾਲੀਅਰ ਦੇ ਕਿਲ੍ਹੇ ਵਿੱਚੋਂ ਰਿਹਾਅ ਹੋ ਕੇ ਗੋਇੰਦਵਾਲ ਸਾਹਿਬ ਪਹੁੰਚੇ ਤਾਂ ਭਾਈ ਬੱਲੂ ਜੀ ਵੀ ਗੁਰੂ ਜੀ ਨੂੰ ਮਿਲਣ ਲਈ ਗੋਇੰਦਵਾਲ ਆਏ ਸਨ। ਜਦੋਂ ਕਲਾਨੌਰ ਵਿਖੇ ੨੮ ਜਨਵਰੀ, ੧੬੨੦ ਈ. ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤੇ ਜਹਾਂਗੀਰ ਦੀ ਮੁਲਾਕਾਤ ਹੋਈ ਤਾਂ ਭਾਈ ਬੱਲੂ ਉਸ ਸਮੇਂ ਗੁਰੂ ਜੀ ਨਾਲ ਹੀ ਸੀ। ੧੩ ਅਪ੍ਰੈਲ, ੧੬੩੪ ਈ. ਦੇ ਦਿਨ ਜਦੋਂ ਮੁਰਤਜ਼ਾ ਖਾਨ ਨੇ ਅੰਮ੍ਰਿਤਸਰ ਵਿਖੇ ਚੜ੍ਹਾਈ ਕੀਤੀ ਤਾਂ ਭਾਈ ਬੱਲੂ ਜੀ ਨੇ ਡਟ ਕੇ ਮੁਗ਼ਲਾਂ ਦਾ ਮੁਕਾਬਲਾ ਕੀਤਾ ਸੀ। ਭਾਈ ਬੱਲੂ ਜੀ ਨੇ ਇਸ ਜੰਗ ਵਿਚ ਮੁਗ਼ਲ ਜਰਨੈਲਾਂ ਦਾਦੂ, ਜਲ੍ਹਾ ਅਤੇ ਮੁਰਤਜ਼ਾ ਖ਼ਾਨ ਨੂੰ ਆਪਣੇ ਹੱਥੀਂ ਆਹਮੋ-ਸਾਹਮਣੇ ਲੜਾਈ ਵਿਚ ਮਾਰਿਆ ਸੀ। ਭੱਟ ਵਹੀਆਂ ਵਿਚ ਭਾਈ ਬੱਲੂ ਦੀ ਸ਼ਹੀਦੀ ਦਾ ਜ਼ਿਕਰ ਇਸ ਤਰ੍ਹਾਂ ਮਿਲਦਾ ਹੈ:

"ਬੱਲੂ ਬੇਟਾ ਮੂਲੇ ਕਾ ਪੋਤਾ ਰਾਉ ਕਾ, ਪੜਪੋਤਾ ਚਾਹੜ ਕਾ ਚੰਦ੍ਰਬੰਸੀ ਭਾਰਦਵਾਜੀ ਗੋਤਰ ਪੁਆਰ ਬੰਸ, ਬੀਝਾਂ ਕਾ ਬੰਝਰਉਤ ਰਦਉਂਤ ਜਲ੍ਹਾਨਾਂ। ਸਾਲ ਸੋਲਾਂ ਸੈ ਇਕਾਨਮੇ ਬੈਸਾਖ ਪ੍ਰਵਿਸ਼ਟੇ ਸਤਾਰਾਂ ਸੋਮਵਾਰ ਦੇ ਦਿਹੁੰ ਗੁਰੂ ਚੱਕ ਕੇ ਮਲ੍ਹਾਨ ਪਰਗਣਾ ਨਿਝਰਆਲਾ ਗੁਰੂ ਕਾ ਬਚਨ ਪਾਇ ਸਾਹਵੇਂ ਮਾਥੇ ਰਣ ਮੇਂ ਮੁਰਤਜ਼ਾ ਖਾਨ ਕੋ ਮਾਰ ਕੇ ਮਰਾ।"[੧]

ਭਾਈ ਬੱਲੂ ਜੀ ਦੀ ਸ਼ਹੀਦੀ ਵੇਲੇ ੭੪ ਸਾਲ ਦੀ ਉਮਰ ਸੀ। ਆਪ ਦੇ ਖ਼ਾਨਦਾਨ ਵਿੱਚੋਂ ਕੋਈ ੫੭ ਤੋਂ ਉੱਪਰ ਯੋਧਿਆਂ ਨੇ ਗੁਰੂ-ਘਰ ਲਈ ਵੱਖ-ਵੱਖ ਸਮੇਂ ਸ਼ਹਾਦਤਾਂ ਪਾਈਆਂ ਹਨ।

ਹਵਾਲੇ :

੧. ਸ੍ਵਰੂਪ ਸਿੰਘ ਕੌਸ਼ਿਸ਼, (ਸੰਪਾ.) ਪਿਆਰਾ ਸਿੰਘ ਪਦਮ, ਗੁਰੂ ਕੀਆਂ ਸਾਖੀਆਂ, ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ, ੨੦੦੮, ਪੰਨਾ ੧੯.

ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ

(੦੯ ਅਪ੍ਰੈਲ ਨੂੰ ਜਨਮ ਦਿਹਾੜੇ 'ਤੇ ਵਿਸ਼ੇਸ਼)

ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਦਾ ਜਨਮ ੧੬੯੦ ਈ. ਵਿਚ ਮਾਤਾ ਜੀਤ ਕੌਰ ਦੀ ਕੁੱਖੋਂ ਸ੍ਰੀ ਅਨੰਦਪੁਰ ਸਾਹਿਬ ਵਿਚ ਹੋਇਆ। ਸਾਹਿਬਜ਼ਾਦਾ ਜੁਝਾਰ ਸਿੰਘ ਜੀ ਨੂੰ ਬਹੁਤ ਸਾਰੀ ਬਾਣੀ ਕੰਠ ਸੀ। ਇਸ ਤੋਂ ਇਲਾਵਾ ਉਹ ਘੋੜ-ਸਵਾਰੀ,

ਤਲਵਾਰਬਾਜ਼ੀ ਵਿਚ ਵੀ ਬੜੇ ਮਾਹਿਰ ਸਨ। ੫-੬ ਦਸੰਬਰ ਦੀ ਰਾਤ ਨੂੰ ਜਦ ਅਨੰਦਪੁਰ ਸਾਹਿਬ ਛੱਡਿਆ ਤਾਂ ਆਪ ਗੁਰੂ ਜੀ ਨਾਲ ਹੀ ਚਮਕੌਰ ਸਾਹਿਬ ਵਿਖੇ ਪਹੁੰਚੇ ਸਨ। ਇੱਥੇ ਹੀ ੭ ਦਸੰਬਰ ਨੂੰ ਘੇਰਾ ਪੈ ਗਿਆ ਸੀ। ਸਾਹਿਬਜ਼ਾਦਾ ਜੁਝਾਰ ਸਿੰਘ ਗੜ੍ਹੀ ਤੋਂ ਬਾਹਰ ਨਿਕਲ ਕੇ ਬਹੁਤ ਸਾਰੇ ਮੁਗ਼ਲ ਤੇ ਪਹਾੜੀ ਸਿਪਾਹੀਆਂ ਨੂੰ ਮਾਰਦੇ ਹੋਏ ਸ਼ਹੀਦ ਹੋਏ ਸਨ। ਭੱਟ ਵਹੀਆਂ ਅਨੁਸਾਰ:

'ਜੁਝਾਰ ਸਿੰਘ ਬੇਟਾ ਗੁਰੂ ਗੋਬਿੰਦ ਸਿੰਘ ਜੀ, ਮਹਲ ਦਸਮੇਂ ਕਾ... ਸੰਮਤ ਸਤਰਾਂ ਸੈ ਬਾਸਠ, ਪੋਖ ਮਾਸੇ ਸੁਦੀ ਤੀਜ, ਵੀਰਵਾਰ ਦਿੰਹੁ ਮੁਕਾਮ ਚਮਕੌਰ, ਪਰਗਣਾ ਰੋਪੜ, ਤੁਰਕ ਫ਼ੌਜ ਗੈਲ, ਸਾਮ੍ਹੇ ਮਾਥੇ ਜੁਝ ਕੇ ਸ਼ਹਾਦਤਾਂ ਪਾਇ ਗਏ।"

ਸਾਹਿਬਜ਼ਾਦਾ ਜੁਝਾਰ ਸਿੰਘ ਜੀ ਸ਼ਹੀਦੀ ਪਾਉਣ ਸਮੇਂ ੧੪ ਸਾਲ ਦੀ ਉਮਰ ਦੇ ਸਨ।

ਸਰਦਾਰ **ਜੱਸਾ ਸਿੰਘ ਰਾਮਗੜ੍ਹੀਆ**

(ਅਪ੍ਰੈਲ ਮਹੀਨੇ ਅਕਾਲ ਚਲਾਣੇ 'ਤੇ)

੧੭੨੩ ਈ. ਵਿਚ ਪਿੰਡ ਈਚੋਗਿੱਲ ਵਿਖੇ ਬੀਬੀ ਗੰਗੋ ਦੀ ਕੁੱਖੋਂ ਗਿ. ਭਗਵਾਨ ਸਿੰਘ ਦੇ ਘਰ ਇਕ ਬੱਚੇ ਨੇ ਜਨਮ ਲਿਆ ਜਿਸ ਦਾ ਨਾਮ ਜੱਸਾ ਸਿੰਘ ਰੱਖਿਆ ਗਿਆ।[੧] ਜੱਸਾ ਸਿੰਘ ਦਾ ਪਿਤਾ ਭਗਵਾਨ ਸਿੰਘ ਵਜ਼ੀਰਾਬਾਦ ਵਿਖੇ ਨਾਦਰ ਸ਼ਾਹ ਦੀਆਂ ਫ਼ੌਜਾਂ ਵਿਰੁੱਧ ਲੜਦਾ ਹੋਇਆ ਸ਼ਹੀਦ ਹੋ ਗਿਆ ਸੀ।[੨] ਛੋਟੇ ਘੱਲੂਘਾਰੇ ਸਮੇਂ ਜੱਸਾ ਸਿੰਘ ਸਖ਼ਤ ਜ਼ਖ਼ਮੀ ਹੋ ਗਿਆ ਸੀ। ਇਸ ਦੀ ਇਕ ਲੱਤ ਵਿਚ ਗੋਲੀ ਲੱਗੀ ਸੀ। ਛੋਟੇ ਘੱਲੂਘਾਰੇ ਤੋਂ ਬਾਅਦ ਜੱਸਾ ਸਿੰਘ ਨੇ ਸ੍ਰੀ ਅੰਮ੍ਰਿਤਸਰ ਵਿਖੇ ਰਾਮਗੜ੍ਹ ਨਾਂ ਦਾ ਕਿਲ੍ਹਾ ਬਣਾਇਆ ਜਿਸ ਤੋਂ ਇਸ ਦਾ ਨਾਮ ਰਾਮਗੜ੍ਹੀਆ ਪੈ ਗਿਆ।

ਵੱਡੇ ਘੱਲੂਘਾਰੇ ਤੋਂ ਬਾਅਦ ਜੱਸਾ ਸਿੰਘ ਸ੍ਰੀ ਅੰਮ੍ਰਿਤਸਰ ਹੀ ਰਹਿਣ ਲੱਗ ਪਿਆ। ੧੭੬੪ ਈ. ਵਿਚ ਜਦੋਂ ਸਿੰਘਾਂ ਸਰਹੰਦ ਲੁੱਟੀ ਉਸ ਵਿਚ ਜੱਸਾ ਸਿੰਘ ਵੀ ਸ਼ਾਮਲ ਸੀ। ੧੭੬੭ ਈ. ਵਿਚ ਜੱਸਾ ਸਿੰਘ ਰਾਮਗੜ੍ਹੀਆ ਨੇ ਬਟਾਲਾ, ਸ਼ਾਹਪੁਰ ਕੰਢੀ, ਗੁਰਦਾਸਪੁਰ, ਦੀਨਾਨਗਰ, ਕਲਾਨੌਰ, ਕਾਦੀਆਂ, ਘੁਮਾਣ ਤੇ ਸ੍ਰੀ ਹਰਿਗੋਬਿੰਦਪੁਰ ਨੂੰ ਆਪਣੇ ਕਬਜ਼ੇ ਹੇਠ ਕਰਕੇ ਸ੍ਰੀ ਹਰਿਗੋਬਿੰਦਪੁਰ ਨੂੰ ਰਾਮਗੜ੍ਹੀਆ ਮਿਸਲ ਦੀ ਰਾਜਧਾਨੀ ਬਣਾਇਆ।[੩] ਮਾਰਚ ੧੭੮੩ ਈ. ਵਿਚ ਸਾਰੇ ਮਿਸਲਦਾਰਾਂ ਨੇ ਲਾਲ ਕਿਲ੍ਹਾ ਦਿੱਲੀ ਵਿਖੇ ਕਬਜ਼ਾ ਕਰ ਲਿਆ ਤਾਂ ਜਿਸ ਸਿੱਲ 'ਤੇ ਬੈਠ ਕੇ ਬਾਦਸ਼ਾਹ ਦੀ ਤਾਜਪੋਸ਼ੀ ਹੁੰਦੀ ਸੀ, ਉਹ ਸਿੱਲ ਜੱਸਾ ਸਿੰਘ ਉਖਾੜ ਲਿਆਇਆ। ਇਹ ਸਿੱਲ ਸ੍ਰੀ ਅੰਮ੍ਰਿਤਸਰ ਵਿਖੇ ਸ੍ਰੀ ਦਰਬਾਰ ਸਾਹਿਬ ਦੇ ਪਰਿਸਰ ਅੰਦਰ ਰਾਮਗੜ੍ਹੀਆ ਬੁੰਗੇ ਵਿਚ ਅੱਜ ਵੀ ਪਈ ਵੇਖੀ ਜਾ ਸਕਦੀ ਹੈ।[੪]

ਆਪਣੀ ਆਖ਼ਰੀ ਉਮਰ ਵਿਚ ਸਰਦਾਰ ਜੱਸਾ ਸਿੰਘ ਰਾਮਗੜ੍ਹੀਆਸ੍ਰੀ ਹਰਿਗੋਬਿੰਦਪੁਰ

ਵਿਖੇ ਠਹਿਰਿਆ। ਆਖਿਰ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ੨੦ ਅਪ੍ਰੈਲ ੧੮੦੩ ਈ. ਨੂੰ ਇਸ ਸੰਸਾਰ ਤੋਂ ਹਮੇਸ਼ਾ-ਹਮੇਸ਼ਾ ਲਈ ਕੂਚ ਕਰ ਗਿਆ।[੫]

ਇਸ ਤਰ੍ਹਾਂ ਇਹ ਸੂਰਬੀਰ ਸਿੱਖ ਕੌਮ ਲਈ ਅਨੇਕ ਘਾਲਣਾਵਾਂ ਘਾਲਦਾ ਹੋਇਆ ਸਿੱਖ ਰਾਜ ਸਥਾਪਿਤ ਕਰਨ ਵਿਚ ਆਪਣਾ ਯੋਗਦਾਨ ਪਾਉਂਦਾ ਰਿਹਾ।

ਹਵਾਲੇ :

੧. ਸ. ਤਰਸੇਮ ਸਿੰਘ, *ਜੱਸਾ ਸਿੰਘ ਰਾਮਗੜ੍ਹੀਆ*, ਭਾ. ਚਤਰ ਸਿੰਘ ਜੀਵਨ ਸਿੰਘ, ਸ੍ਰੀ ਅੰਮ੍ਰਿਤਸਰ, ੨੦੧੦, ੨੫.

੨. ਉਹੀ, ਪੰਨਾ ੪੭.

੩. ਉਹੀ, ਪੰਨੇ ੧੩੧-੧੩੨.

੪. ਉਹੀ, ਪੰਨਾ ੧੪੧.

੫. ਉਹੀ, ਪੰਨਾ ੧੬੧.

ਸਰਦਾਰ ਹਰੀ ਸਿੰਘ ਨਲਵਾ

(੩੦ ਅਪ੍ਰੈਲ, ਸ਼ਹੀਦੀ)

ਜਰਨੈਲ ਹਰੀ ਸਿੰਘ ਨਲਵਾ ਸਿੱਖੀ ਤੇ ਸਿੱਖ ਰਾਜ ਦਾ ਗੌਰਵ ਹੈ। ਸ. ਹਰੀ ਸਿੰਘ ਦਾ ਜਨਮ ਪਿਤਾ ਸ. ਗੁਰਦਿਆਲ ਸਿੰਘ ਤੇ ਮਾਤਾ ਧਰਮ ਕੌਰ ਦੇ ਗ੍ਰਹਿ ਜ਼ਿਲ੍ਹਾ ਗੁਜਰਾਂਵਾਲਾ (ਹੁਣ ਪਾਕਿਸਤਾਨ) ਦੇ ਸਥਾਨ ਤੇ ੧੭੯੧ ਈ. ਨੂੰ ਹੋਇਆ ਸੀ।[੧] ਇਸ ਦਾ ਦਾਦਾ ਹਰਦਾਸ ਸਿੰਘ ਅਹਿਮਦ ਸ਼ਾਹ ਦੁਰਾਨੀ ਨਾਲ ਲੜਦਾ ਹੋਇਆ ੧੭੬੨ ਈ. ਵਿਚ ਸ਼ਹੀਦ ਹੋਇਆ ਸੀ। ਇਸ ਦੇ ਪਿਤਾ ਨੇ ਸ਼ੁਕਰਚੱਕੀਆ ਮਿਸਲ ਦੀਆਂ ਕਈ ਮੁਹਿੰਮਾਂ ਵਿਚ ਹਿੱਸਾ ਲਿਆ ਸੀ। ਸੱਤ ਸਾਲ ਦੀ ਉਮਰ ਵਿਚ ਪਿਤਾ ਦਾ ਸਾਇਆ ਸਿਰ ਤੋਂ ਉਠ ਗਿਆ ਅਤੇ ਮਾਮੇ ਕੋਲ ਰਹਿ ਕੇ ਬਚਪਨ ਬਿਤਾਇਆ।[੨] ਪੰਜਾਬੀ ਤੇ ਫ਼ਾਰਸੀ ਤੋਂ ਇਲਾਵਾ ਸ਼ਸਤਰ ਵਿੱਦਿਆ ਵਿਚ ਨਿਪੁੰਨ ਬਣਿਆ। ਪਰੰਪਰਾ ਅਨੁਸਾਰ ੧੮੦੫ ਈ. ਬਸੰਤ ਦੇ ਮੇਲੇ ਉਤੇ ਸ. ਹਰੀ ਸਿੰਘ ਨਲਵਾ ਨੇ ਤੇਗ ਤੇ ਘੋੜ-ਸਵਾਰੀ ਦੇ ਅਜਿਹੇ ਜੌਹਰ ਵਿਖਾਏ ਕਿ ਮਹਾਰਾਜਾ ਰਣਜੀਤ ਸਿੰਘ ਨੇ ਸਿੱਖ ਸੈਨਾ ਵਿਚ ਚੋਣ ਕਰ ਲਈ।[੩] ਇਕ ਵਾਰ ਮਹਾਰਾਜੇ ਨਾਲ ਸ਼ਿਕਾਰ ਤੇ ਗਏ ਹਰੀ ਸਿੰਘ ਨੇ ਸ਼ੇਰ ਦਾ ਸ਼ਿਕਾਰ ਕੀਤਾ। ਇਸ ਦੀ ਬਹਾਦਰੀ ਵੇਖ ਕੇ ਮਹਾਰਾਜਾ ਰਣਜੀਤ ਸਿੰਘ ਨੇ ਹਰੀ ਸਿੰਘ ਨੂੰ 'ਨਲ' ਖ਼ਿਤਾਬ ਦਿੱਤਾ ਕਿਉਂਕਿ ਰਾਜਾ ਨਲ ਵੀ ਅਜਿਹੀ ਬਹਾਦਰੀ ਨਾਲ ਸ਼ੇਰ ਦਾ ਸ਼ਿਕਾਰ ਕਰਦਾ ਹੁੰਦਾ ਸੀ।[੪]

ਹਰੀ ਸਿੰਘ ਨਲਵਾ ਨੇ ੧੮੦੭ ਈ. ਵਿਚ ਕਸੂਰ ਦੀ ਜੰਗ, ੧੮੧੦ ਈ. ਵਿਚ ਸਿਆਲਕੋਟ ਦੀ ਜੰਗ, ਮੁਲਤਾਨ ਦੀ ਮੁਹਿੰਮ, ੧੮੧੩ ਈ. ਵਿਚ ਹਜ਼ਰੋ ਵਿਚ ਪਠਾਣਾਂ ਨਾਲ ਯੁੱਧ, ੧੮੧੫ ਈ. ਵਿਚ ਕਸ਼ਮੀਰ ਦਾ ਇਲਾਕਾ ਜਿੱਤਿਆ। ਇਕ ਸਾਲ ਬਾਅਦ ਕਸ਼ਮੀਰ ਦੇ ਗਵਰਨਰ ਹਰੀ ਸਿੰਘ ਨਲਵਾ ਬਣੇ। ੧੮੨੧ ਈ. ਵਿਚ ਹਜ਼ਰੋ ਦੇ ਇਲਾਕੇ ਦੇ ਗਵਰਨਰ ਬਣੇ। ੧੮੩੪ ਈ. ਵਿਚ ਪਿਸ਼ਾਵਰ ਨੂੰ ਜਿੱਤ ਕੇ ਉੱਥੇ ਸਿੱਖ ਰਾਜ ਕਾਇਮ ਕੀਤਾ।

੧੮੩੭ ਈ. ਵਿਚ ਦੋਸਤ ਮੁਹੰਮਦ ਖਾਨ ਨੇ ਸਿੱਖਾਂ ਵਿਰੁੱਧ ਜਿਹਾਦ ਖੜ੍ਹਾ ਕਰਦਿੱਤਾ

ਅਤੇ ਜਮਰੌਦ ਕਿਲ੍ਹੇ 'ਤੇ ਹਮਲਾ ਕਰ ਦਿੱਤਾ। ਇਸ ਹਮਲੇ ਦੀ ਅਗਵਾਈ ਉਸ ਦਾ ਲੜਕਾ ਅਕਬਰ ਖਾਨ ਕਰ ਰਿਹਾ ਸੀ। ਹਰੀ ਸਿੰਘ ਨਲਵਾ ਕੋਲ ਜਮਰੌਦ ਦੇ ਕਿਲ੍ਹੇ ਦੀ ਕਮਾਨ ਸੀ। ਹਰੀ ਸਿੰਘ ਨਲਵਾ ਨੇ ਅਕਬਰ ਖਾਨ ਨੂੰ ਹਰਾ ਕੇ ਉਸ ਦੀਆਂ ੧੪ ਤੋਪਾਂ ਖੋਹ ਲਈਆਂ। ਉਨ੍ਹਾਂ ਦਾ ਪਿੱਛਾ ਕਰਦੇ ਸਮੇਂ ਇਕ ਗੁਫਾ ਵਿਚ ਲੁਕੇ ਕੁਝ ਪਠਾਣਾਂ ਨੇ ਗੋਲੀਆਂ ਦਾਗੀਆਂ। ਇਕ ਗੋਲੀ ਹਰੀ ਸਿੰਘ ਨਲਵਾ ਦੀ ਛਾਤੀ ਤੇ ਦੂਜੀ ਗੋਲੀ ਵੱਖੀ ਵਿਚ ਵੱਜੀ। ਸਰਦਾਰ ਹਰੀ ਸਿੰਘ ਜ਼ਖ਼ਮੀ ਹਾਲਤ ਵਿਚ ਵਾਪਸ ਜਮਰੌਦ ਦੇ ਕਿਲ੍ਹੇ ਵਿਚ ਆ ਗਿਆ ਜਿੱਥੇ ੩੦ ਅਪ੍ਰੈਲ, ੧੮੩੭ ਈ. ਵਾਲੇ ਦਿਨ ਹਰੀ ਸਿੰਘ ਨਲਵਾ ਚੜ੍ਹਾਈ ਕਰ ਗਿਆ।[੫]

ਇਸ ਜਰਨੈਲ ਦੀ ਮੌਤ 'ਤੇ ਖ਼ੁਦ ਮਹਾਰਾਜਾ ਰਣਜੀਤ ਸਿੰਘ ਦੀਆਂ ਅੱਖਾਂ ਵਿਚ ਪਾਣੀ ਆ ਗਿਆ ਸੀ ਤੇ ਮਹਾਰਾਜਾ ਨੇ ਕਿਹਾ ਕਿ ਅੱਜ ਸਿੱਖ ਰਾਜ ਦਾ ਇਕ ਥੰਮ ਡਿੱਗ ਪਿਆ ਹੈ।

ਹਵਾਲੇ :

੧. ਜੋਗਿੰਦਰ ਸਿੰਘ, *'ਸਰਦਾਰ ਹਰੀ ਸਿੰਘ ਨਲਵਾ'*, ਪ੍ਰਮੁਖ ਸਿੱਖ ਸ਼ਖ਼ਸੀਅਤਾਂ, ਪੰਨਾ ੧੭੦.

੨. ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵ ਕੋਸ਼,* ਪੰਨਾ ੪੧੯.

੩. ਜੋਗਿੰਦਰ ਸਿੰਘ, *'ਸਰਦਾਰ ਹਰੀ ਸਿੰਘ ਨਲਵਾ'*, ਪ੍ਰਮੁਖ ਸਿੱਖ ਸ਼ਖ਼ਸੀਅਤਾਂ, ਪੰਨਾ ੧੭੨.

੪. ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵ ਕੋਸ਼,* ਪੰਨਾ ੪੧੯.

੫. ਉਹੀ, ਪੰਨਾ ੪੨੦.

ਗਿਆਨੀ ਦਿੱਤ ਸਿੰਘ ਜੀ

(੨੧ ਅਪ੍ਰੈਲ ਨੂੰ ਜਨਮ ਦਿਹਾੜੇ 'ਤੇ)

ਗਿਆਨੀ ਦਿੱਤ ਸਿੰਘ ਦਾ ਜਨਮ ੨੧ ਅਪ੍ਰੈਲ, ੧੮੫੨ ਈ. ਨੂੰ ਨੰਦਪੁਰ ਕਲੌੜ, ਰਿਆਸਤ ਪਟਿਆਲਾ ਵਿਖੇ ਭਾਈ ਦੀਵਾਨ ਸਿੰਘ ਦੇ ਘਰ ਹੋਇਆ।[੧] ਬਚਪਨ ਵਿਚ ਤੀਖਣ ਬੁੱਧੀ ਦੇਖ ਕੇ ਪਿਤਾ ਜੀ ਨੇ ਤਿਉੜ ਪਿੰਡ ਜ਼ਿਲ੍ਹਾ ਅੰਬਾਲਾ ਦੇ ਮਹਾਤਮਾ ਗੁਰਬਖਸ਼ ਸਿੰਘ ਗੁਲਾਬਦਾਸੀ ਕੋਲ ਗੁਰਬਾਣੀ ਅਧਿਐਨ ਲਈ ਭੇਜ ਦਿੱਤਾ। ਆਪ ਇੱਥੇ ਕੋਈ ਛੇ ਸਾਲ ਰਹੇ। ਆਪ ਜੀ ਨੇ ਪੰਜ ਗ੍ਰੰਥੀ, ਬਾਈ ਵਾਰਾਂ, ਭਗਤ ਬਾਣੀ, ਭਾਈ ਗੁਰਦਾਸ ਦੀਆਂ ਵਾਰਾਂ, ਉਰਦੂ, ਪੰਜਾਬੀ, ਪਿੰਗਲ, ਵਿਆਕਰਣ, ਵੇਦਾਂਤ ਅਤੇ ਰਾਜਨੀਤੀ ਦੇ ਗ੍ਰੰਥਾਂ ਦਾ ਅਧਿਐਨ ਕੀਤਾ।[੨]

ਇਨ੍ਹਾਂ ਦਿਨਾਂ ਵਿਚ ਸਿੱਖ ਧਰਮ ਈਸਾਈ ਮਿਸ਼ਨਰੀਆਂ ਦੇ ਪ੍ਰਭਾਵ ਹੇਠ ਅਤੇ ਆਰੀਆ ਸਮਾਜੀ ਦਯਾ ਨੰਦ ਦੇ ਪ੍ਰਭਾਵ ਹੇਠ ਆ ਚੁੱਕਾ ਸੀ। ਗਿ. ਦਿੱਤ ਸਿੰਘ ਦੀ ਭੇਟ ਪ੍ਰੋ. ਗੁਰਮੁਖ ਸਿੰਘ ਜੀ ਨਾਲ ਲਾਹੌਰ ਵਿਖੇ ਹੋਈ। ੧੮੭੩ ਈ. ਵਿਚ 'ਸਿੰਘ ਸਭਾ ਲਹਿਰ' ਬਣੀ। ਇਸ ਲਹਿਰ ਵਿਚ ਆਪ ਜੀ ਸਿਰਕੱਢ ਆਗੂ ਸਨ। ੧੮੮੦ ਈ. ਵਿਚ ਆਪ ਜੀ ਨੇ ਲਾਹੌਰ ਤੋਂ ਗੁਰਮੁਖੀ ਦਾ ਪਹਿਲਾ ਅਖ਼ਬਾਰ 'ਖ਼ਾਲਸਾ ਅਖਬਾਰ' ਕੱਢਿਆ। ਇਸ ਸਮੇਂ ਦੌਰਾਨ ਹੀ ਆਪ ਜੀ ਨੇ ਸਿੱਖ ਧਰਮ 'ਤੇ ਹਮਲੇ ਕਰਨ ਵਾਲੇ ਆਰੀਆ ਸਮਾਜੀ ਸੁਆਮੀ ਦਯਾਨੰਦ ਨੂੰ ਤਿੰਨ ਬਹਿਸਾਂ ਵਿਚ ਹਰਾਇਆ। ਆਪ ਦੀ ਵਿਦਵਤਾ

ਦੀ ਧਾਂਕ ਚਾਰੇ ਪਾਸੇ ਪੈ ਗਈ। ਆਪ ਜੀ ਨੇ ਅਖ਼ਬਾਰ ਰਾਹੀਂ ਸਿੱਖ ਕੌਮ ਨੂੰ ਬਹੁਤ ਜਾਗਰੂਕ ਕੀਤਾ। ਖ਼ਾਲਸਾ ਕਾਲਜ (ਸ੍ਰੀ ਅੰਮ੍ਰਿਤਸਰ) ਦੀ ਤਿਆਰੀ ਵਿਚ ਵੀ ਆਪ ਜੀ ਦਾ ਅਹਿਮ ਯੋਗਦਾਨ ਸੀ। ਗਿਆਨੀ ਦਿੱਤ ਸਿੰਘ ਜੀ ਨੇ ਸਿੱਖ ਧਰਮ ਲਈ ਕੋਈ ੩੦ ਪੁਸਤਕਾਂ ਤੇ ਅਣਗਿਣਤ ਲੇਖ ਲਿਖੇ। ਗਿ. ਦਿੱਤ ਸਿੰਘ ਜੀ ਦੇ ਅਖ਼ਬਾਰ ਨੂੰ ਬੰਦ ਕਰਨ ਲਈ ਪੰਥ-ਵਿਰੋਧੀ ਤਾਕਤਾਂ ਨੇ ਤਾਣ ਲਾਇਆ। ਗਿਆਨੀ ਜੀ ਨੂੰ ਅਖ਼ਬਾਰ ਚਾਲੂ ਰੱਖਣ ਲਈ ਆਪਣਾ ਘਰ ਤਕ ਵੇਚਣਾ ਪਿਆ ਸੀ। ਪਰ ਹਾਲਾਤ ਖ਼ਰਾਬ ਹੁੰਦੇ ਗਏ। ਆਖ਼ਰ ਅਖ਼ਬਾਰ ਬੰਦ ਕਰਨਾ ਪਿਆ। ੬ ਸਤੰਬਰ, ੧੯੦੧ ਈ. ਨੂੰ ਗਿਆਨੀ ਦਿੱਤ ਸਿੰਘ ਜੀ ਬ੍ਰਾਹਮਣਵਾਦ ਤੇ ਸਿੱਖ-ਵਿਰੋਧੀ ਤਾਕਤਾਂ ਨਾਲ ਜੂਝਦੇ ਹੋਏ ਇਸ ਦੁਨੀਆ ਤੋਂ ਚਲੇ ਗਏ।

ਸਿੱਖ ਕੌਮ ਗਿ. ਦਿੱਤ ਸਿੰਘ ਦੇ ਸਿੱਖ ਧਰਮ ਲਈ ਕੀਤੇ ਪ੍ਰਚਾਰ ਲਈ ਸਦਾ ਰਿਣੀ ਰਹੇਗੀ।

ਹਵਾਲੇ :

੧. ਰੂਪ ਸਿੰਘ (ਸੰਪਾ.), *ਪ੍ਰਮੁੱਖ ਸਿੱਖ ਸ਼ਖ਼ਸੀਅਤਾਂ,* ਪੰਨਾ ੨੦

੨. ਉਹੀ।

੩. ਨਰਿੰਦਰ ਸਿੰਘ ਕਪੂਰ, *ਗਿਆਨੀ ਦਿੱਤ ਸਿੰਘ ਜੀਵਨ ਤੇ ਰਚਨਾ,* ਪੰਜਾਬੀ ਯੂਨੀਵਰਸਿਟੀ, , ੧੯੯੭, ੨੦.

ਪ੍ਰੋ. ਗੁਰਮੁਖ ਸਿੰਘ ਜੀ

(੧੫ ਅਪ੍ਰੈਲ ਨੂੰ ਜਨਮ ਦਿਹਾੜੇ 'ਤੇ)

ਪ੍ਰੋ. ਗੁਰਮੁਖ ਸਿੰਘ ਜੀ ਦਾ ਜਨਮ ੧੫ ਅਪ੍ਰੈਲ, ੧੮੪੯ ਈ. ਨੂੰ ਕਪੂਰਥਲਾ ਵਿਖੇ ਇਕ ਗ਼ਰੀਬ ਪਰਵਾਰ ਵਿਚ ਹੋਇਆ। ਆਪ ਦੇ ਪਿਤਾ ਸ. ਬਸਾਵਾ ਸਿੰਘ ਪਹਿਲਾਂ ਜ਼ਿਲ੍ਹਾ ਗੁਜਰਾਂਵਾਲਾ ਦੇ ਪਿੰਡ ਚੰਧੜ ਦੇ ਵਸਨੀਕ ਸਨ। ਸ. ਬਸਾਵਾ ਸਿੰਘ ਲਾਹੌਰ ਵਿਖੇ ਮਹਾਰਾਜਾ ਸ਼ੇਰ ਸਿੰਘ ਦੇ ਰਸੋਈਏ ਵਜੋਂ ਭਰਤੀ ਹੋਏ ਸਨ। ਬਾਅਦ ਵਿਚ ਰਾਜਾ ਨਿਹਾਲ ਸਿੰਘ ਕੋਲ ਕਪੂਰਥਲਾ ਆ ਗਏ। ਇੱਥੇ ਫਿਰ ਰਾਜਾ ਰਣਧੀਰ ਸਿੰਘ ਤੇ ਫਿਰ ਕੰਵਰ ਬਿਕਰਮਾ ਸਿੰਘ ਦੀ ਸੇਵਾ ਵਿਚ ਰਹੇ। ਗੁਰਮੁਖ ਸਿੰਘ ਨੇ ਮੈਟ੍ਰਿਕ ਕਪੂਰਥਲੇ ਤੋਂ ਅਤੇ ਬੀ.ਏ. ਗੌਰਮਿੰਟ ਕਾਲਜ ਲਾਹੌਰ ਤੋਂ ਕੀਤੀ।[੧] ੧੮੭੩ ਈ. ਵਿਚ ਸਿੰਘ ਸਭਾ ਲਹਿਰ ਬਣਨ ਵੇਲੇ ਆਪ ਸਰਗਰਮ ਸਨ। ੧੮੭੭ ਈ. ਵਿਚ ਓਰੀਐਂਟਲ ਕਾਲਜ ਲਾਹੌਰ ਵਿਚ ਹਿੰਦੀ ਵਿਭਾਗ ਵਿਚ ਟੀਚਰ ਲੱਗੇ। ੧੮੮੧ ਈ. ਵਿਚ ਅਸਿਸਟੈਂਟ ਪ੍ਰੋਫ਼ੈਸਰ ਬਣੇ।[੨] ਆਪ ਜੀ ਦਾ ਮੁੱਖ ਉਦੇਸ਼ ਧਰਮ ਪ੍ਰਚਾਰ ਤੇ ਵਿੱਦਿਆ ਪ੍ਰਸਾਰ ਸੀ। ਆਪ ਜੀ ਨੇ 'ਗੁਰਮੁਖੀ', 'ਖ਼ਾਲਸਾ ਅਖ਼ਬਾਰ', 'ਵਿਦਿਯਾਰਕ ਤੇ ਸੁਧਾਰਕ' ਨਾਂ ਦੀਆਂ ਪਤ੍ਰਿਕਾਵਾਂ ਪ੍ਰਕਾਸ਼ਿਤ ਕਰਨ ਦਾ ਉਪਰਾਲਾ ਕੀਤਾ। ਪ੍ਰੋ. ਗੁਰਮੁਖ ਸਿੰਘ ਜੀ ਨੇ ਜਾਤ-ਪਾਤ, ਛੂਤ-ਛਾਤ, ਮੂਰਤੀ ਪੂਜਾ ਤੇ ਦੇਹਧਾਰੀ ਗੁਰੂ-ਡੰਮ ਦਾ ਜ਼ੋਰਦਾਰ ਖੰਡਨ ਕੀਤਾ, ਜਿਸ ਕਾਰਨ ਆਪ ਜੀ ਵਿਰੋਧੀਆਂ ਦੀ ਨਜ਼ਰ ਵਿਚ ਰੜਕਣ ਲੱਗੇ। ਆਖ਼ਰ ਸਿੱਖ ਵਿਰੋਧੀ ਤਾਕਤਾਂ ਨੇ ੨੮ ਮਾਰਚ, ੧੮੮੭ ਈ. ਨੂੰ ਪ੍ਰੋ. ਗੁਰਮੁਖ ਸਿੰਘ ਜੀ ਨੂੰ ਅਕਾਲ ਤਖ਼ਤ ਤੋਂ ਹੁਕਮਨਾਮਾ ਕਢਵਾ ਕੇ ਸਿੱਖ ਪੰਥ ਵਿੱਚੋਂ ਛੇਕ ਦਿੱਤਾ।[੩] ਪਰ ਆਪ ਜੀ ਅਣਥੱਕ

ਸੇਵਾ ਵਿਚ ਲੱਗੇ ਰਹੇ। ਬੰਦ ਹੋ ਚੁੱਕੀ 'ਖ਼ਾਲਸਾ ਅਖ਼ਬਾਰ' ਨੂੰ ਮੁੜ ਤੋਂ ਚਾਲੂ ਕੀਤਾ ਗਿਆ। ਪ੍ਰੋ. ਗੁਰਮੁਖ ਸਿੰਘ ਨੇ ਕਲਮ ਰਾਹੀਂ ਕੌਮ ਨੂੰ ਬਹੁਤ ਜਾਗਰੂਕ ਕੀਤਾ। ਦਿਨ-ਰਾਤ ਕੰਮ ਵਿਚ ਲੱਗੇ ਰਹਿਣ ਕਾਰਨ ਆਪ ਜੀ ਦੀ ਸਿਹਤ ਢਿੱਲੀ ਰਹਿਣ ਲੱਗੀ। ਸਤੰਬਰ ੧੮੯੮ ਈ. ਵਿਚ ਧੌਲਪੁਰ ਦੇ ਮਹਾਰਾਜੇ ਤੋਂ ਚੰਦਾ ਲੈਣ ਲਈ ਚਾਇਲ ਵਿਖੇ ਗਏ। ਵਾਪਸੀ ਤੇ ਸਿਹਤ ਖ਼ਰਾਬੀ ਕਾਰਨ ਕੰਡਾ ਘਾਟ (ਸ਼ਿਮਲਾ) ਠਹਿਰੇ। ੨੩ ਸਤੰਬਰ ਰਾਤ ਤਕ ਕੰਮ ਕਰਦੇ ਰਹੇ। ਅਗਲੇ ਦਿਨ ੨੪ ਸਤੰਬਰ, ੧੮੯੮ ਈ. ਨੂੰ ਅੰਬਾਲੇ ਜਾਣ ਦਾ ਵਿਚਾਰ ਸੀ। ਪਰ ਰਾਤ ਨੂੰ ਦਿਲ ਦੀ ਧੜਕਣ ਬੰਦ ਹੋਣ 'ਤੇ ਸੁੱਤੇ ਪਏ ਹੀ ਅਕਾਲ ਚਲਾਣਾ ਕਰ ਗਏ।[੪] ਪ੍ਰੋ. ਗੁਰਮੁਖ ਸਿੰਘ ਨੇ ਅਣਥੱਕ ਮਿਹਨਤ ਕਰਕੇ ਸਿੱਖ ਕੌਮ ਨੂੰ ਪੁਨਰ-ਸੁਰਜੀਤ ਕੀਤਾ।

ਹਵਾਲੇ :

੧. ਰੂਪ ਸਿੰਘ (ਸੰਪਾ.), *ਪ੍ਰਮੁਖ ਸਿੱਖ ਸ਼ਖ਼ਸੀਅਤਾਂ*, ਪੰਨੇ ੧੯੬-੧੯੭.

੨. ਗੁਰਦੇਵ ਸਿੰਘ ਸਿੱਧੂ, *ਪ੍ਰੋ. ਗੁਰਮੁਖ ਸਿੰਘ ਜੀਵਨ ਤੇ ਰਚਨਾ*, ਪੰਜਾਬੀ ਯੂਨੀਵਰਸਿਟੀ, , ੧੯੯੯, ੧੦.

੩. *ਉਹੀ*, ਪੰਨਾ ੨੦.

੪. *ਉਹੀ*, ਪੰਨਾ ੨੩.

■

ਗੁਰਦੁਆਰਾ ਗਜ਼ਟ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਿਤ 'ਗੁਰਦੁਆਰਾ ਗਜ਼ਟ' ਮਾਸਿਕ ਪਰਚੇ ਵਿਚ ਧਾਰਮਿਕ ਲੇਖ, ਗੁਰਦੁਆਰਾ ਪ੍ਰਬੰਧ ਸਬੰਧੀ ਕੀਤੇ ਜਾਂਦੇ ਯਤਨ, ਮਹੀਨੇ ਭਰ ਦੇ ਸਿੱਖ ਇਤਿਹਾਸ ਨਾਲ ਸੰਬੰਧਿਤ ਤਾਰੀਖ਼-ਵਾਰ ਦਿਹਾੜੇ, ਰਹੁ-ਰੀਤ ਅਤੇ ਆਮਦਨ-ਖਰਚ ਆਦਿ ਦੇ ਮਾਸਿਕ ਚਿੱਠੇ ਪ੍ਰਕਾਸ਼ਿਤ ਕੀਤੇ ਜਾਂਦੇ ਹਨ। ਇਹ ਪਰਚਾ ਬਹੁਤ ਹੀ ਸੁੰਦਰ ਗਲੇਜ਼ਡ ਪੇਪਰ 'ਤੇ ਰੰਗਦਾਰ ਤਸਵੀਰਾਂ ਰਾਹੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਸਰਗਰਮੀਆਂ ਨੂੰ ਪਾਠਕਾਂ ਤਕ ਪਹੁੰਚਾਉਂਦਾ ਹੈ। ਇਸ ਦੀ ਛਪਾਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਆਪਣੀ ਗੋਲਡਨ ਆਫਸੈੱਟ ਪ੍ਰੈਸ ਰਾਹੀਂ ਕੀਤੀ ਜਾਂਦੀ ਹੈ। ਚੰਦਾ ਮਨੀ-ਆਰਡਰ, ਬੈਂਕ-ਡ੍ਰਾਫਟ ਰਾਹੀਂ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਪਤੇ 'ਤੇ ਭੇਜਿਆ ਜਾ ਸਕਦਾ ਹੈ।

ਚੰਦਾ

ਸਾਲਾਨਾ ਚੰਦਾ ਦੇਸ਼	:	੨੦ ਰੁਪਏ
ਲਾਈਫ ਮੈਂਬਰਸ਼ਿਪ ਦੇਸ਼	:	੨੦੦ ਰੁਪਏ
ਸਾਲਾਨਾ ਚੰਦਾ ਵਿਦੇਸ਼ (ਹਵਾਈ ਡਾਕ)	:	੫੦੦ ਰੁਪਏ

ਮਾਰਚ ੨੦੨੫ ਦਾ ਬਾਕੀ:

ਇਤਿਹਾਸ ਸਿੱਖ ਰਹਿਤ ਮਰਯਾਦਾ
(ਰਹਿਤਨਾਮਿਆਂ ਤੋਂ ਸਿੱਖ ਰਹਿਤ ਮਰਯਾਦਾ ਤਕ ਦਾ ਸਫ਼ਰ)

*-ਸ. ਗੁਰਚਰਨਜੀਤ ਸਿੰਘ ਲਾਂਬਾ**

੩੧ ਦਸੰਬਰ, ੧੯੩੩

੩੦ ਦਸੰਬਰ, ੧੯੩੩ ਨੂੰ ਮੁਲਤਵੀ ਹੋਈ ਇਕੱਤ੍ਰਤਾ ਮੁੜ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋਈ। ਇਸ ਵਿਚ ਵੱਡੀ ਗਿਣਤੀ ਵਿਚ ਰਹੁ-ਰੀਤ ਕਮੇਟੀ ਦੇ ਮੈਂਬਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ, ਅਕਾਲੀ ਦਲ ਦੇ ਮੈਂਬਰ, ਗੁਰਦੁਆਰਾ ਕਮੇਟੀਆਂ, ਅਖ਼ਬਾਰਾਂ ਦੇ ਨੁਮਾਇੰਦੇ ਸ਼ਾਮਲ ਹੋਏ ਜਿਨ੍ਹਾਂ ਦੀ ਗਿਣਤੀ ੧੨੨ ਸੀ। ਇਸ ਵਿਚ ਨਾਮ ਬਾਣੀ ਦੇ ਅਭਿਆਸ ਬਾਰੇ ਤਰਮੀਮਾਂ ਪੇਸ਼ ਹੋਈਆਂ। ਪਰ ਰਹੁ-ਰੀਤੀ ਕਮੇਟੀ ਦੀ ਰਾਇ 'ਤੇ ਇਕ ਤਰਮੀਮ ਵਾਪਸ ਲੈ ਲਈ ਗਈ ਅਤੇ ਦੂਸਰੀ ਤਰਮੀਮ ਸਰਬ-ਸੰਮਤੀ ਨਾਲ ਪ੍ਰਵਾਨ ਕਰ ਲਈ ਗਈ। ਉਪਰੰਤ ਅਨੰਦ ਸਾਹਿਬ ਬਾਰੇ ਮੁੱਦੇ ਨੂੰ ਰਹੁ-ਰੀਤੀ ਸਬ-ਕਮੇਟੀ ਦੇ ਸਪੁਰਦ ਕੀਤਾ ਗਿਆ। ਇਸ ਵਿਚ ਬਹਿਸ ਉਪਰੰਤ ਇਹ ਪ੍ਰਵਾਨ ਕੀਤਾ ਗਿਆ ਕਿ ਸਮਾਗਮ ਵਿਚ ਓਹ ਗੱਲ ਪਾਸ ਹੋਈ ਸਮਝੀ ਜਾਵੇਗੀ ਜੋ ੯੦ਫ਼ੀ ਸਦੀ ਰਾਵਾਂ ਨਾਲ ਪਾਸ ਹੋਵੇ।

ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਚੱਲੀ ਇਸ ਦੋ ਦਿਨ ਦੀ ਇਕੱਤ੍ਰਤਾ ਦੀਆਂ ਕੁਝ ਵਿਸ਼ੇਸ਼ ਗੱਲਾਂ ਵਿਚਾਰਨ ਵਾਲੀਆਂ ਹਨ।

* ਇਹ ਇਕੱਤ੍ਰਤਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪਾਵਨ ਸਥਾਨ 'ਤੇ ਹੋਈ।

* ਇਸ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿ. ਮੋਹਨ ਸਿੰਘ ਜੀ, ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿ. ਪ੍ਰਤਾਪ ਸਿੰਘ ਜੀ, ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਭਾਈ ਸਾਹਿਬ ਭਾਈ ਕਰਤਾਰ ਸਿੰਘ ਜੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ੮੦ ਮੈਂਬਰ ਸ਼ਾਮਲ ਹੋਏ।

* ਇਹ ਇਕੱਤ੍ਰਤਾ ਲਗਾਤਾਰ ਦੋ ਦਿਨ ੩੦ ਅਤੇ ੩੧ ਦਸੰਬਰ, ੧੯੩੩ ਈ. ਨੂੰ ਚੱਲੀ।

* ਇਸ ਵਿਚ ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਸਾਹਿਬ ਦੇ ਇਲਾਵਾ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਾਹਿਬ ਦੇ ਨਾਲ ਰਹੁ-ਰੀਤ ਸਬ-ਕਮੇਟੀ ਦੇ ਮੈਂਬਰ ਵੀ ਸ਼ਾਮਲ ਹੋਏ।

* ਇਨ੍ਹਾਂ ਤੋਂ ਇਲਾਵਾ ਇਸ ਇਕੱਤ੍ਰਤਾ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦੇ ਨਾਲ ਪੰਥ ਦੀਆਂ ਪ੍ਰਮੁੱਖ ਜਥੇਬੰਦੀਆਂ ਖਾਲਸਾ ਦੀਵਾਨ ਬਾਰ, ਗੜਗੱਜ ਅਕਾਲੀ ਦੀਵਾਨ, ਸੈਂਟਰਲ ਮਾਝਾ ਦੀਵਾਨ, ਗੁਰੂ ਨਾਨਕ ਖ਼ਾਲਸਾ ਕਾਲਜ ਗੁਜਰਾਂਵਾਲਾ,

** New Jersey. USA. Mo: +1 9736990950 Email: santsipahi@gmail.com*

ਖ਼ਾਲਸਾ ਕਾਲਜ, ਸ੍ਰੀ ਅੰਮ੍ਰਿਤਸਰ, ਖਾਲਸਾ ਬਰਾਦਰੀ, ਸ੍ਰੀ ਅੰਮ੍ਰਿਤਸਰ, ਉਦਾਸੀਨ ਮਹਾਂ ਮੰਡਲ, ਸ਼੍ਰੋਮਣੀ ਖਾਲਸਾ ਮਾਲਵਾ ਦੀਵਾਨ, ਖ਼ਾਲਸਾ ਯੂਥ ਲੀਗ, ਸ਼੍ਰੋਮਣੀ ਰਾਧਾ ਸਵਾਮੀ ਮਤ ਵਿਚਾਰਨੀ ਸਭਾ ਦੇ ਨੁਮਾਇੰਦੇ ਸ਼ਾਮਲ ਹੋਏ, ਸ਼੍ਰੋਮਣੀ ਅਕਾਲੀ ਦਲ ਦੀ ਅੰਤ੍ਰਿੰਗ ਕਮੇਟੀ ਦੇ ਮੈਂਬਰ, ਪ੍ਰਮੁੱਖ ਅਖ਼ਬਾਰਾਂ ਦੇ ਨੁਮਾਇੰਦੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਚਾਰਕ ਅਤੇ ਪੁਰਾਣੇ ਵਿਦਿਆਰਥੀ, ਖਾਲਸਾ ਕਾਲਜਾਂ ਅਤੇ ਸਕੂਲਾਂ ਦੇ ਨਾਲ ਨਾਲ ਕਈ ਅਕਾਲੀ ਜਥੇ, ਕਈ ਸਿੰਘ ਸਭਾਵਾਂ ਸ਼ਾਮਲ ਸਨ।

*ਇਸ ਤਰ੍ਹਾਂ ਸਹੀ ਮਾਇਨੇ ਵਿਚ ਇਨ੍ਹਾਂ ਇਕਤ੍ਰਤਾਵਾਂ ਨੂੰ ਪੰਥਕ ਇਕੱਠ ਕਿਹਾ ਜਾ ਸਕਦਾ ਹੈ।

*ਇਨ੍ਹਾਂ ਦੋਨਾਂ ਦਿਨਾਂ ਵਿਚ ਕਾਫੀ ਸੰਜੀਦਗੀ ਨਾਲ ਵਿਚਾਰ-ਵਟਾਂਦਰੇ ਹੋਏ ਅਤੇ ਸਭ ਰਹੁ-ਰੀਤ ਕਮੇਟੀ ਦੇ ਕਨਵੀਨਰ ਪ੍ਰੋਫੈਸਰ ਤੇਜਾ ਸਿੰਘ ਜੀ ਨੇ ਰਿਪੋਰਟ ਪੜ੍ਹ ਕੇ ਸੁਣਾਈ।

* ਇਸ ਦੀ ਸ਼ੁਰੂਆਤ ਵਿਚ ਹੀ ਪ੍ਰੋ. ਤੇਜਾ ਸਿੰਘ ਜੀ ਨੂੰ ਕਹਿਣਾ ਪਿਆ ਕਿ ਕੁਝ ਸੱਜਣ ਰਹਿਤ ਮਰਯਾਦਾ ਨੀਯਤ ਕਰਨ ਦੇ ਮਾਮਲੇ ਨੂੰ ਲਮਕਾਣਾ ਚਾਹੁੰਦੇ ਹਨ ਪਰ ਇਸ ਦੇ ਪਾਸ ਕਰਨ ਦੀ ਸਖ਼ਤ ਜ਼ਰੂਰਤ ਹੈ ਨਹੀਂ ਤਾਂ ਸਾਡੀ ਰਹਿਤ ਮਰਯਾਦਾ ਇਕ ਨਾ ਹੋਣ ਕਰਕੇ ਅਸੀਂ ਬਹੁਤ ਹਾਸੋ-ਹੀਣੇ ਹੋ ਰਹੇ ਹਾਂ। ਸਾਡਾ ਯਤਨ ਇਹ ਹੋਣਾ ਚਾਹੀਦਾ ਹੈ ਕਿ ਅਸੀਂ ਜੋ ਕੁਝ ਪਾਸ ਕਰੀਏ, ਚੰਗੀ ਤੋਂ ਚੰਗੀ ਸ਼ਕਲ ਵਿਚ ਪਾਸ ਕਰੀਏ।

* ਇਸ ਵਿਚ ਰਹਿਤ ਮਰਯਾਦਾ ਦੇ ਵਿਚਾਰ ਲਈ ਜਿਹੜੇ ਨਿਯਮ ਅਪਣਾਏ ਗਏ ਹਨ, ਬਾਰੇ ਵਿਸਥਾਰ ਦਿੱਤਾ ਗਿਆ ਅਤੇ ਪ੍ਰੋ. ਤੇਜਾ ਸਿੰਘ ਜੀ ਨੇ ਸਪੱਸ਼ਟ ਕੀਤਾ ਕਿ ਨਹੀਂ ਬਦਲਿਆ ਜਾਏਗਾ। ਕੇਵਲ ਉਨ੍ਹਾਂ ਗੱਲਾਂ ਸੰਬੰਧੀ ਬਹਿਸ ਹੋਵੇਗੀ, ਜਿੱਥੇ ਮਰਯਾਦਾ ਇੱਕ ਹੈ ਹੀ ਨਹੀਂ। ਇੱਥੇ ਵੀ ਫੈਸਲਾ ਗੁਰਬਾਣੀ, ਇਤਿਹਾਸ, ਰਹਿਤਨਾਮਿਆਂ, ਹੁਕਮਨਾਮਿਆਂ, ਪ੍ਰਸਿੱਧ ਗੁਰਦੁਆਰਾ ਸਾਹਿਬਾਨ ਅਤੇ ਤਖ਼ਤ ਸਾਹਿਬਾਨ ਦੇ ਪੁਰਾਣੇ ਰਿਵਾਜ ਦੀ ਰੋਸ਼ਨੀ ਵਿਚ ਕੀਤਾ ਜਾਏਗਾ।

* ਇਸ ਇਕੱਤ੍ਰਤਾ ਵਿਚ ਜਿਨ੍ਹਾਂ ਮੁੱਦਿਆਂ 'ਤੇ ਵਿਸਥਾਰ ਸਹਿਤ ਵਿਚਾਰ ਵਟਾਂਦਰਾ ਕੀਤਾ ਗਿਆ ਉਨ੍ਹਾਂ ਵਿਚ ਪ੍ਰਮੁੱਖ ਸਨ, ਸਿੱਖ ਦੀ ਤਾਰੀਫ਼ (ਪਰਿਭਾਸ਼ਾ), ਸ਼ਖਸੀ ਰਹਿਣੀ, ਨਾਮ ਬਾਣੀ ਦਾ ਅਭਿਆਸ, ਇਸ਼ਨਾਨ, ਨਿੱਤਨੇਮ ਦਾ ਪਾਠ ਅਤੇ ਬਾਣੀਆਂ ਆਦਿ। ਇਸ ਵਿਚ ਹਾਜ਼ਰ ਸੱਜਣਾਂ ਨੇ ਖੁਲ੍ਹ ਕੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਵਿਚ ਕਈ ਤਰਮੀਮਾਂ ਵਾਪਸ ਲੈ ਲਈਆਂ ਗਈਆਂ ਅਤੇ ਕਈ ਪਾਸ ਹੋ ਗਈਆਂ। ਨਿੱਤਨੇਮ ਦੀਆਂ ਬਾਣੀਆਂ 'ਤੇ ਕਾਫ਼ੀ ਵਿਚਾਰ-ਚਰਚਾ ਹੋਈ ਪਰ ਇਕ ਰਾਇ ਨਾ ਕਾਇਮ ਹੋ ਸਕੀ। ਇਸ ਇਕੱਤ੍ਰਤਾ ਦਾ ਮਕਸਦ ਰਾਇ ਜਾਣਨਾ ਅਤੇ ਸਹਿਮਤੀ ਹਾਸਲ ਕਰਨਾ ਸੀ ਪਰ ਜਿਨ੍ਹਾਂ ਮਾਮਲਿਆਂ 'ਤੇ ਸਹਿਮਤੀ ਨਹੀਂ ਸੀ ਹੋ ਸਕੀ ਉਹ ਰਹੁ-ਰੀਤ ਕਮੇਟੀ ਦੇ ਸਪੁਰਦ ਕਰ ਦਿੱਤੇ ਜਾਂਦੇ ਸਨ।

* ਇਸ ਇਕੱਤ੍ਰਤਾ ਵਿਚ ਇਹ ਵੀ ਪ੍ਰਵਾਨ ਕੀਤਾ ਗਿਆ ਕਿ ਸਮਾਗਮ ਵਿਚ

ਓਹ ਗੱਲ ਸਮਝੀ ਜਾਵੇਗੀ ਜੋ ੯੦ ਫ਼ੀਸਦੀ ਰਾਵਾਂ ਨਾਲ ਪਾਸ ਹੋਵੇ।

* ਇਹ ਇਕੱਤ੍ਰਤਾਵਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜ਼ਰੀ ਵਿਚ ਹੋਈਆਂ ਅਤੇ ਸਮਾਪਤੀ ਸਮੇਂ ਹੁਕਮਨਾਮਾ ਲਿਆ ਗਿਆ।

* ਦੋ ਦਿਨ ਚੱਲੀ ਇਸ ਇਕੱਤ੍ਰਤਾ ਦੀ ਚੌਦਾਂ ਸਫ਼ਿਆਂ ਦੀ ਪੂਰੀ ਰਿਪੋਰਟ 'ਗੁਰਦੁਆਰਾ ਗਜ਼ਟ' ਜਨਵਰੀ ੧੯੩੪ ਅੰਕ ਵਿਚ ਛਾਪੀ ਗਈ।

* ਇਸ ਤਰ੍ਹਾਂ ਦੋ ਦਿਨਾਂ ਦੀ ਇਹ ਇਕ ਕਾਮਯਾਬ ਅਤੇ ਸਾਰਥਕ ਇਕੱਤ੍ਰਤਾ ਸੀ ਪਰ ਬਿਨਾਂ ਇਸ ਰਿਪੋਰਟ ਨੂੰ ਪੜ੍ਹੇ ਅਤੇ ਵੇਖੇ ਹੀ ਕੇਵਲ ਸੁਣੀ ਸੁਣਾਈ ਗੱਲ 'ਤੇ ਹੀ ਗ਼ਲਤ ਟਿੱਪਣੀਆਂ ਕਰ ਦਿੱਤੀਆਂ ਗਈਆਂ ਹਨ ਜੋ ਕਿ ਮੁੱਦਿਆਂ ਪ੍ਰਤੀ ਸਾਡੀ ਪਹੁੰਚ ਅਤੇ ਗੰਭੀਰਤਾ 'ਤੇ ਵੱਡਾ ਪ੍ਰਸ਼ਨ ਚਿੰਨ੍ਹ ਲਗਾਉਂਦੀ ਹੈ

ਇਸ ਤੋਂ ਸਪੱਸ਼ਟ ਹੈ ਕਿ 'ਸਿੱਖ ਰਹਿਤ ਮਰਯਾਦਾ' ਦੇ ਖਰੜੇ 'ਤੇ ਲਗਾਤਾਰ ਦੋ ਦਿਨ ਲੰਮੀ ਵਿਚਾਰ ਚਲੀ ਅਤੇ ਇਸ ਵਿਚ ਕਈ ਮੱਦਾਂ 'ਤੇ ਡੂੰਘੀ ਵਿਚਾਰ ਹੋ ਕੇ ਕਈ ਸਾਰਥਕ ਸਿੱਟੇ ਵੀ ਨਿਕਲੇ। ਇਸ ਵਿਚ ਸਾਰਿਆਂ ਦੇ ਵਿਚਾਰ ਸੁਣੇ ਗਏ ਅਤੇ ਰਿਕਾਰਡ ਵੀ ਕੀਤੇ ਗਏ। ਆਮ ਤੌਰ 'ਤੇ ਇਸ ਤਰ੍ਹਾਂ ਦੀਆਂ ਇਕੱਤ੍ਰਤਾਵਾਂ ਘੱਟ ਹੀ ਹੁੰਦੀਆਂ ਹਨ।

੧੩ ਅਪ੍ਰੈਲ, ੧੯੩੬

ਸਰਬ ਹਿੰਦ ਸਿੱਖ ਮਿਸ਼ਨ

ਸਿੱਖ ਗੁਰਦੁਆਰਾ ਐਕਟ ਮੁਤਾਬਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਦਾਇਰਾ ਖੇਤਰ ਪੰਜਾਬ ਤਕ ਹੀ ਸੀਮਤ ਸੀ। ਇਹ ਦੂਸਰੇ ਪ੍ਰਾਂਤਾਂ ਵਿਚ ਪ੍ਰਚਾਰ ਪ੍ਰਸਾਰ ਨਹੀਂ ਸੀ ਕਰ ਸਕਦੇ। ਇਸ ਕਾਨੂੰਨੀ ਅੜਚਣ ਨੂੰ ਦੂਰ ਕਰਨ ਹਿੱਤ ੧੯੩੬ ਦੀ ਵੈਸਾਖੀ ਦੇ ਮੌਕੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਚ ਸਰਬ ਹਿੰਦ ਸ਼੍ਰੋਮਣੀ ਸਿੱਖ ਪ੍ਰਚਾਰ ਕਾਨਫ੍ਰੰਸ ਕੀਤੀ ਗਈ। ਇਸ ਵਿਚ ਵੱਡੀ ਗਿਣਤੀ ਵਿਚ ਅੰਮ੍ਰਿਤ ਸੰਚਾਰ ਵੀ ਹੋਇਆ। ਇੱਥੇ ਹੀ ਦੂਰ-ਦੁਰਾਡੇ ਤਕ ਸਿੱਖ ਧਰਮ ਦਾ ਪ੍ਰਚਾਰ ਪ੍ਰਸਾਰ ਕਰਨ ਲਈ ਸਰਬ ਹਿੰਦ ਸਿੱਖ ਮਿਸ਼ਨ ਦੀ ਸਥਾਪਨਾ ਹੋਈ।

ਇਸ ਮਿਸ਼ਨ ਨੇ ਥੋੜ੍ਹੇ ਹੀ ਸਮੇਂ ਵਿਚ ਅਲੀਗੜ੍ਹ ਅਤੇ ਹਾਪੁੜ (ਉੱਤਰ ਪ੍ਰਦੇਸ਼), ਬੁਰਹਾਨਪੁਰ (ਮੱਧ ਪ੍ਰਦੇਸ਼), ਨਾਗਪੁਰ (ਮਹਾਰਾਸ਼ਟਰਾ) ਅਤੇ ਏਰਨਾਕੁਲਮ ਅਤੇ ਰਾਨੀ (ਕੇਰਲਾ) ਵਿਚ ਧਰਮ ਪ੍ਰਚਾਰ ਕੇਂਦਰ ਸਥਾਪਿਤ ਕੀਤੇ। ਮਿਸ਼ਨ ਨੇ ਇੱਕ ਸਾਲ ਦੇ ਅੰਦਰ ਹੀ ਬੰਬਈ ਵਿਚ ਖਾਲਸਾ ਕਾਲਜ ਦੀ ਸਥਾਪਨਾ ਕੀਤੀ। ਇਸ ਤਰ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਗੁਰਮਤਿ ਪ੍ਰਚਾਰ ਨੂੰ ਦੂਰ-ਦੁਰਾਡੇ ਪਹੁੰਚਾਉਣ ਦਾ ਰਾਹ ਖੁਲ ਗਿਆ। ਸਰਬ ਹਿੰਦ ਸਿੱਖ ਮਿਸ਼ਨ ਬੋਰਡ ਦਾ ਕਾਰਜ ਖੇਤਰ ਸਾਰੇ ਭਾਰਤ ਵਿਚ ਵਧਾ ਦਿੱਤਾ ਗਿਆ।

ਸਰਬ ਹਿੰਦ ਸਿੱਖ ਮਿਸ਼ਨ ਦੀ ਕਾਇਮੀ ਸਿੱਖ ਪੰਥ ਦੇ ਇਤਿਹਾਸ ਦੀ ਅਦੁੱਤੀ ਪ੍ਰਾਪਤੀ ਕਹੀ ਜਾ ਸਕਦੀ ਹੈ। ਜੂਨ, ੧੯੪੦ ਵਿਚ ਅਲੀਗੜ੍ਹ ਵਿਚ ਇਸ ਮਿਸ਼ਨ ਦੀ ਬਹੁਤ ਵੱਡੀ ਸ਼ਾਹਾਨਾ ਪੰਥਕ ਕਾਨਫਰੰਸ ਹੋਈ ਜਿਸ ਦੀ ਪ੍ਰਧਾਨਗੀ ਮਾਸਟਰ ਤਾਰਾ ਸਿੰਘ ਜੀ ਨੇ ਕੀਤੀ।

ਉਸ ਵੇਲੇ ਦੀਆਂ ਪੁਲਿਸ ਰਿਪੋਰਟਾਂ (PAI-Police Abstract of Intelligence, 6 June, 1940) ਵਿਚ ਜ਼ਿਕਰ ਹੈ ਕਿ ਪੰਜਾਬ, ਰਿਆਸਤ ਪਟਿਆਲਾ, ਦਿੱਲੀ ਅਤੇ ਯੂ.ਪੀ ਦੇ ਸੋਲਾਂ ਜ਼ਿਲਿਆਂ ਵਿੱਚੋਂ ਵੱਡੀ ਗਿਣਤੀ ਵਿਚ ਇਸ ਕਾਨਫਰੰਸ ਵਿਚ ਲੋਕ ਸ਼ਾਮਲ ਹੋਏ। ਮਾਸਟਰ ਤਾਰਾ ਸਿੰਘ ਜੀ ਨੂੰ ਬਹੁਤ ਹੀ ਸ਼ਾਹਾਨਾ ਜਲੂਸ ਵਿਚ ਅਲੀਗੜ੍ਹ ਸਟੇਸ਼ਨ ਤੋਂ ਕਾਨਫਰੰਸ ਵਾਲੀ ਥਾਂ 'ਤੇ ਲਿਜਾਇਆ ਗਿਆ। ਇਸ ਵਿਚ ਸ਼ਾਮਲ ਲੋਕਾਂ ਦੀ ਗਿਣਤੀ ਇਕ ਲੱਖ ਤੋਂ ਵੱਧ ਸੀ। ਇੱਥੇ ਸਾਰਾ ਦਿਨ ਅਤੇ ਸ਼ਾਮ ਤਕ ਚੱਲੇ ਅੰਮ੍ਰਿਤ-ਸੰਚਾਰ ਵਿਚ ੨੩,੦੦੦ ਸਥਾਨਕ ਵਿਅਕਤੀ ਅੰਮ੍ਰਿਤ-ਪਾਨ ਕਰ ਕੇ ਸਿੰਘ ਸਜੇ। ਸਿੱਖ ਇਤਿਹਾਸ ਵਿਚ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵੱਲੋਂ ੧੬੯੯ ਈ. ਵਿਚ ਅੰਮ੍ਰਿਤ ਦੀ ਦਾਤ ਦੀ ਬਖਸ਼ਿਸ਼ ਤੋਂ ਬਾਅਦ ਇਹ ਦੂਸਰਾ ਵੱਡਾ ਅੰਮ੍ਰਿਤ-ਸੰਚਾਰ ਸਮਾਗਮ ਹੋਇਆ ਜਿਸ ਵਿਚ ਇੱਕੋ ਥਾਂ ਹਜ਼ਾਰਾਂ ਪ੍ਰਾਣੀਆਂ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ, ਉਹ ਵੀ ਪੰਜਾਬ ਤੋਂ ਬਾਹਰ। ਉਸ ਸਮੇਂ ਸੰਗਤ ਵਿਚ ਜੋਸ਼ ਅਤੇ ਉਤਸ਼ਾਹ ਇੰਨਾ ਜ਼ਿਆਦਾ ਸੀ ਕਿ ਪੰਥਕ ਆਗੂਆਂ ਦੇ ਲੈਕਚਰ ਦੂਸਰੇ ਦਿਨ ਲਈ ਮੁਲਤਵੀ ਕਰਨੇ ਪਏ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਲਿਆਂਦੀਆਂ ੩੦,੦੦੦ ਕਿਰਪਾਨਾਂ ਵੀ ਵੰਡੀਆਂ ਗਈਆਂ। ਰਾਤੋ-ਰਾਤ ਹਜ਼ਾਰਾਂ ਦੀ ਗਿਣਤੀ ਵਿਚ ਪੰਥਕ ਜਜ਼ਬੇ ਨਾਲ ਸਰਾਬੋਰ ਸ਼ਸਤ੍ਰਧਾਰੀ ਸਿੰਘ ਇਕ ਸ਼ਹਿਰ ਵਿਚ ਨਜ਼ਰ ਆ ਜਾਣ, ਕੀ ਇਹ ਕਿਸੇ ਕਰਿਸ਼ਮੇ ਤੋਂ ਘੱਟ ਕਿਹਾ ਜਾ ਸਕਦਾ ਹੈ? ਨਵੀਨ ਪੰਥ ਪ੍ਰਕਾਸ਼ ਵਿਚ ਅੰਕਤ, *ਪਲੇ ਪਲਾਏ ਇਨ ਮੈਂ ਆਵੇਂ* ਇੱਥੇ ਪ੍ਰਤੱਖ ਨਜ਼ਰੀਂ ਹੋ ਆਇਆ।

੧ ਅਗਸਤ, ੧੯੩੬

ਸਰਬ ਹਿੰਦ ਸਿੱਖ ਮਿਸ਼ਨ ਬੋਰਡ ਵੱਲੋਂ ਸਿੱਖ ਰਹਿਤ ਮਰਯਾਦਾ ਦਾ ਖਰੜਾ ਪ੍ਰਵਾਨ:

ਸਰਬ ਹਿੰਦ ਸਿੱਖ ਮਿਸ਼ਨ ਬੋਰਡ ਨੇ ੧ ਅਗਸਤ, ੧੯੩੬ ਨੂੰ ਆਪਣੀ ਇਕੱਤ੍ਰਤਾ ਵਿਚ ਮਤਾ ਨੰਬਰ ੧ ਰਾਹੀਂ ੧੯੩੬ ਰਾਹੀਂ ਰਹੁ-ਰੀਤ ਕਮੇਟੀ ਵੱਲੋਂ ਤਿਆਰ ਕੀਤੇ ਖਰੜੇ ਨੂੰ ਬਾਕਾਇਦਾ ਪ੍ਰਵਾਨਗੀ ਦਿੱਤੀ। ਇਸ ਤਰ੍ਹਾਂ ੧੯੨੭ ਵਿਚ ਅਰੰਭ ਹੋਇਆ ਮਹਾਨ ਪੰਥਕ ਕਾਰਜ ਸਿਖਰ 'ਤੇ ਪਹੁੰਚਿਆ।

ਇਤਨਾ ਲੰਮਾ ਸਮਾਂ ਪੰਥਕ ਮਹਾਨ ਹਸਤੀਆਂ ਨੇ ਸਿਰ ਜੋੜ ਕੇ ਇਸ ਮਹਾਨ ਕਾਰਜ ਨੂੰ ਸਿਰੇ ਚੜ੍ਹਾਇਆ।

੧੨ ਅਕਤੂਬਰ, ੧੯੩੬

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤ੍ਰਤਾ ਵਿਚ ਮਤਾ ਨੰਬਰ ੧੪੯ ਅਨੁਸਾਰ ਸਰਬ ਹਿੰਦ ਸਿੱਖ ਮਿਸ਼ਨ ਵੱਲੋਂ ਪ੍ਰਵਾਨ ਕੀਤੇ ਗਏ ਖਰੜੇ ਨੂੰ ਪ੍ਰਵਾਨਗੀ ਦਿੱਤੀ। 'ਗੁਰਦੁਆਰਾ ਗਜ਼ਟ' ਵਿਚ ਇਸ ਬਾਰੇ ਅੰਕਤ ਕੀਤਾ ਗਿਆ,

"੧੪੯. ਸਰਬ ਹਿੰਦ ਸਿਖ ਮਿਸ਼ਨ ਬੋਰਡ ਦਾ ਮਤਾ ਨੰ: ੧, ਮਿਤੀ ੧.੮.੩੬ ਪੇਸ਼ ਹੋ ਕੇ ਪ੍ਰਵਾਨ ਹੋਇਆ ਕਿ ਜਦ ਤਕ ਜਨਰਲ ਕਮੇਟੀ ਕੋਈ ਹੋਰ ਫੈਸਲਾ ਨਾ

ਕਰੇ ਤਦ ਤਕ ਸਮੂਹ ਗੁਰਦੁਆਰਿਆਂ ਵਿਚ ਰਹੁਰੀਤ ਅਤੇ ਰਹਿਤ ਮਰਯਾਦਾ ਹੇਠ ਲਿਖੇ ਅਨੁਸਾਰ ਕੀਤੀ ਜਾਇਆ ਕਰੇ।"

ਇਸ ਅਨੁਸਾਰ ਪ੍ਰਵਾਨ ਹੋਈ ਮੁਕੰਮਲ 'ਸਿੱਖ ਰਹਿਤ ਮਰਯਾਦਾ' ਅਕਤੂਬਰ, ੧੯੩੬ ਦੇ 'ਗੁਰਦੁਆਰਾ ਗਜ਼ਟ' ਵਿਚ ਛਾਪੀ ਗਈ। ਇਸ ਤਰ੍ਹਾਂ ਇਸ ਦੀ ਪਹੁੰਚ ਹਰ ਆਮ ਖਾਸ ਤਕ ਹੋਈ। ਗ਼ੌਰਤਲਬ ਹੈ ਕਿ 'ਸਿੱਖ ਰਹਿਤ ਮਰਯਾਦਾ' ਦੇ ਰਹੁ-ਰੀਤ ਦੇ ਖਰੜੇ ਤੋਂ ਪ੍ਰਵਾਨਗੀ ਤਕ ਦੀ ਸਾਰੀ ਕਾਰਵਾਈ ਪੂਰੀ ਤਰ੍ਹਾਂ ਸੰਗਤਾਂ ਦੀ ਜਾਣਕਾਰੀ ਅਤੇ ਗਿਆਤ ਵਿਚ ਕੀਤੀ ਗਈ ਅਤੇ 'ਗੁਰਦੁਆਰਾ ਗਜ਼ਟ' ਵਿਚ ਤਿੰਨ ਵੇਰ ਛਾਪੀ ਗਈ। ਇਸ ਲਈ ਕੋਈ ਇਹ ਨਹੀਂ ਕਹਿ ਸਕਦਾ ਕਿ ਉਸ ਨੂੰ ਇਸ ਬਾਰੇ ਪਤਾ ਨਹੀਂ ਸੀ।

ਹੁਣ ਇਹ ਰਹਿਤ ਮਰਯਾਦਾ ਹੁਣ ਖਰੜਾ ਨਾ ਰਹਿ ਕੇ ਬਾਕਾਇਦਾ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਹੋ ਗਈ। ਇਹ ਵੀਹਵੀਂ ਸਦੀ ਦੀ ਗੁਰੂ-ਪੰਥ ਦੀ ਇਕ ਬਹੁਤ ਵੱਡੀ ਪ੍ਰਾਪਤੀ ਸੀ। (ਗੁਰਦੁਆਰਾ ਗਜ਼ਟ, ਅਕਤੂਬਰ ੧੯੩੬)

ਨਵੰਬਰ ੧੯੩੬

ਇਸ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੀਤ ਸਕੱਤਰ ਸ੍ਰ. ਲਾਲ ਸਿੰਘ ਜੀ ਵੱਲੋਂ 'ਸਿੱਖ ਰਹਿਤ ਮਰਯਾਦਾ' ਦੀ ਪਹਿਲੀ ਐਡੀਸ਼ਨ ਅਕਾਲੀ ਪਤ੍ਰਕਾ ਪ੍ਰੈਸ, ਮੈਕਲੇਗਨ ਰੋਡ, ਲਾਹੌਰ 'ਚੋਂ ਛਪਵਾ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਪ੍ਰਕਾਸ਼ਿਤ ਕੀਤੀ ਗਈ। ਹੁਣ ਇਸ ਨੂੰ ਭਾਵੇਂ ਕੋਈ 'ਖਰੜਾ' ਕਹੀ ਜਾਏ ਜਾਂ 'ਖਲੜਾ' ਇਹ ਸਰਾਸਰ ਅਗਿਆਨਤਾ ਜਾਂ ਗੁਰੂ-ਪੰਥ ਦੇ ਫੈਸਲੇ ਦੀ ਨਿਰਾਦਰੀ ਹੈ।

ਤੀਜਾ ਪੜਾਅ ਸਿੱਖ ਰਹਿਤ ਮਰਯਾਦਾ ਵਿਚ ਤਬਦੀਲੀਆਂ (੧੯੩੬-੧੯੪੫)

ਇਸ ਤੋਂ ਬਾਅਦ 'ਸਿੱਖ ਰਹਿਤ ਮਰਯਾਦਾ' ਦਾ ਤੀਸਰਾ ਪਰ ਬਹੁਤ ਹੀ ਮਹੱਤਵਪੂਰਨ ਦੌਰ ਅਰੰਭ ਹੋਇਆ। ਇਹ ਸੀ 'ਸਿੱਖ ਰਹਿਤ ਮਰਯਾਦਾ' ਵਿਚ ਤਰਮੀਮਾਂ ਕਰਨ ਦਾ। ਜਿਵੇਂ ਪਹਿਲਾਂ ਵਿਸਥਾਰ ਸਹਿਤ ਵਿਚਾਰਿਆ ਜਾ ਚੁੱਕਾ ਹੈ ਕਿ ਕਲਗੀਧਰ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਾਜੇ ਪੰਥ ਨੂੰ ਗੁਰੂ-ਪੰਥ ਦਾ ਦਰਜਾ ਪ੍ਰਦਾਨ ਕੀਤਾ। ਇਸ ਅਧੀਨ ਗੁਰਮਤਿ ਅਤੇ ਪੰਥ ਦੇ ਬੁਨਿਆਦੀ ਸਿਧਾਂਤਾਂ ਨੂੰ ਛੱਡ ਕੇ ਹੋਰ ਮਸਲਿਆਂ ਜਿਨ੍ਹਾਂ ਵਿਚ ਰਹੁ-ਰੀਤ ਅਤੇ ਮਰਯਾਦਾ ਦੇ ਮਸਲੇ ਸ਼ਾਮਲ ਹਨ, ਪੰਥ ਸਮੇਂ-ਸਮੇਂ ਅਤੇ ਲੋੜ ਅਨੁਸਾਰ ਤਬਦੀਲੀ ਕਰਨ ਦਾ ਅਧਿਕਾਰੀ ਹੈ।

ਪਰ ਇਹ ਕਾਰਵਾਈ ਅਤੇ ਕਵਾਇਦ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਅਤੇ ਹਜ਼ੂਰੀ ਵਿਚ ਗੁਰੂ ਪੰਥ ਦਾ ਨੁਮਾਇੰਦਾ ਇਕੱਠ ਹੀ ਕਰ ਸਕਦਾ ਹੈ। ਇਸ ਅਧਿਕਾਰ ਅਧੀਨ 'ਸਿੱਖ ਰਹਿਤ ਮਰਯਾਦਾ' ਵਿਚ ਕੁਝ ਤਬਦੀਲੀਆਂ ਅਤੇ ਸੋਧਾਂ ਧਾਰਮਿਕ ਸਲਾਹਕਾਰ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਛਤਰ-ਛਾਇਆ ਹੇਠ ੨੮ ਜੁਲਾਈ, ੧੯੪੪ ਈ. ੭ ਜਨਵਰੀ, ੧੯੪੫ ਈ. ਅਤੇ ੩

ਫਰਵਰੀ, ੧੯੪੫ ਈ. ਨੂੰ ਕੀਤੀਆਂ ਗਈਆਂ।

ਇਸ ਤਰ੍ਹਾਂ ਵੇਖਿਆ ਜਾ ਸਕਦਾ ਹੈ ਕਿ 'ਸਿੱਖ ਰਹਿਤ ਮਰਯਾਦਾ' ਦੀ ਤਿਆਰੀ ਸਮੁੱਚੇ ਪੰਥ ਨੇ ਪੂਰੀ ਗੰਭੀਰਤਾ ਨਾਲ ਕੀਤੀ। ਇੰਨਾ ਲੰਮਾ ਸਮਾਂ ਮੀਟਿੰਗਾਂ ਹੋਈਆਂ। ਤਿੰਨ ਵੇਰ 'ਗੁਰਦੁਆਰਾ ਗਜ਼ਟ' ਵਿਚ ਇਸਨੂੰ ਛਾਪ ਕੇ ਜਨਤਕ ਕੀਤਾ ਗਿਆ। ਇਸ ਦੇ ਇਲਾਵਾ ਅਖ਼ਬਾਰਾਂ ਵਿਚ ਵੀ ਇਸ ਨੂੰ ਛਾਪਿਆ ਗਿਆ। ਹੁਣ ਕੋਈ ਇਹ ਨਹੀਂ ਕਹਿ ਸਕਦਾ ਕਿ ਮੈਨੂੰ ਪਤਾ ਨਹੀਂ ਲੱਗਾ। ਇਹ ਇਕੱਤ੍ਰਤਾਵਾਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋਈਆਂ। ਇਸ ਵਿਚ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਜਥੇਦਾਰ ਸ੍ਰੀ ਕੇਸਗੜ੍ਹ ਸਾਹਿਬ ਅਤੇ ਦਰਬਾਰ ਸਾਹਿਬ ਦੇ ਗ੍ਰੰਥੀ ਸਿੰਘ ਦੇ ਨਾਲ ਨਾਲ ਪੰਥਕ ਜਥੇਬੰਦੀਆਂ ਦੇ ਪ੍ਰਤੀਨਿਧ ਸ਼ਾਮਲ ਹੁੰਦੇ ਰਹੇ। ਅਠਾਰ੍ਹਾਂ ਸਾਲ ਦੀ ਲੰਮੀ ਸੋਚ-ਵਿਚਾਰ ਦੇ ਬਾਅਦ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਇਹ ਮਰਯਾਦਾ ਪੰਥ ਨੂੰ ਪ੍ਰਾਪਤ ਹੋਈ। ਇਸ ਦੇ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੰਜਾਬੀ, ਹਿੰਦੀ, ਅੰਗਰੇਜ਼ੀ ਵਿਚ ਲੱਖਾਂ ਦੀ ਗਿਣਤੀ ਵਿਚ ਛਾਪ ਕੇ ਬਿਨਾਂ ਭੇਟਾ ਇਸ ਨੂੰ ਵੰਡਿਆ ਹੈ। ਇਸ ਦੇ ਬਾਵਜੂਦ ਹਾਲੇ ਵੀ ਜੇਕਰ ਕੋਈ ਇਸ ਤੋਂ ਅਣਜਾਣ ਹੋਏ ਜਾਂ ਇਸ ਬਾਰੇ ਅਣਚਾਹੀਆਂ ਟਿੱਪਣੀਆਂ ਕਰੇ ਤਾਂ ਨਿਸਚਿਤ ਤੌਰ ਤੇ ਇਹ ਪੰਥ-ਵਿਰੋਧੀ ਸੋਚ ਹੀ ਹੋ ਸਕਦੀ ਹੈ।

ਇਕ ਗੱਲ ਨਿਸਚਿਤ ਹੈ ਕਿ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਵਿਚ ਪੰਥ ਦੀ ਪ੍ਰਚੰਡ ਸਫ਼ਲਤਾ ਦੇ ਬਾਅਦ ਅੰਗਰੇਜ਼ਾਂ ਨੇ ਗੁਰਦੁਆਰਿਆਂ ਦੇ ਮਾਮਲਿਆਂ ਵਿਚ ਦਖ਼ਲ ਨਹੀਂ ਦਿੱਤਾ ਅਤੇ ਇਸ ਤਰ੍ਹਾਂ ਬਗ਼ੈਰ ਕਿਸੇ ਬਾਹਰੀ ਦਬਾਅ ਦੇ ਪੰਥ ਆਪਣੇ ਲਈ ਇਹ ਕਾਨੂੰਨ ਬਣਾ ਸਕਿਆ। ਇਸ ਦੇ ਨਾਲ ਹੀ ਇਹ ਵੀ ਅਤਿਕਥਨੀ ਨਹੀਂ ਕਿ ਜੇਕਰ ਇਹ ਕਾਰਜ ਅੱਜ ਕਰਨਾ ਹੁੰਦਾ ਤਾਂ ਨਾ ਤਾਂ ਇੰਨੇ ਲੰਮੇ ਸਮੇਂ ਤਕ ਇਸ ਤਰ੍ਹਾਂ ਦਾ ਪੰਥਕ ਇਕੱਠ ਹੀ ਹੋ ਸਕਦਾ ਸੀ ਤੇ ਨਾ ਹੀ ਕਿਸੇ ਨੇ ਹੋਣ ਹੀ ਦੇਣਾ ਸੀ। ਇਹ ਮਰਯਾਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨਹੀਂ ਬਣਾਈ ਬਲਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਤਾਂ ਇਸ ਲਈ ਲੋੜੀਂਦੇ ਸਾਧਨ ਪ੍ਰਦਾਨ ਕੀਤੇ। ਨਨਕਾਣਾ ਸਾਹਿਬ ਦੇ ਅਸਹਿ ਖ਼ੂਨੀ ਸਾਕੇ ਨੇ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਨੂੰ ਪ੍ਰਚੰਡ ਕੀਤਾ। ਇਸ ਦੇ ਬਾਅਦ ਗੁਰੂ ਕਾ ਬਾਗ਼, ਪੰਜਾ ਸਾਹਿਬ ਗੰਗਸਰ, ਜੈਤੋ ਆਦਿ ਮੋਰਚਿਆਂ ਵਿਚ ਸਮੁੱਚੇ ਖਾਲਸਾ ਪੰਥ ਵੱਲੋਂ ਕੀਤੀਆਂ ਅਥਾਹ ਕੁਰਬਾਨੀਆਂ ਸਦਕਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿਚ ਆਈ। ਇਸ ਕਮੇਟੀ ਦੇ ਹਰ ਇਕ ਮੈਂਬਰ ਦਾ ਅੰਮ੍ਰਿਤਧਾਰੀ ਅਤੇ ਨਿਤਨੇਮੀ ਹੋਣਾ ਲਾਜ਼ਮੀ ਸੀ। ਹਰ ਮੈਂਬਰ ਦੀ ਮੀਟਿੰਗ ਵਿਚ ਸ਼ਾਮਲ ਹੋਣ ਤੋਂ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਪੰਜ ਪਿਆਰਿਆਂ ਸਾਹਮਣੇ ਪੇਸ਼ ਹੋ ਕੇ ਆਪਣੀ ਸੁਧਾਈ ਕੀਤੀ ਗਈ। ਰਹਿਤ ਮਰਯਾਦਾ ਦੀ ਤਿਆਰੀ ਲਈ ਸ਼ਾਮਲ ਹੋਏ ਮਾਣ ਮੱਤੇ ਸੱਜਣਾਂ ਦੀ ਫਹਿਰਿਸਤ ਵੇਖਣ 'ਤੇ ਇਹ ਸਪੱਸ਼ਟ ਹੈ ਕਿ ਇਸ ਤਰ੍ਹਾਂ ਦੇ ਗੁਰਮੁਖਾਂ ਅਤੇ ਵਿਦਵਾਨਾਂ ਦਾ ਇਕੱਠ ਨਾ ਤਾਂ ਹੁਣ ਹੋ ਹੀ ਸਕਦਾ ਹੈ ਅਤੇ ਨਾ ਹੀ ਕਿਸੇ ਨੇ ਇਹ ਹੋਣ ਹੀ ਦੇਣਾ ਹੈ। ਇਸ ਵਿਚ ਇਕ ਗੱਲ ਧਿਆਨ ਦੇਣ ਵਾਲੀ ਗੱਲ ਹੈ

ਕਿ ਰਹਿਤ ਮਰਯਾਦਾ ਦੀ ਤਿਆਰੀ ਲਈ ਬਣੀ ਰਹੁ-ਰੀਤ ਕਮੇਟੀ ਦੇ ਸਾਰੇ ਹੀ ਮੈਂਬਰ ਅਤੇ ਸੰਸਥਾਵਾਂ ਆਪਣੇ ਆਪ ਨੂੰ ਗੁਰੂ-ਪੰਥ ਦਾ ਅੰਗ ਸਮਝ ਕੇ ਸ਼ਾਮਲ ਹੋਏ। ਇਸ ਤਰ੍ਹਾਂ ਇਹ ਰਹਿਤ ਮਰਯਾਦਾ ਸਮੁੱਚੇ ਖਾਲਸਾ ਪੰਥ ਦੀ ਸੀ, ਨਾ ਕਿ ਕਿਸੇ ਜਥੇਬੰਦੀ, ਧੜੇ ਜਾਂ ਸੰਪ੍ਰਦਾ ਦੀ। 'ਸਿੱਖ ਰਹਿਤ ਮਰਯਾਦਾ' ਦੀ ਲੋੜ ਅਤੇ ਇਸ ਨੂੰ ਹੁਣ ਵੀ ਕਾਇਮ ਰੱਖਣ ਬਾਰੇ ਸਭ ਤੋਂ ਵੱਡਾ ਕਾਰਨ ਅਤੇ ਦਲੀਲ ਇਹ ਹੈ ਕਿ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਦੇ ਬਾਅਦ ਜਿਉਂ-ਜਿਉਂ ਇਤਿਹਾਸਿਕ ਗੁਰਦੁਆਰਾ ਸਾਹਿਬ ਪੰਥਕ ਪ੍ਰਬੰਧ ਹੇਠ ਆਉਂਦੇ ਰਹੇ ਤਾਂ ਇਹ ਵੇਖਿਆ ਗਿਆ ਕਿ ਹਰ ਗੁਰਦੁਆਰਾ ਸਾਹਿਬ ਦੀ ਮਰਯਾਦਾ ਵਿਚ ਭਿੰਨਤਾ ਸੀ। ਇਸ ਤਰ੍ਹਾਂ ਜੇਕਰ ਇਹ ਮਰਯਾਦਾ ਨਾ ਬਣਦੀ ਤਾਂ ਜਿੰਨੇ ਪੂਰਬੀਏ ਉਤਨੇ ਚੁਲ੍ਹੇ ਦੀ ਤਰਜ਼ 'ਤੇ ਅੱਜ ਪੰਥ ਪੂਰੀ ਤਰ੍ਹਾਂ ਖੇਰੂੰ-ਖੇਰੂੰ ਹੋਇਆ ਹੋਣਾ ਸੀ। ਹਰ ਗੁਰਦੁਆਰਾ ਸਾਹਿਬ ਵਿਚ ਮਰਯਾਦਾ, ਰਹੁ-ਰੀਤ, ਰਸਮਾਂ ਤਾਂ ਇਕ ਪਾਸੇ ਉੱਥੇ ਕੜਾਹ ਪ੍ਰਸ਼ਾਦ ਲੰਗਰ ਆਦਿ ਸਭ ਭਿੰਨ-ਭਿੰਨ ਹੋਣਾ ਸੀ। ਹੋਰ ਤਾਂ ਹੋਰ ਖ਼ਦਸ਼ਾ ਇਹ ਹੈ ਕਿ ਇਤਿਹਾਸਿਕ ਗੁਰਦੁਆਰਾ ਸਾਹਿਬਾਨ ਵੀ ਜਾਤਾਂ ਅਤੇ ਬਰਾਦਰੀਆਂ ਦੇ ਨਾਮ 'ਤੇ ਹੋ ਜਾਣੇ ਸਨ। ਇਸ ਵਿਚ ਕੋਈ ਅਤਿਕਥਨੀ ਨਹੀਂ ਕਿ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਸ਼ਹਾਦਤ ਨੇ ਕੌਮ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਿੱਤਾ। ਸਾਹਿਬ ਸ੍ਰੀ ਤੇਗ ਬਹਾਦਰ ਜੀ ਦੀ ਸ਼ਹਾਦਤ ਨੇ ਕੌਮ ਨੂੰ ਗੁਰੂ ਕਲਗੀਧਰ ਪਿਤਾ ਦੇ ਰਾਹੀਂ ਖ਼ਾਲਸਾ ਪੰਥ ਦਿੱਤਾ। ਇਸੇ ਤਰ੍ਹਾਂ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਅਤੇ ਸ੍ਰੀ ਨਨਕਾਣਾ ਸਾਹਿਬ ਦੀ ਸ਼ਹਾਦਤ ਵਿਚ ਪੰਥ ਵੱਲੋਂ ਕੀਤੀਆਂ ਅਥਾਹ ਕੁਰਬਾਨੀਆਂ ਨੇ ਪੰਥ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਿੱਤੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਿਸਦਾ ਕਾਰਜ ਖੇਤਰ ਪੂਰੇ ਅਣਵੰਡੇ ਪੰਜਾਬ 'ਤੇ ਸੀ ਅਤੇ ਜੋ ਕੁਦਰਤੀ ਤੌਰ 'ਤੇ ਖਾਲਸਾ ਪੰਥ ਦੀ ਨੁਮਾਇੰਦਗੀ ਕਰਨ ਵਾਲਾ ਸ਼੍ਰੋਮਣੀ ਜਥਾ ਜਾਂ ਪ੍ਰਤੀਨਿਧ ਇਕੱਠ ਸੀ। ਕੁਰਬਾਨੀਆਂ ਅਤੇ ਪੰਥਕ ਜਜ਼ਬੇ ਵਿਚ ਓਤ-ਪੋਤ ਇਸ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੰਥ ਨੂੰ ਸਿੱਖ ਰਹਿਤ ਮਰਯਾਦਾ ਦਿੱਤੀ। ਇਸ ਤਰ੍ਹਾਂ ਨਿਰਵਿਵਾਦਤ ਰੂਪ ਵਿਚ ਪੰਥ ਦੀ ਲੰਮੀ ਘਾਲਣਾ ਨਾਲ ਤਿਆਰ ਕੀਤੀ ਗਈ ਇਹ ਸਿੱਖ ਰਹਿਤ ਮਰਯਾਦਾ ਪੰਥ ਵੱਲੋਂ, ਪੰਥ ਵਾਸਤੇ ਅਤੇ ਪੰਥ ਦਾ ਦਸਤਾਵੇਜ਼ ਹੈ।

ਪੰਥਕ ਬੋਲਿਆਂ ਵਿਚ ਰੇਲ ਇੰਜਣ ਨੂੰ ਤੇਜਾ ਸਿੰਘ ਕਿਹਾ ਜਾਂਦਾ ਹੈ। ਮਰਯਾਦਾ ਦੀ ਤਿਆਰੀ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਤੇਜਾ ਸਿੰਘ ਜੀ ਅਤੇ ਰਹੁ-ਰੀਤ ਕਮੇਟੀ ਦੇ ਕਨਵੀਨਰ ਪ੍ਰੋ. ਤੇਜਾ ਸਿੰਘ ਜੀ ਨੇ ਦੋ ਇੰਜਣਾਂ ਦਾ ਰੋਲ ਅਦਾ ਕਰ ਕੇ ਇਸ ਗੱਡੀ ਨੂੰ ਲੀਹ 'ਤੇ ਪਾਇਆ। ਗੁਰੂ-ਗ੍ਰੰਥ ਤੇ ਗੁਰੂ-ਪੰਥ ਇਹ ਦੋ ਇਲਾਹੀ ਅਤੇ ਰੂਹਾਨੀ ਕਿਨਾਰੇ, ਇਹ ਦੋ ਥੰਮ੍ਹ ਹਨ ਜਿਨ੍ਹਾਂ ਦੇ ਵਿਚਕਾਰ ਸਿੱਖ ਨੇ ਆਪਣਾ ਜੀਵਨ ਬਤੀਤ ਕਰਨਾ ਹੈ। ਇਹ ਰੇਲ ਦੀਆਂ ਪਟਰੀਆਂ ਨਿਆਈਂ ਹਨ। ਜਿਨ੍ਹੀਂ ਦੇਰ ਗੱਡੀ ਪਟਰੀਆਂ 'ਤੇ ਹੈ ਤਾਂ ਰੇਲ ਹੈ, ਜੇ ਜ਼ਰਾ ਜਿੰਨੀ ਵੀ ਆਸੇ-ਪਾਸੇ ਹੋਈ ਤਾਂ ਖੁੱਡੇ ਲੈਨ ਹੈ। ਇਹੀ ਸੁਨੇਹਾ ਹੈ ਗੁਰੂ-ਗ੍ਰੰਥ ਤੇ ਗੁਰੂ-ਪੰਥ ਦਾ। (**ਸਮਾਪਤ**)

ਗੁਰਮਤਿ ਦੇ ਅਨਮੋਲ ਵਿਚਾਰ

*-ਭਾਈ ਰੇਸ਼ਮ ਸਿੰਘ ਸੁਖਮਨੀ ਸੇਵਾ ਵਾਲੇ**

੧. ਜਿਹੜੇ ਸਿੱਖ ਦੇ ਗਲ਼ ਵਿਚ ਰੱਬ ਆਪਣੀ ਭਗਤੀ ਦਾ ਪਟਾ ਪਾ ਦਿੰਦਾ ਹੈ, ਐਸਾ ਸਿੱਖ ਰੱਬ ਦਾ ਕੂਕਰ ਬਣ ਜਾਂਦਾ ਹੈ।

੨. ਜਿਹੜੇ ਸਿੱਖ ਦੇ ਹਿਰਦੇ ਅੰਦਰ ਰੱਬੀ ਨਾਮ ਦੀ ਤੜਫ ਪੈਦਾ ਹੋ ਜਾਂਦੀ ਹੈ, ਐਸਾ ਸਿੱਖ ਰੱਬ ਦੇ ਦਰ 'ਤੇ ਪ੍ਰਵਾਨ ਹੋ ਜਾਂਦਾ ਹੈ।

੩. ਜਿਹੜੇ ਸਿੱਖ ਦੇ ਹਿਰਦੇ ਅੰਦਰ ਗੁਰਬਾਣੀ ਵੱਸ ਜਾਂਦੀ ਹੈ, ਐਸੇ ਸਿੱਖ ਦੇ ਹਿਰਦੇ ਅੰਦਰ ਰੱਬੀ ਨਾਮ ਦਾ ਪ੍ਰੇਮ ਪੁੰਗਰਨ ਲੱਗ ਪੈਂਦਾ ਹੈ।

੪. ਜਿਹੜਾ ਸਿੱਖ ਹਰ ਰੋਜ਼ ਅਰਦਾਸ ਵਿਚ ਰੱਬੀ ਨਾਮ ਹੀ ਮੰਗਦਾ ਹੈ, ਐਸੇ ਸਿੱਖ ਨੂੰ ਗੁਰੂ ਮੋਖਸ਼ ਦੀ ਦਾਤ ਦੇ ਦਿੰਦਾ ਹੈ।

੫. ਜਿਹੜਾ ਸਿੱਖ ਗੁਰਸ਼ਬਦ ਦੀ ਕਮਾਈ ਕਰਦਾ ਹੈ, ਗੁਰੂ ਸ਼ਬਦ ਦੀ ਕੀਤੀ ਕਮਾਈ ਹੀ ਉਸ ਨੂੰ ਰੱਬ ਦੇ ਨੇੜ੍ਹੇ ਲੈ ਜਾਂਦੀ ਹੈ।

੬. ਜਿਹੜੇ ਮਨੁੱਖ ਦੇ ਹਿਰਦੇ ਅੰਦਰ ਰੱਬੀ ਨਾਮ ਦੀ ਪ੍ਰਤੀਤ ਨਹੀਂ ਹੁੰਦੀ, ਐਸੇ ਮਨੁੱਖ ਦੇ ਹਿਰਦੇ ਅੰਦਰ ਰੱਬੀ ਨਾਮ ਦੀ ਪ੍ਰੀਤ ਵੀ ਨਹੀਂ ਹੁੰਦੀ

੭. ਗੁਰਦੁਆਰਾ ਸੋਨੇ ਜਾਂ ਪੱਥਰਾਂ ਕਰਕੇ ਸੋਹਣਾ ਨਹੀਂ ਹੁੰਦਾ, ਗੁਰਦੁਆਰਾ ਗੁਰੂ ਕਰਕੇ ਸੋਹਣਾ ਹੁੰਦਾ ਹੈ।

੮. ਫਿੱਕੇ ਬੋਲ ਬੋਲਣ ਵਾਲੇ ਮਨੁੱਖ ਦੇ ਕੋਲ ਨਾ ਬਹਿਣ ਦਾ ਸੁਆਦ ਹੁੰਦਾ ਹੈ ਅਤੇ ਨਾ ਹੀ ਰਹਿਣ ਦਾ ਸੁਆਦ ਹੁੰਦਾ ਹੈ।

੯. ਮਨੁੱਖ ਦੇ ਹਿਰਦੇ ਅੰਦਰ ਗੁਰੂ ਪ੍ਰਤੀ ਜਿਹੋ ਜਿਹੀ ਭਾਵਨਾ ਹੁੰਦੀ ਹੈ, ਐਸੇ ਮਨੁੱਖ ਨੂੰ ਉਹੋ ਜਿਹਾ ਹੀ ਫ਼ਲ ਪ੍ਰਾਪਤ ਹੋ ਜਾਂਦਾ ਹੈ।

੧੦. ਜਿਸ ਦਿਨ ਸਿੱਖ ਦਾ ਧਿਆਨ ਪਰਮਾਤਮਾ ਵੱਲ ਹੋ ਜਾਂਦਾ ਹੈ, ਉਸ ਦਿਨ ਪਰਮਾਤਮਾ ਦਾ ਧਿਆਨ ਵੀ ਸਿੱਖ ਵੱਲ ਹੋ ਜਾਂਦਾ ਹੈ।

੧੧. ਜਿਸ ਦਿਨ ਗੁਰੂ ਸਿੱਖ 'ਤੇ ਮਿਹਰ ਦੀ ਨਿਗਾਹ ਨਾਲ ਵੇਖ ਲੈਂਦਾ ਹੈ, ਉਸ ਦਿਨ ਸਿੱਖ ਦੀ ਬੁੱਧੀ ਵੀ ਬਿਬੇਕ ਹੋ ਜਾਂਦੀ ਹੈ।

੧੨. ਮਾਇਆ ਦੇ ਮੋਹ ਕਰਕੇ ਮਨੁੱਖ ਆਪਣੀ ਇਨਸਾਨੀਅਤ ਵੀ ਵੇਚ ਦਿੰਦਾ ਹੈ।

੧੩. ਜਿਸ ਸਿੱਖ ਦਾ ਮਨ ਸ਼ੁੱਧ ਹੋ ਜਾਂਦਾ ਹੈ, ਐਸੇ ਸਿੱਖ ਦਾ ਵਿਚਾਰ, ਅਹਾਰ

** ੨, ਸਰਦਾਰ ਐਵੀਨਿਊ, ਮਜੀਠਾ ਰੋਡ, ਸ੍ਰੀ ਅੰਮ੍ਰਿਤਸਰ ਸਾਹਿਬ- ੧੪੩੦੦੧; ਮੋ. +੯੧੯੮੧੫੧ ੪੩੫੨੬*

ਅਤੇ ਕਿਰਦਾਰ ਵੀ ਸ਼ੁੱਧ ਹੋ ਜਾਂਦਾ ਹੈ।

੧੪. ਰੱਬ ਦੀ ਰਜ਼ਾ ਵਿਚ ਰਹਿਣਾ ਹੀ, ਰੱਬੀ ਨਾਮ ਦੀ ਕਮਾਈ ਹੁੰਦੀ ਹੈ।

੧੫. ਜਿਸ ਮਨੁੱਖ ਦੇ ਵਿਚਾਰ ਸ਼ੁਧ ਨਹੀਂ ਹੁੰਦੇ, ਐਸੇ ਮਨੁੱਖ ਦਾ ਕਿਰਦਾਰ ਸ਼ੁੱਧ ਵੀ ਨਹੀਂ ਹੁੰਦਾ।

੧੬. ਜਦੋਂ ਸੁਰਤ ਅਤੇ ਸ਼ਬਦ ਦਾ ਸੁਮੇਲ ਹੋ ਗਿਆ, ਸਮਝੋ ਕਿ ਸਿੱਖ ਦਾ ਤੇ ਰੱਬ ਦਾ ਹੁਣ ਮੇਲ ਹੋ ਗਿਆ।

੧੭. ਜਿਹੜਾ ਸਿੱਖ ਰੱਬ ਨੂੰ ਵਿਸਾਰ ਕੇ, ਰੱਬ ਦੀਆਂ ਦਿੱਤੀਆਂ ਹੋਈਆਂ ਦਾਤਾਂ ਨਾਲ ਜੁੜ ਜਾਂਦਾ ਹੈ, ਐਸਾ ਮਨੁੱਖ ਅਕ੍ਰਿਤਘਣ ਨਿਆਈਂ ਹੁੰਦਾ ਹੈ।

੧੮. ਜਦੋਂ ਸਿੱਖ ਦਾ ਧਿਆਨ ਇਕ ਪਰਮਾਤਮਾ 'ਤੇ ਕੇਂਦਰ ਬਿੰਦੂ ਹੋ ਜਾਂਦਾ ਹੈ, ਐਸੇ ਸਿੱਖ ਦੇ ਸਾਰੇ ਦੁਖ, ਕਸ਼ਟ ਅਤੇ ਵਿਘਨ ਉਸ ਦੇ ਅੰਦਰ ਹੀ ਸੜ ਜਾਂਦੇ ਹਨ।

੧੯. ਮਨੁੱਖ ਦੇ ਸੁਆਸ ਮੁੱਕ ਜਾਣ ਨਾਲ ਮਨੁੱਖੀ ਸਰੀਰ ਦੀ ਮੌਤ ਹੋ ਜਾਂਦੀ ਹੈ, ਇਸੇ ਤਰ੍ਹਾਂ ਮਨੁੱਖੀ ਮਨ ਦੇ ਫੁਰਨੇ ਮੁੱਕ ਜਾਣ ਨਾਲ ਮਨੁੱਖੀ ਮਨ ਦੀ ਮੌਤ ਹੋ ਜਾਂਦੀ ਹੈ।

੨੦. ਜਿਹੜਾ ਸਿੱਖ ਜਿਊਂਦੇ ਜੀਅ ਦੁਨੀਆ ਦੀ ਆਸ ਅਤੇ ਮਾਇਆ ਦੀ ਪਿਆਸ ਛੱਡ ਦਿੰਦਾ ਹੈ, ਐਸੇ ਸਿੱਖ ਦੇ ਹਿਰਦੇ ਅੰਦਰ ਰੱਬੀ ਨਾਮ ਦੀ ਵਰਖਾ ਹੋਣੀ ਸ਼ੁਰੂ ਹੋ ਜਾਂਦੀ ਹੈ।

੨੧. ਜਿਸ ਤਰ੍ਹਾਂ ਇੱਕ ਮਾਂ ਆਪਣੇ ਸੁੱਤੇ ਹੋਏ ਬੱਚੇ ਨੂੰ ਸਕੂਲ ਜਾਣ ਲਈ ਅੰਮ੍ਰਿਤ ਵੇਲੇ ਉਠਾਉਂਦੀ ਹੈ, ਇਸੇ ਤਰ੍ਹਾਂ ਗੁਰੂ ਵੀ ਆਪਣੇ ਸਿੱਖ ਨੂੰ ਅੰਮ੍ਰਿਤ ਵੇਲੇ ਉਠਾ ਕੇ ਆਪਣੇ ਨਾਲ ਜੋੜ ਲੈਂਦਾ ਹੈ। ■

ਪਿੰਡ ਪੁਰੀਆਂ ਕਲਾਂ ਵਿਖੇ ਅੰਮ੍ਰਿਤ-ਸੰਚਾਰ

ਭਾਈ ਗੁਰਮੁਖ ਸਿੰਘ, ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਸ੍ਰੀ ਨਾਨਕ ਪ੍ਰਕਾਸ਼, ਪਿੰਡ ਪੁਰੀਆਂ ਕਲਾਂ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਵਿਖੇ ਜਥੇਦਾਰ ਗੁਰਿੰਦਰਪਾਲ ਸਿੰਘ ਗੋਰਾ, ਮੈਂਬਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਗਵਾਈ ਵਿਚ ਮਿਤੀ ੯ ਮਾਰਚ, ੨੦੨੫ ਈ. ਨੂੰ ਅੰਮ੍ਰਿਤ-ਸੰਚਾਰ ਸਮਾਗਮ ਕਰਵਾਇਆ ਗਿਆ। ਇਸ ਦੌਰਾਨ ੩੬ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ। ਅੰਮ੍ਰਿਤ ਅਭਿਲਾਖੀਆਂ ਨੂੰ ਧਰਮ ਪ੍ਰਚਾਰ ਕਮੇਟੀ ਵੱਲੋਂ ਕਕਾਰ ਭੇਟਾ ਰਹਿਤ ਦਿੱਤੇ ਗਏ।

ਕੰਚਨ ਕਾਇਆ:

ਮਨ ਰੇ ਗ੍ਰਿਹ ਹੀ ਮਾਹਿ ਉਦਾਸੁ

*-ਡਾ. ਸ਼ਿਆਮ ਸੁੰਦਰ ਦੀਪਤੀ**

ਉਦਾਸੀ ਮਨ ਦੀ ਇਕ ਅਵਸਥਾ ਹੈ। ਇਸ ਹਾਲਤ ਵਿਚ ਮਨ ਆਪਣੇ ਅੰਦਰ ਰਹਿ ਕੇ ਵੀ ਸੰਸਾਰ ਤੋਂ ਟੁੱਟਿਆ ਰਹਿੰਦਾ ਹੈ। ਮਨ ਦੀ ਇਹ ਅਵਸਥਾ ਬੜੀ ਦੁਖਦਾਈ ਹੈ।

ਸਰੀਰ ਦੇ ਪੱਖ ਤੋਂ ਸੋਚੀਏ ਤੇ ਸਮਝੀਏ ਤਾਂ ਅਜੋਕੇ ਸੰਸਾਰ ਵਿਚ ਜਿੱਥੇ ਮਨੁੱਖ ਨੇ ਵਿਗਿਆਨਕ ਸੂਝ ਰਾਹੀਂ ਸਭ ਸੁਖ-ਸਹੂਲਤਾਂ ਹਾਸਲ ਕਰ ਲਈਆਂ ਹਨ, ਉੱਥੇ ਇਨ੍ਹਾਂ ਦੇ ਹੁੰਦੇ ਹੋਏ ਵੀ ਮਨ ਬੇਚੈਨ ਅਤੇ ਉਦਾਸ ਕਿਉਂ ਹੈ, ਟੁੱਟਿਆ ਅਤੇ ਭਟਕਿਆ ਕਿਉਂ ਹੈ? ਇਹ ਇਕ ਵੱਡਾ ਸਵਾਲ ਹੈ।

ਅਜੋਕੇ ਵਿਗਿਆਨਕ ਯੁੱਗ ਵਿਚ ਸਿਹਤ ਦੇ ਕਈ ਪੱਖ ਸਾਹਮਣੇ ਆਏ ਹਨ ਅਤੇ ਆ ਰਹੇ ਹਨ। ਕਿਸੇ ਵਕਤ ਲਾਗ ਦੀਆਂ ਬੀਮਾਰੀਆ ਜਿਵੇਂ- ਟੀ.ਬੀ., ਹੈਜਾ ਆਦਿ ਇਕ ਨੰਬਰ 'ਤੇ ਹੁੰਦੇ ਸਨ ਤੇ ਫਿਰ ਦੂਸਰੇ ਪੜਾਅ ਵਿਚ ਦਿਲ ਦੀਆਂ ਬਿਮਾਰੀਆਂ ਅਤੇ ਸ਼ੂਗਰ ਰੋਗ ਵਰਗੀਆਂ ਬਿਮਾਰੀਆਂ ਨੇ ਆਪਣੀ ਥਾਂ ਬਣਾ ਲਈ। ਅੱਜ ਇੱਕੀਵੀਂ ਸਦੀ ਵਿਚ ਉਦਾਸੀ ਰੋਗ ਸਭ ਤੋਂ ਮੂਹਰਲੀ ਕਤਾਰ ਵਿਚ ਹੈ। ਇਹ ਆਪਣੇ-ਆਪ ਵਿਚ ਆਪਸੀ ਵਿਰੋਧ ਵਾਲੀ ਗੱਲ ਹੈ ਕਿ ਮਨ ਨੂੰ ਖੁਸ਼ ਕਰਨ ਲਈ ਅਤੇ ਸਰੀਰ ਨੂੰ ਅਰਾਮ ਦੇਣ ਲਈ ਕਿੰਨੇ ਹੀ ਸਾਧਨ ਹਨ। ਪਰ ਦੂਸਰੇ ਪਾਸੇ ਉਦਾਸੀ ਰੋਗ ਦਿਨ-ਬ-ਦਿਨ ਮਨੁੱਖ ਨੂੰ ਘੇਰ ਰਿਹਾ ਹੈ।

ਉਦਾਸੀ ਜਿਸ ਨੂੰ ਆਮ ਤੌਰ 'ਤੇ ਜ਼ਿੰਦਗੀ ਦਾ ਹਿੱਸਾ ਮੰਨਿਆ ਜਾਂਦਾ ਹੈ ਜਿਵੇਂ ਕਿਹਾ ਵੀ ਜਾਂਦਾ, ਕਦੇ ਖੁਸ਼ੀ, ਕਦੇ ਗਮੀ। ਉਦਾਸੀ ਜ਼ਿੰਦਗੀ ਦੇ ਚੱਕਰ ਵਿਚ ਇਸ ਤਰ੍ਹਾਂ ਬਣੀ ਹੋਈ ਹੈ ਕਿ ਉਹ ਆਉਂਦੀ-ਜਾਂਦੀ ਰਹਿੰਦੀ ਹੈ, ਪਰ ਇਹ ਹਾਲਤ ਰੋਗ ਕਦੋਂ ਬਣ ਗਈ, ਇਹ ਪਤਾ ਹੀ ਨਹੀਂ ਚਲਿਆ। ਇਸ ਗੱਲ ਤੋਂ ਅਸੀਂ ਸਮਝ ਸਕਦੇ ਹਾਂ, ਜਦੋਂ ਅਸੀਂ ਉਦਾਸੀ ਰੋਗ ਦੇ ਅੰਕੜੇ ਦੇਖਦੇ ਹਾਂ ਕਿ ਉਦਾਸੀ ਰੋਗ ਇਸਤਰੀਆਂ ਵਿਚ ਮਰਦਾਂ ਨਾਲੋਂ ਤਕਰੀਬਨ ਦੋ ਗੁਣਾ ਵੱਧ ਹੁੰਦਾ ਹੈ। ਜਦੋਂ ਕਿ ਇਹ ਕਿਹਾ ਜਾਂਦਾ ਕਿ ਇਸਤਰੀਆਂ ਰੋ ਕੇ ਆਪਣਾ ਦੁੱਖ ਵੰਡ ਲੈਂਦੀਆਂ ਹਨ ਤੇ ਮਨ ਹਲਕਾ ਕਰ ਲੈਂਦੀਆਂ ਹਨ। ਇਸ ਦੇ ਬਾਵਜੂਦ ਇਹ ਰੋਗ ਇਸਤਰੀਆਂ ਵਿਚ ਦੁੱਗਣਾ ਕਿਉਂ ਹੈ? ਅਸੀਂ ਸਮਾਜਿਕ ਜੀਵਨ ਵਿਚ ਇਸਤਰੀਆਂ ਦੀ ਜਿੰਦਗੀ ਨੂੰ ਦੇਖ ਸਕਦੇ ਹਾਂ ਕਿ ਕਿਵੇਂ ਜਨਮ ਤੋਂ ਲੈ ਕੇ ਆਖਰੀ ਸਾਹ ਤਕ ਉਨ੍ਹਾਂ ਨਾਲ ਜਿਸ ਤਰ੍ਹਾਂ ਦਾ ਵਿਵਹਾਰ ਹੁੰਦਾ ਹੈ। ਪਹਿਲੀ ਗੱਲ ਤਾਂ ਇਸਤਰੀਆਂ ਦੀ ਜਨਮ ਸਮੇਂ ਆਮਦ ਨੂੰ

**੯੭-ਗੁਰੂ ਨਾਨਕ ਐਵੀਨਿਊ, ਮਜੀਠਾ ਰੋਡ, ਸ੍ਰੀ ਅੰਮ੍ਰਿਤਸਰ-੧੪੩੦੦੧; ਮੋ. ੯੮੧੫੮-੦੮੫੦੬*

ਹੀ 'ਜੀ ਆਇਆਂ' ਨਹੀਂ ਕਿਹਾ ਜਾਂਦਾ। ਖਾਸ ਤੌਰ 'ਤੇ ਪੰਜਾਬ ਵਰਗੀ ਧਰਤੀ 'ਤੇ ਜੋ ਕਿ ਗੁਰੂ ਸਾਹਿਬਾਨ, ਭਗਤ ਸਾਹਿਬਾਨ ਆਦਿ ਮਹਾਨ ਸ਼ਖ਼ਸੀਅਤਾਂ ਦੀ ਧਰਤੀ ਹੈ। ਗੁਰਬਾਣੀ ਵਿਚ ਇਸਤਰੀ ਨੂੰ ਰਾਜਾ ਪੈਦਾ ਕਰਨ ਵਾਲੀ ਹਸਤੀ ਕਿਹਾ ਗਿਆ ਹੈ। ਪਰ ਦੇਖਣ ਵਿਚ ਇਸਤਰੀ ਨੂੰ ਨਿਰਾਦਰੀ ਮਿਲ ਰਹੀ ਹੈ।

ਮਨੁੱਖ ਨੇ ਇੰਨਾ ਵਿਕਾਸ ਕੀਤਾ ਹੈ ਪਰ ਉਹ ਬਰਾਬਰੀ ਨਾਲ ਇਸਤਰੀ ਦੇ ਹਿੱਸੇ ਨਹੀਂ ਆਇਆ ਹੈ। ਚਾਹੇ ਗੱਲ ਵਿੱਦਿਆ ਦੀ ਹੋਵੇ ਜਾਂ ਸਿਹਤ ਸਹੂਲਤਾਂ ਦੀ। ਜੇਕਰ ਸਮਾਜਿਕ ਦ੍ਰਿਸ਼ ਦੀ ਗੱਲ ਕਰੀਏ ਤਾਂ ਇਨ੍ਹਾਂ ਦੀ ਹਾਲਤ ਦਲਿਤ ਸਮਾਜ ਨਾਲ ਤੁਲਨਾਈ ਜਾ ਸਕਦੀ ਹੈ। ਜੇਕਰ ਇਹ ਗੱਲ ਸੋਚ ਕੇ ਖੁਸ਼ੀ ਹੁੰਦੀ ਹੈ ਕਿ ਇਹ ਹਾਲਤ ਸਿਰਫ਼ ਨਿਮਨ ਸ਼੍ਰੇਣੀ ਦੀਆਂ ਇਸਤਰੀਆਂ ਬਾਰੇ ਹੈ ਤਾਂ ਅਸੀ ਗ਼ਲਤੀ ਕਰ ਰਹੇ ਹਾਂ। ਸਾਰੀਆਂ ਇਸਤਰੀਆਂ ਤਾਂ ਉੱਚ-ਮੱਧ ਜਾਂ ਨਿਮਨ ਸਭ ਦੀ ਹਾਲਤ ਇੱਕੋ ਜਿਹੀ ਹੈ। ਗਰੀਬ ਪਰਵਾਰ ਵਿਚ ਸਿੱਖਿਆ ਜਾਂ ਖੁਰਾਕ ਪੱਖੋਂ ਕੁਝ ਫਰਕ ਹੋ ਸਕਦਾ ਹੈ ਪਰ ਜੇਕਰ ਮਨ ਦੀਆਂ ਰੀਝਾਂ ਦੀ ਗੱਲ ਕਰਨੀ ਹੋਵੇ, ਉਹ ਕਿਸੇ ਵੀ ਇਸਤਰੀ ਦੇ ਬਾਰੇ ਸਹੀ ਨਹੀਂ ਹੈ। ਸਭ ਨੂੰ ਆਪਣਾ ਮਨ ਮਾਰ ਕੇ ਰਹਿਣਾ ਪੈਂਦਾ ਹੈ ਤੇ ਇਹੀ ਕਾਰਨ ਹੈ ਕਿ ਉਨ੍ਹਾਂ ਦਾ ਮਨ ਸਮਾਜ ਤੋਂ ਟੁੱਟ ਜਾਂਦਾ ਹੈ।

ਇਸ ਦੇ ਮੁਕਾਬਲੇ ਪੁਰਸ਼ਾਂ ਦੀ ਹਾਲਤ ਇਸਤਰੀਆਂ ਤੋਂ ਵੱਖਰੀ ਹੈ ਕਿ ਉਨ੍ਹਾਂ ਵਿਚ ਉਦਾਸੀ ਬਹੁਤ ਘੱਟ ਹੁੰਦੀ ਹੈ ਕਿਉਂਕਿ ਉਹ ਸਮਾਜ ਵਿਚ, ਲੋਕਾਂ ਵਿਚ, ਆਪਣੇ ਸਕੇ -ਸੰਬੰਧੀਆਂ ਵਿਚ ਤੇ ਆਪਣੇ ਵਰਗ ਦੇ ਕਾਮਿਆਂ ਆਦਿ ਵਿਚ ਵਿਚਰਦੇ ਰਹਿੰਦੇ ਹਨ ਤੇ ਹਰ ਥਾਂ 'ਤੇ ਆਪਣੇ ਮਨ ਦੀ ਗੱਲ ਕੱਢ ਲੈਂਦੇ ਹਨ। ਦੂਜਾ ਤੱਥ ਇਹ ਵੀ ਹੈ ਕਿ ਮਰਦ ਸ਼ਰਾਬ ਆਦਿ ਪੀ ਕੇ ਵੀ ਆਪਣੇ ਦੁੱਖ ਨੂੰ ਕੁਝ ਸਮੇਂ ਲਈ ਭੁੱਲਣ ਦੀ ਕੋਸ਼ਿਸ਼ ਕਰਦੇ ਹਨ ਜੋ ਕਿ ਬਿਲਕੁਲ ਹੀ ਠੀਕ ਨਹੀਂ ਹੈ। ਇਸ ਤਰ੍ਹਾਂ ਉਦਾਸੀ ਅਤੇ ਸ਼ਰਾਬੀ-ਪੁਣਾ ਲਗਪਗ ਬਰਾਬਰ ਮਾਤਰਾ ਵਿਚ ਅਤੇ ਦੋ ਅੱਡ-ਅੱਡ ਵਰਗਾਂ ਵਿਚ ਦੇਖਣ ਨੂੰ ਮਿਲਦੇ ਹਨ, ਗੁਰਬਾਣੀ ਵਿਚ ਇਕ ਵਾਕ ਹੈ:

ਬਹੁ ਭੇਖ ਕਰਿ ਭਰਮਾਈਐ ਮਨਿ ਹਿਰਦੈ ਕਪਟੁ ਕਮਾਇ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੨੬)

ਕਹਿਣ ਦਾ ਭਾਵ ਹਿਰਦੇ ਵਿਚ ਜੇ ਧੋਖਾ ਹੈ ਤਾਂ ਫਿਰ ਅੱਜ ਨਹੀਂ ਤਾਂ ਕੱਲ ਉਹ ਉਦਾਸੀ ਵਿਚ ਡਿੱਗਣਾ ਹੀ ਡਿੱਗਣਾ ਹੈ। ਉਦਾਸੀ ਤੋਂ ਬਾਹਰ ਆਉਣ ਲਈ ਯਤਨਸ਼ੀਲ ਹੋਣ ਦੀ ਜ਼ਰੂਰਤ ਹੈ। ਸਭ ਤੋਂ ਵੱਡੀ ਲੋੜ ਸਮਾਜ ਵਿਚ ਰਹਿੰਦੇ ਹੋਏ ਸਮਾਜਿਕ ਸੰਬੰਧਾਂ ਨੂੰ ਬਣਾ ਕੇ ਰੱਖਣ ਦੀ ਲੋੜ ਹੈ। ਸਮਾਜਿਕ ਜੀਵਨ ਦੀ ਇਹੀ ਵਿਸ਼ੇਸ਼ਤਾ ਹੈ। ਕਿਹਾ ਵੀ ਜਾਂਦਾ ਕਿ ਸਮਾਜ ਵਿਚ ਕਿਸੇ ਨੂੰ ਇਕੱਲਿਆਂ ਕਰਨਾ ਸਭ ਤੋਂ ਵੱਡੀ ਸਜ਼ਾ ਹੈ।

ਦੁੱਖ ਨੂੰ ਘੱਟ ਕਰਨ ਦਾ ਇਕ ਅਸਰਦਾਰ ਤਰੀਕਾ ਹੈ- ਦੁੱਖ ਨੂੰ ਵੰਡਣਾ ਤੇ ਦੁੱਖ

ਉਸ ਨਾਲ ਹੀ ਵੰਡਿਆ ਜਾਂਦਾ ਜੋ ਕਿਸੇ ਦੇ ਦੁੱਖ ਨੂੰ ਸਮਝੇ। ਕਿਸੇ ਦੇ ਦੁੱਖ ਨੂੰ ਸਮਝਣਾ ਮਨੁੱਖ ਲਈ ਇਕ ਅਤਿ ਸੰਵੇਦਨਸ਼ੀਲ ਕਾਰਜ ਹੈ। ਇਹ ਹਮਦਰਦੀ (sympathy) ਤੋਂ ਵੱਖਰਾ ਹੈ। ਜੇ ਕੋਈ ਅਜਿਹਾ ਸ਼ਖ਼ਸ ਮਿਲ ਜਾਵੇ ਤਾਂ ਉਸ ਨਾਲ ਸਾਂਝ ਬਣਾ ਕੇ ਰੱਖਣੀ ਚਾਹੀਦੀ ਹੈ। ਅੱਜ ਦੇ ਸਮੇਂ ਵਿਚ ਜੋ ਕਿ ਬਹੁਤ ਘੱਟ ਗਈ ਹੈ। ਮਨੁੱਖ ਦਾ ਮਨੁੱਖ ਤੋਂ ਟੁੱਟਣਾ ਅਜੋਕੇ ਸਮੇਂ ਦੀ ਸਭ ਤੋਂ ਵੱਡੀ ਤ੍ਰਾਸਦੀ ਹੈ ਤੇ ਅਸੀਂ ਇਸ ਵਿਚ ਘਿਰਦੇ ਜਾ ਰਹੇ ਹਾਂ।

ਉਦਾਸੀ ਤੋਂ ਬਾਹਰ ਆਉਣ ਲਈ ਮਨ ਦਾ ਭਟਕਾਅ ਇਕ ਮੁੱਖ ਕਾਰਨ ਹੈ, ਜੋ ਇਸ ਲਈ ਵਧ ਰਿਹਾ ਕਿ ਅਸੀਂ ਕੁਦਰਤ ਤੋਂ ਦੂਰ ਹੋ ਰਹੇ ਹਾਂ ਤੇ ਅਨੇਕਾਂ ਹੀ ਕੁਦਰਤ ਤੋਂ ਮਿਲੀਆਂ ਨਿਆਮਤਾਂ ਦਾ ਜ਼ਿਕਰ ਨਹੀਂ ਕਰਦੇ। ਕੁਦਰਤ ਦਾ ਸ਼ੁਕਰਾਨਾ ਵੀ ਨਹੀਂ ਕਰਦੇ ਤੇ ਹੌਲੀ-ਹੌਲੀ ਕੁਦਰਤ ਦੇ ਸ਼ਰੀਕ ਹੋਈ ਜਾ ਰਹੇ ਹਾਂ। ਅਸੀਂ ਆਪਣੇ ਕੰਮਾਂ ਵੱਲ ਧਿਆਨ ਨਾ ਦੇ ਕੇ ਕੁਦਰਤ ਦੇ ਵਿਰੋਧ ਵਿਚ ਕਾਰਜ ਕਰਨ ਲੱਗੇ ਹੋਏ ਹਾਂ। ਇਸ ਲਈ ਕੰਮਾਂ ਵਿਚ ਨਾ ਖੁਸ਼ੀ ਹੈ, ਨਾ ਸੰਤੁਸ਼ਟੀ ਤੇ ਇੱਕ ਰੋਗ-ਗ੍ਰਸਤ ਜੀਵਨ ਵਿਚ ਪ੍ਰਵੇਸ਼ ਕਰ ਰਹੇ ਹਾਂ। ਅਸੀਂ ਕੁਦਰਤ ਤੋਂ ਟੁੱਟ ਕੇ ਦਵਾਈਆਂ ਤੇ ਹਸਪਤਾਲਾਂ ਦੇ ਗੇੜ੍ਹਿਆਂ ਵਿਚ ਪੈ ਰਹੇ ਹਾਂ। ਗੁਰਬਾਣੀ ਅਨੁਸਾਰ ਇਹ ਸਭ ਮਾਇਆ ਦਾ ਬੁਣਿਆ ਤਾਣਾ-ਪੇਟਾ ਹੈ। ਇਸ ਤੋਂ ਉਪਰਾਮ ਹੋਣ ਦੀ ਜਗ੍ਹਾ ਗ੍ਰਿਹਸਤ ਵਿਚ ਰਹਿੰਦਿਆਂ ਹੋਇਆਂ ਮਾਇਆ ਦੇ ਮੋਹ ਵੱਲੋਂ ਨਿਰਲੇਪ ਹੋਣ ਦੀ ਜ਼ਰੂਰਤ ਹੈ। ਫੁਰਮਾਨ ਹੈ:

ਮਨ ਰੇ ਗ੍ਰਿਹ ਹੀ ਮਾਹਿ ਉਦਾਸੁ॥(ਸ੍ਰੀ ਗੁਰੂ ਗ੍ਰੰਥ ਸਾਹਿਬ, ੯੨੬)

■

ਪਿੰਡ ਬੁਤਾਲਾ ਵਿਖੇ ਅੰਮ੍ਰਿਤ-ਸੰਚਾਰ

ਭਾਈ ਜੱਜ ਸਿੰਘ ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖੀ ਦੇ ਪ੍ਰਚਾਰ ਦੇ ਪ੍ਰਸਾਰ ਲਈ ਗੁਰਦੁਆਰਾ ਬਾਬਾ ਪੱਲਾ ਜੀ, ਪਿੰਡ ਬੁਤਾਲਾ, ਹਲਕਾ ਬਾਬਾ ਬਕਾਲਾ ਸਾਹਿਬ ਵਿਖੇ ਮਿਤੀ ੧ ਮਾਰਚ, ੨੦੨੫ ਈ. ਨੂੰ ਅੰਮ੍ਰਿਤ-ਸੰਚਾਰ ਸਮਾਗਮ ਕਰਵਾਇਆ ਗਿਆ। ਇਸ ਦੌਰਾਨ ੨੬ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ। ਅੰਮ੍ਰਿਤ-ਸੰਚਾਰ ਲਈ ਪੰਜ ਪਿਆਰੇ ਸਾਹਿਬਾਨ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੁੱਜੇ। ਅੰਮ੍ਰਿਤ ਅਭਿਲਾਖੀਆਂ ਨੂੰ ਧਰਮ ਪ੍ਰਚਾਰ ਕਮੇਟੀ ਵੱਲੋਂ ਕਕਾਰ ਭੇਟਾ ਰਹਿਤ ਦਿੱਤੇ ਗਏ।

ਅਪ੍ਰੈਲ ਅਤੇ ਮਈ ੨੦੨੫ ਈ. ਦੇ ਗੁਰਪੁਰਬ ਅਤੇ ਇਤਿਹਾਸਿਕ ਦਿਹਾੜੇ

ਜੋਤੀ ਜੋਤਿ ਦਿਵਸ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ	੧੯ ਚੇਤ ੧ ਅਪ੍ਰੈਲ
ਜੋਤੀ ਜੋਤਿ ਦਿਵਸ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ	੨੦ ਚੇਤ ੨ ਅਪ੍ਰੈਲ
ਜਨਮ ਦਿਹਾੜਾ ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੀ	੨੭ ਚੇਤ ੦੯ ਅਪ੍ਰੈਲ
ਗੁਰਿਆਈ ਦਿਵਸ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ	੨੯ ਚੇਤ ੧੧ ਅਪ੍ਰੈਲ
ਜੋਤੀ ਜੋਤਿ ਦਿਵਸ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ	੨੯ ਚੇਤ ੧੧ ਅਪ੍ਰੈਲ
ਖਾਲਸਾ ਸਾਜਣਾ ਦਿਵਸ (ਵੈਸਾਖੀ)	੦੧ ਵੈਸਾਖ ੧੩ ਅਪ੍ਰੈਲ
ਸਿੱਖ ਦਸਤਾਰ ਦਿਵਸ	੦੧ ਵੈਸਾਖ ੧੩ ਅਪ੍ਰੈਲ
ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ	੦੬ ਵੈਸਾਖ ੧੮ ਅਪ੍ਰੈਲ
ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ	੦੮ ਵੈਸਾਖ ੨੦ ਅਪ੍ਰੈਲ
ਜਨਮ ਦਿਹਾੜਾ ਭਗਤ ਧੰਨਾ ਜੀ	੦੮ ਵੈਸਾਖ ੨੦ ਅਪ੍ਰੈਲ
ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ	੧੬ ਵੈਸਾਖ ੨੮ ਅਪ੍ਰੈਲ
ਸ਼ਹੀਦੀ ਜੋੜ-ਮੇਲਾ ਸ੍ਰੀ ਮੁਕਤਸਰ ਸਾਹਿਬ	੨੧ ਵੈਸਾਖ ੦੩ ਮਈ
ਜਨਮ ਦਿਹਾੜਾ ਸ. ਜੱਸਾ ਸਿੰਘ ਰਾਮਗੜ੍ਹੀਆ	੨੩ ਵੈਸਾਖ ੦੫ ਮਈ
ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ	੨੯ ਵੈਸਾਖ ੧੧ ਮਈ
ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਸਰਹਿੰਦ ਫ਼ਤਿਹ ਦਿਵਸ	੩੦ ਵੈਸਾਖ ੧੨ ਮਈ
ਛੋਟਾ ਘੱਲੂਘਾਰਾ ਕਾਹਨੂੰਵਾਨ (ਗੁਰਦਾਸਪੁਰ)	੦੩ ਜੇਠ ੧੬ ਮਈ
ਜਨਮ ਦਿਹਾੜਾ ਸ. ਜੱਸਾ ਸਿੰਘ ਜੀ ਆਹਲੂਵਾਲੀਆ	੦੫ ਜੇਠ ੧੮ ਮਈ
ਗੁਰਿਆਈ ਦਿਵਸ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ	੦੭ ਜੇਠ ੨੦ ਮਈ
ਸ਼ਹੀਦੀ ਸਾਕਾ ਪਾਉਂਟਾ ਸਾਹਿਬ	੦੯ ਜੇਠ ੨੨ ਮਈ
ਸ਼ਹੀਦੀ ਦਿਵਸ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ	੧੭ ਜੇਠ ੩੦ ਮਈ

ਪੂਰਨਮਾਸੀ	੩੦ ਚੇਤ ੧੨ ਅਪ੍ਰੈਲ
ਸੰਗਰਾਂਦ	੦੧ ਵੈਸਾਖ ੧੩ ਅਪ੍ਰੈਲ
ਮੱਸਿਆ	੧੫ ਵੈਸਾਖ ੨੭ ਅਪ੍ਰੈਲ
ਪੂਰਨਮਾਸੀ	੩੦ ਵੈਸਾਖ ੧੨ ਮਈ
ਸੰਗਰਾਂਦ	੦੧ ਜੇਠ ੧੪ ਮਈ
ਮੱਸਿਆ	੧੪ ਜੇਠ ੨੭ ਮਈ

ਮਾਰਚ ੨੦੨੫ ਦਾ ਬਾਕੀ:

ਗੂਜਰੀ ਕੀ ਵਾਰ ਮਹਲਾ ੩

*-ਮਾ. ਬਲਬੀਰ ਸਿੰਘ ਹੰਸਪਾਲ**

ਪਉੜੀ॥
ਪ੍ਰਭ ਪਾਸਿ ਜਨ ਕੀ ਅਰਦਾਸਿ ਤੂ ਸਚਾ ਸਾਂਈ॥
ਤੂ ਰਖਵਾਲਾ ਸਦਾ ਸਦਾ ਹਉ ਤੁਧੁ ਧਿਆਈ॥
ਜੀਅ ਜੰਤ ਸਭਿ ਤੇਰਿਆ ਤੂ ਰਹਿਆ ਸਮਾਈ॥
ਜੋ ਦਾਸ ਤੇਰੇ ਕੀ ਨਿੰਦਾ ਕਰੇ ਤਿਸੁ ਮਾਰਿ ਪਚਾਈ॥
ਚਿੰਤਾ ਛਡਿ ਅਚਿੰਤੁ ਰਹੁ ਨਾਨਕ ਲਗਿ ਪਾਈ॥੨੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, ੫੧੭)

ਰਾਗੁ ਗੂਜਰੀ **ਤਿੰਨ ਤਾਲ (ਮੱਧ ਲੈਅ)**

ਸਥਾਈ

੧	੨	੩	੪	੫	੬	੭	੮	੯	੧੦	੧੧	੧੨	੧੩	੧੪	੧੫	੧੬
								ਸਾ	ਰੁ	ਗੁਾ	ਮਾ	ਧੁਾ	ਨੀ	ਧੁਾ	–
								ਪ੍ਰ	s	ਭ	s	ਪਾ	s	ਸਿ	s
ਮਾ	ਧੁਾ	ਮਾ	ਗੁਾ	ਰੁ	ਗੁਾ	ਰੁ	ਸਾ	ਮਾ	ਧੁਾ	ਨੀ	ਸਾਂ	ਨੀ	ਧੁਾ	ਮਾ	ਧੁਾ
ਜਨ	ਕੀ	ਅ	ਰ	ਦਾ	s	ਸਿ	s	ਤੂ	s	s	s	ਸ	s	ਚਾ	s
ਗੁਾ	ਮਾ	ਧੁਾ	ਮਾ	ਗੁਾਮਾ	ਧੁਾਮਾ	ਗੁਾਰੁ	ਸਾ								
ਸਾਂ	s	s	s	ਈs	ss	ss	s								
x				੨				੦				੩			

** ਸੰਗੀਤ ਅਧਿਆਪਕ, ਸ੍ਰੀ ਗੁਰੂ ਰਾਮਦਾਸ ਖਾਲਸਾ ਸੀ: ਸੈ: ਸਕੂਲ, ਸ੍ਰੀ ਅੰਮ੍ਰਿਤਸਰ। ਮੋ. ੯੮੧੪੯੪੯੪੪੮*

ਰਾਗੁ ਗੂਜਰੀ **ਤਿੰਨ ਤਾਲ (ਮੱਧ ਲੈਅ)**

ਅੰਤਰਾ

੧	੨	੩	੪	੫	੬	੭	੮	੯	੧੦	੧੧	੧੨	੧੩	੧੪	੧੫	੧੬
x				੨				੦				੩			
								ਗੁ	ਮ'ਾ	ਧੁ	ਧੁ	ਮ'ਾ	ਧੁ	ਨੀ	ਨੀ
								ਤੂ	s	ਰ	ਖ	ਵਾ	s	ਲਾ	s
ਸਾਂ	-	ਸਾਂ	-	ਰੇਂ	ਰੇਂ	ਸਾਂ	-	ਰੇਂ	ਗੁਾਂ	ਰੇਂ	ਸਾਂ	ਨੀ	ਸਾਂ	ਧੁ	-
ਸ	s	ਦਾ	s	ਸ	ਦਾ	s	s	ਹ	ਉ	s	s	ਤੁ	s	ਧੁ	s
ਮ'ਾ	ਧੁ	ਮ'ਾ	ਗੁ	ਰੇ	ਗੁਮ'ਾ	ਗੁਰੇ	ਸਾ								
ਧਿ	s	ਆ	s	ਈ	ss	ss	s								

ਤਾਨਾ:-

੧. ਧੁਨੀ ਸਾਰੇ ਗੁਰੇ ਗੁਮ'ਾ ਧੁਧੁ ਮ'ਾਗੁ ਰੇਗੁ ਰੇਸਾ

੨. ਸਾਰੇ ਗੁਮ'ਾ ਧੁਨੀ ਧੁਮ'ਾ ਮ'ਾਧੁ ਮ'ਾਗੁ ਰੇਗੁ ਰੇਸਾ

੩. ਸਾਰੇ ਗੁਮ'ਾ ਧੁਨੀ ਸਾਂਰੇਂ ਸਾਂਨੀ ਧੁਮ'ਾ ਗੁਰੇ ਸਾਸਾ

੪. ਮ'ਾਧੁ ਨੀਸਾਂ ਰੇਂਸਾਂ ਨੀਧੁ ਮ'ਾਧੁ ਮ'ਾਗੁ ਰੇਗੁ ਰੇਸਾ

੫. ਸਾਰੇ ਗੁਰੇ ਸਾਰੇ ਗੁਮ'ਾ ਗੁਰੇ ਸਾਰੇ ਗੁਮ'ਾ ਧੁਮ'ਾ

ਗੁਰੇ ਸਾਰੇ ਗੁਮ'ਾ ਧੁਨੀ ਸਾਂਨੀ ਧੁਮ'ਾ ਗੁਰੇ ਸਾਸਾ

੬. ਗੁਗੁ ਰੇਗੁ ਰੇਸਾ ਧੁਧੁ ਮ'ਾਧੁ ਮ'ਾਗੁ ਨੀਨੀ ਧੁਨੀ

ਧੁਮ'ਾ ਸਾਂਸਾਂ ਨੀਸਾਂ ਨੀਧੁ ਮ'ਾਧੁ ਮ'ਾਗੁ ਰੇਗੁ ਰੇਸਾ

ਸਿੱਖ ਸਾਹਿਤ ਦੇ ਰੂ-ਬ-ਰੂ ...

*-ਡਾ. ਰਣਜੀਤ ਕੌਰ ਪੰਨਵਾਂ**

ਸ. ਮਨਪ੍ਰੀਤ ਸਿੰਘ ਬਾਜ ਦੁਆਰਾ ਲਿਖੀ ਗਈ ਪੁਸਤਕ 'ਸਿੱਖ ਪਾਰਲੀਮੈਂਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਮਹੱਤਤਾ, ਚੁਣੌਤੀਆਂ ਤੇ ਸਿੱਖ ਸਮਾਜ)' ਜਿੱਥੇ ਸਿੱਖ ਪੰਥ ਦੀ ਨੁਮਾਇੰਦਾ ਜਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੀ ਕਾਰਜ-ਸ਼ੈਲੀ ਤੇ ਮਹੱਤਤਾ ਬਾਰੇ ਵਿਸਤ੍ਰਿਤ ਜਾਣਕਾਰੀ ਮੁਹਈਆ ਕਰਵਾਉਂਦੀ ਹੈ, ਉੱਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅਜੋਕੇ ਯੁੱਗ ਦੀਆਂ ਜਿਨ੍ਹਾਂ ਚੁਣੌਤੀਆਂ ਨਾਲ ਵਾਬਸਤਾ ਹੋਣਾ ਪੈ ਰਿਹਾ ਹੈ, ਬਾਬਤ ਵੀ ਬਾਖੂਬੀ ਚਾਨਣਾ ਪਾਉਂਦੀ ਹੈ।

ਇਸ ਪੁਸਤਕ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਿੱਖਾਂ ਲਈ ਵਿਆਪਕ ਲੋੜ, ਬਹੁਪੱਖੀ ਮਹੱਤਤਾ ਅਤੇ ਸਿੱਖ ਹਿੱਤਾਂ ਦੀ ਪ੍ਰਾਪਤੀ ਦੇ ਕੌਮੀ ਪਲੇਟਫਾਰਮ ਵਜੋਂ ਇਸ ਦੀ ਸਥਾਪਨਾ ਨੂੰ ਉਜਾਗਰ ਕਰਦੇ, ਅਨੇਕਾਂ ਬਹੁਦਿਸ਼ਾਵੀ ਪੱਖਾਂ ਨੂੰ ਸੰਖੇਪ ਵਿਚ ਦਰਸਾਇਆ ਗਿਆ ਹੈ, ਇਨ੍ਹਾਂ ਪੱਖਾਂ ਦਾ ਵਿਸਥਾਰ ਵਿਚ ਪ੍ਰਚਾਰ/ਪ੍ਰਸਾਰ ਕਰਨਾ ਵੀ ਸਮੇਂ ਦੀ ਪ੍ਰਮੁੱਖ ਲੋੜ ਹੈ।

ਵਿਚਾਰ-ਅਧੀਨ ਪੁਸਤਕ ਨੂੰ ਦੋ ਸ਼ਬਦ, ਮੁੱਖ ਬੰਦ, ਭੂਮਿਕਾ, ਧੰਨਵਾਦ ਆਦਿ ਅਰੰਭਕ ਭਾਗ ਤੋਂ ਇਲਾਵਾ ੩੬ (ਛੱਤੀ) ਅਧਿਆਇਆਂ ਵਿਚ ਵੰਡਿਆ ਗਿਆ ਹੈ। ਜਿਸ ਵਿਚ- **੧.** ਘੱਟ-ਗਿਣਤੀ ਕੌਮ ਲਈ ਚੁਣੀ ਹੋਈ ਧਾਰਮਿਕ ਸੰਸਥਾ ਦੀ ਮਹੱਤਤਾ, **੨.** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਨ ਤੋਂ ਪਹਿਲਾਂ ਸਿੱਖਾਂ ਦੇ ਹਾਲਾਤ, **੩.** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਥਾਪਿਤ ਕਰਨ ਦੀ ਲੋੜ ਕਿਉਂ ਪਈ?, **੪.** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਨ ਦਾ ਵਿਰੋਧ, **੫.** ਸਿੱਖਾਂ ਅੰਦਰ ਕੌਮੀ ਦਰਦ ਦਾ ਪ੍ਰਗਟਾਅ, **੬.** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਥਾਪਨਾ, **੭.** ਸ਼੍ਰੋਮਣੀ ਅਕਾਲੀ ਦਲ ਸਥਾਪਿਤ ਕਰਨ ਦੀ ਲੋੜ ਕਿਉਂ ਪਈ?, **੮.** ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ, **੯.** ਸਿੱਖ ਰਹਿਤ ਮਰਯਾਦਾ ਦੀ ਪਹਿਰੇਦਾਰ ਸੰਸਥਾ, **੧੦.** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤੇ ਜਾਂਦੇ ਪ੍ਰਮੁੱਖ ਕਾਰਜਾਂ ਦਾ ਵੇਰਵਾ, **੧੧.** ਸੰਸਥਾ ਦੇ ਪ੍ਰਚਾਰ ਵਿਚ ਕਮਜੋਰੀ, **੧੨.** ਸਿੱਖ ਮਸਲਿਆਂ ਸਬੰਧੀ ਸੰਸਥਾ ਦੀ ਕਾਰਗੁਜ਼ਾਰੀ ਦੇ ਮਤੇ, **੧੩.** ਸੰਸਥਾ ਦੇ ਮਤਿਆਂ ਦਾ ਕੌਮੀ ਮਹੱਤਵ, **੧੪.** ਕੌਮੀ ਮਤੇ ਅਤੇ ਸਿੱਖਾਂ ਦੀ ਜ਼ਿੰਮੇਵਾਰੀ?, **੧੫.** ਸ਼੍ਰੋਮਣੀ

** ਇੰਚਾਰਜ, ਧਾਰਮਿਕ ਪ੍ਰੀਖਿਆ ਬ੍ਰਾਂਚ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ। ਮੋ. ੯੮੧੪੮-੫੧੫੧੩*

ਗੁਰਦੁਆਰਾ ਪ੍ਰਬੰਧਕ ਕਮੇਟੀ ਖਿਲਾਫ ਫੈਲਾਏ ਜਾਂਦੇ ਕੁਝ ਭਰਮ-ਭੁਲੇਖੇ, **੧੬.** ਮੁਲਾਜ਼ਮਾਂ ਦੀ ਕਾਰਗੁਜ਼ਾਰੀ, **੧੭.** ਮੈਂਬਰ ਸਾਹਿਬਾਨ ਤੇ ਮੁਲਾਜਮਾਂ ਦੀ ਜਿੰਮੇਵਾਰੀ, **੧੮.** ਸਿੱਖ ਸਮਾਜ ਅਤੇ ਸਰਕਾਰਾਂ ਵਿਚਕਾਰ ਪੁਲ ਵਜੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, **੧੯.** ਸਿੱਖ ਸ਼ਕਤੀ ਦਾ ਪੁਨਰ-ਸੰਗਠਨ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, **੨੦.** ਸਿੱਖਾਂ ਦੀ ਅਹਿਮ ਜ਼ਿੰਮੇਵਾਰੀ ਹੈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ, **੨੧.** ਗੁਰਦੁਆਰਾ ਸਾਹਿਬਾਨ ਅੰਦਰ ਸਰਕਾਰੀ ਦਖ਼ਲਅੰਦਾਜ਼ੀ, **੨੨.** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਤੋੜਨ ਦੀਆਂ ਸਾਜ਼ਿਸ਼ਾਂ, **੨੩.** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਹੋਂਦ ਉੱਪਰ ਹਮਲਾ, **੨੪.** ਸਿੱਖੀ ਸਿਧਾਂਤ, ਸਿੱਖ ਸਮਾਜ ਅਤੇ ਸਿੱਖ ਸੰਸਥਾ, **੨੫.** ਸਿੱਖ ਸੰਸਥਾ ਦੀ ਮਹੱਤਤਾ ਸਮਝਣ ਤੋਂ ਅਸਮਰੱਥ ਕਿਉ ਹੋ ਰਹੇ ਕਈ ਸਿੱਖ, **੨੬.** ਸੋਸ਼ਲ ਮੀਡੀਆ ਉੱਪਰ ਸਵੈ-ਵਿਰੋਧੀ ਲਹਿਰਾਂ, **੨੭.** ਧਰਮ ਦੇ ਪ੍ਰਚਾਰ ਲਈ ਸੋਸ਼ਲ ਮੀਡੀਆ-ਇੰਟਰਨੈੱਟ ਦੀ ਵਿਉਂਤਬੱਧ ਵਰਤੋਂ, **੨੮.** ਸਰਬਉੱਚ ਸਿੱਖ ਸੰਸਥਾ ਵਿਰੋਧੀ ਮਾਹੌਲ ਅਤੇ ਕੌਮੀ ਮੰਥਨ, **੨੯.** ਪੰਥਕ ਇੱਕਜੁੱਟਤਾ ਲਈ ਸ਼ਕਤੀ-ਸਰੋਤ ਹੈ ਸਿੱਖ ਇਤਿਹਾਸ, **੩੦.** ਪੰਥਕ ਇਕਜੁੱਟਤਾ ਸਮੂਹ ਸਿੱਖਾਂ ਦੀ ਜਿੰਮੇਵਾਰੀ, **੩੧.** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੌਜੂਦਾ ਸਰੂਪ, **੩੨.** ਇਸ ਸੰਸਥਾ ਦੇ ਪੰਥਕ ਮਸਲਿਆਂ ਦੇ ਕੁਝ ਵਿਦਵਾਨ, **੩੩.** ਸਿੱਖਾਂ ਦੀ ਵੱਖਰੀ ਹੋਂਦ-ਹਸਤੀ ਦੀ ਰੱਖਿਅਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, **੩੪.** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖਾਂ ਦੀ ਸਿਰਮੌਰ ਸੰਸਥਾ ਕਿਵੇਂ ਬਣੀ?, **੩੫.** ਵਿਸ਼ਵ-ਸ਼ਾਂਤੀ ਦੀ ਲਖਾਇਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, **੩੬.** ਸਿੱਖ ਕੌਮ ਦਾ ਮਾਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ।

ਉਕਤ ਪੁਸਤਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਜਸ਼ੈਲੀ ਨੂੰ, ਪ੍ਰਮਾਣਿਕ ਰੂਪ 'ਚ ਸਮਝਣ ਲਈ ਚੁਣੌਤੀਆਂ ਭਰੇ ਅਜੋਕੇ ਤਕਨੀਕੀ ਯੁੱਗ ਲਈ ਬੜੀ ਲਾਹੇਵੰਦੀ ਹੈ। ਆਸ ਹੈ ਤਾਰਕਿਕ ਅਤੇ ਜਗਿਆਸੂ ਬਿਰਤੀ ਵਾਲੇ ਪਾਠਕਾਂ ਲਈ ਇਹ ਉਪਯੋਗੀ ਸਿਧ ਹੋਵੇਗੀ। ਇਸ ਪੁਸਤਕ ਦੇ ਪ੍ਰਕਾਸ਼ਕ ਸ. ਹਰਜੀਤ ਸਿੰਘ [ਮਕਾਨ ਨੰ: ੭੮, ਵਾਰਡ ਨੰ:੦੨ ਬੀ, ਜਨਤਾ ਨਗਰ, ਧੂਰੀ-੧੪੮੦੨੪ (ਸੰਗਰੂਰ)] ਹਨ। ਇਸ ਪੁਸਤਕ ਦਾ ਪ੍ਰਕਾਸ਼ਨ ਸਾਲ- ਜੂਨ, ੨੦੨੪ (ਪਹਿਲੀ ਵਾਰ), ਪੰਨੇ ੧੬੦ ਅਤੇ ਕੀਮਤ ੨੫੦ ਰੁਪਏ ਹੈ।

ਖ਼ਬਰਨਾਮਾ

ਅਮਰੀਕਾ ਤੋਂ ਡਿਪੋਰਟ ਹੋਏ ਲੋਕਾਂ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਪ੍ਰਗਟਾਈ ਹਮਦਰਦੀ

ਸ੍ਰੀ ਅੰਮ੍ਰਿਤਸਰ, ੧੫ ਫਰਵਰੀ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਮਰੀਕਾ ਤੋਂ ਡਿਪੋਰਟ ਕਰ ਕੇ ਭੇਜੇ ਜਾ ਰਹੇ ਭਾਰਤੀਆਂ ਨਾਲ ਹਮਦਰਦੀ ਪ੍ਰਗਟ ਕੀਤੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਜਿਹੜੇ ਲੋਕ ਵਿਸ਼ੇਸ਼ ਜਹਾਜ਼ਾਂ ਰਾਹੀਂ ਸ੍ਰੀ ਅੰਮ੍ਰਿਤਸਰ ਪੁੱਜ ਰਹੇ ਹਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਨ੍ਹਾਂ ਲਈ ਰਿਹਾਇਸ਼ ਅਤੇ ਲੋੜ ਅਨੁਸਾਰ ਉਨ੍ਹਾਂ ਨੂੰ ਘਰ ਪਹੁੰਚਾਉਣ ਦਾ ਪ੍ਰਬੰਧ ਕਰਨ ਲਈ ਤਿਆਰ ਹੈ। ਜਿਹੜੇ ਲੋਕ ਲੋੜ ਮਹਿਸੂਸ ਕਰਨ ਉਹ ਹਵਾਈ ਅੱਡੇ 'ਤੇ ਤਾਇਨਾਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਟਾਫ਼ ਤਕ ਪਹੁੰਚ ਕਰ ਸਕਦੇ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਇਸ ਗੱਲ ਉੱਤੇ ਵੀ ਇਤਰਾਜ਼ ਪ੍ਰਗਟ ਕੀਤਾ ਕਿ ਅਮਰੀਕਾ ਤੋਂ ਵਾਪਸ ਭੇਜੇ ਜਾ ਰਹੇ ਵਿਅਕਤੀਆਂ ਨਾਲ ਗੈਰ-ਮਨੁੱਖੀ ਵਿਹਾਰ ਕਿਉਂ ਕੀਤਾ ਜਾ ਰਿਹਾ ਹੈ? ਹੱਥਕੜੀਆਂ ਅਤੇ ਬੇੜੀਆਂ ਪਾ ਕੇ ਉਨ੍ਹਾਂ ਦੇ ਮਨੁੱਖੀ ਅਧਿਕਾਰਾਂ ਨਾਲ ਖਿਲਵਾੜ ਕਰਨਾ ਦੁਖਦਾਈ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਦਾ ਦੋਸ਼ ਕੋਈ ਅਜਿਹਾ ਨਹੀਂ ਹੈ ਕਿ ਇਨ੍ਹਾਂ ਨਾਲ ਅਪਰਾਧੀਆਂ ਵਾਂਗ ਸਲੂਕ ਕੀਤਾ ਜਾਵੇ। ਐਡਵੋਕੇਟ ਧਾਮੀ ਨੇ ਸਰਕਾਰਾਂ ਪਾਸੋਂ ਵੀ ਮੰਗ ਕੀਤੀ ਕਿ ਜਿਹੜੇ ਲੋਕ ਗ਼ੈਰ-ਕਾਨੂੰਨੀ ਪ੍ਰਵਾਸ ਲਈ ਲੋਕਾਂ ਪਾਸੋਂ ਲੱਖਾਂ ਰੁਪਏ ਲੈ ਕੇ ਧੋਖਾ ਕਰ ਰਹੇ ਹਨ ਉਨ੍ਹਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦਿੱਲੀ ਸਿੱਖ ਕਤਲ-ਏ-ਆਮ ਦੇ ਦੋਸ਼ੀ ਸੱਜਣ ਕੁਮਾਰ ਨੂੰ ਮਿਲੀ ਸਜ਼ਾ ਦਾ ਕੀਤਾ ਸਵਾਗਤ

ਸ੍ਰੀ ਅੰਮ੍ਰਿਤਸਰ, ੨੫ ਫ਼ਰਵਰੀ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦਿੱਲੀ ਸਿੱਖ ਕਤਲ-ਏ-ਆਮ ਦੇ ਦੋਸ਼ੀ ਸੱਜਣ ਕੁਮਾਰ ਨੂੰ ਹੋਈ ਸਜ਼ਾ ਦਾ ਸਵਾਗਤ ਕੀਤਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ ਨੇ ਕਿਹਾ ਕਿ ਇਸ ਫੈਸਲੇ ਨਾਲ ਚਾਰ ਦਹਾਕਿਆਂ ਤੋਂ ਇਨਸਾਫ਼ ਦੀ ਆਸ ਵਿਚ ਬੈਠੇ ਪੀੜਿਤ ਪਰਵਾਰਾਂ ਨੂੰ ਕੁਝ ਹੱਦ ਤਕ ਧਰਵਾਸ ਮਿਲੇਗਾ। ਉਨ੍ਹਾਂ ਕਿਹਾ ਕਿ ੧੯੮੪ 'ਚ ਹਜ਼ਾਰਾਂ ਸਿੱਖਾਂ ਦਾ ਵਹਿਸ਼ੀਆਨਾ ਤਰੀਕੇ ਨਾਲ ਕਤਲ ਕੀਤਾ ਗਿਆ। ਇਸ ਕਤਲ-ਏ-ਆਮ ਦੀ ਅਗਵਾਈ ਸੱਜਣ ਕੁਮਾਰ ਅਤੇ ਜਗਦੀਸ਼ ਟਾਇਟਲਰ ਜਿਹੇ ਲੋਕਾਂ ਨੇ ਕੀਤੀ, ਜਿਨ੍ਹਾਂ ਦੀ ਕਾਂਗਰਸ ਹਮੇਸ਼ਾ

ਪੁਸ਼ਤਪਨਾਹੀ ਕਰਦੀ ਰਹੀ। ਉਨ੍ਹਾਂ ਕਿਹਾ ਕਿ ਇਸ ਕਤਲ-ਏ-ਆਮ ਦੇ ਇਨਸਾਫ਼ ਲਈ ਪੀੜਿਤਾਂ ਨੇ ੪੦ ਸਾਲ ਤੋਂ ਵੱਧ ਕਾਨੂੰਨੀ ਲੜਾਈ ਲੜੀ। ਉਨ੍ਹਾਂ ਕਿਹਾ ਕਿ ਆਸ ਸੀ ਕਿ ਦੋਸ਼ੀਆਂ ਨੂੰ ਫ਼ਾਂਸੀ ਦੀ ਸਜ਼ਾ ਹੋਵੇਗੀ, ਪਰ ਉਮਰ ਕੈਦ ਦੀ ਸਜ਼ਾ ਸੁਣਾਈ ਗਈ, ਜੋ ਦੋਸ਼ੀਆਂ ਦੇ ਜ਼ੁਲਮਾਂ ਦੇ ਮੁਕਾਬਲੇ ਬਹੁਤ ਘੱਟ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਲਈ ਅੱਗੇ ਵੀ ਕਾਨੂੰਨੀ ਲੜਾਈ ਜਾਰੀ ਰੱਖੇਗੀ।

ਸ. ਮੰਨਣ ਨੇ ਸੱਜਣ ਕੁਮਾਰ ਅਤੇ ਸਿੱਖ ਕਤਲ-ਏ-ਆਮ ਦੇ ਹੋਰ ਦੋਸ਼ੀਆਂ ਦੀ ਪੁਸ਼ਤਪਨਾਹੀ ਕਰਨ ਵਾਲੀ ਕਾਂਗਰਸ ਲੀਡਰਸ਼ਿਪ 'ਤੇ ਸਵਾਲ ਕਰਦਿਆਂ ਕਿਹਾ ਕਿ ਸਿੱਖ ਕਤਲ-ਏ-ਆਮ ਦੇ ਦੋਸ਼ੀਆਂ ਨੂੰ ਉੱਚ ਅਹੁਦੇ ਦੇ ਕੇ ਉਨ੍ਹਾਂ ਨੂੰ ਸਜ਼ਾਵਾਂ ਤੋਂ ਬਚਾਉਣ ਦਾ ਯਤਨ ਕਰਨ ਵਾਲਿਆਂ ਦੀ ਭੂਮਿਕਾ ਬਾਰੇ ਵੀ ਉੱਚ-ਪੱਧਰੀ ਜਾਂਚ ਹੋਣੀ ਚਾਹੀਦੀ ਹੈ, ਤਾਂ ਜੋ ਇਨ੍ਹਾਂ ਦੋਸ਼ੀਆਂ ਨੂੰ ਵੀ ਸਖ਼ਤ ਸਜ਼ਾਵਾਂ ਮਿਲ ਸਕਣ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿਕਲੀਗਰ ਤੇ ਵਣਜਾਰੇ ਸਿੱਖ ਬੱਚਿਆਂ ਦੀਆਂ ਫੀਸਾਂ ਲਈ ਦਿੱਤੇ ੧੩ ਲੱਖ ੪੪ ਹਜ਼ਾਰ ਰੁਪਏ

ਸ੍ਰੀ ਅੰਮ੍ਰਿਤਸਰ ੨੬ ਫ਼ਰਵਰੀ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿਕਲੀਗਰ ਤੇ ਵਣਜਾਰੇ ਸਿੱਖ ਬੱਚਿਆਂ ਦੀਆਂ ਸਕੂਲ/ਕਾਲਜ਼ ਦੀਆਂ ਫੀਸਾਂ ਲਈ ੧੩ ਲੱਖ ੪੪ ਹਜ਼ਾਰ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਹ ਰਾਸ਼ੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਸ. ਸੁਰਜੀਤ ਸਿੰਘ ਭਿੱਟੇਵੱਡ, ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਸ. ਸੁਖਵਰਸ਼ ਸਿੰਘ ਪੰਨੂ ਤੇ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ ਨੇ ਰਾਏਪੁਰ ਅਤੇ ਛੱਤੀਸਗੜ੍ਹ ਦੇ ਵੱਖ-ਵੱਖ ਥਾਵਾਂ 'ਤੇ ਪੜ੍ਹਦੇ ੧੧੧ ਸਿਕਲੀਗਰ ਤੇ ਵਣਜਾਰੇ ਸਿੱਖ ਬੱਚਿਆਂ ਦੀਆਂ ਫੀਸਾਂ ਦੇ ਰੂਪ ਵਿਚ ਸਕੂਲਾਂ ਨੂੰ ਸੌਂਪੀ। ਜ਼ਿਕਰਯੋਗ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿਕਲੀਗਰ ਸਿੱਖ ਬੱਚਿਆਂ ਨੂੰ ਸਵੈ-ਨਿਰਭਰ ਬਣਾਉਣ ਲਈ ਹਰ ਸਾਲ ਬੱਚਿਆਂ ਦੀਆਂ ਸਕੂਲ ਫੀਸਾਂ ਭਰਨ ਦਾ ਫੈਸਲਾ ਕੀਤਾ ਹੋਇਆ ਹੈ। ਇਸੇ ਤਹਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੱਖ-ਵੱਖ ਵਿੱਦਿਅਕ ਅਦਾਰਿਆਂ ਨੂੰ ਇਹ ਫੀਸਾਂ ਭੇਜੀਆਂ ਗਈਆਂ ਹਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ ਨੇ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਰਾਏਪੁਰ ਤੇ ਛੱਤੀਸਗੜ੍ਹ ਦੇ ਵੱਖ-ਵੱਖ ਸਕੂਲਾਂ ਕਾਲਜਾਂ ਵਿਚ ਜਾ ਕੇ ਇੱਥੇ ਪੜ੍ਹ ਰਹੇ ਸਿਕਲੀਗਰ ਤੇ ਵਣਜਾਰੇ ਸਿੱਖ ਬੱਚਿਆਂ ਦੀਆਂ ਫੀਸਾਂ ਸਿੱਧੇ ਤੌਰ 'ਤੇ ਸਕੂਲਾਂ ਤੇ ਕਾਲਜਾਂ ਨੂੰ ਸੌਂਪੀਆਂ ਗਈਆਂ ਹਨ। ਉਨ੍ਹਾਂ ਦੱਸਿਆ

ਕਿ ਬੀਤੇ 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤੇ ਗਏ ਫੈਸਲੇ ਅਨੁਸਾਰ ਸਾਲ ਭਰ ਦੀਆਂ ਫੀਸਾਂ ਇੱਕੋ ਸਮੇਂ ਖੁਦ ਜਾ ਕੇ ਜਮ੍ਹਾਂ ਕਰਵਾਈਆਂ ਜਾਂਦੀਆਂ ਹਨ, ਤਾਂ ਜੋ ਇਸ ਦੀ ਸੁਜੋਗ ਵਰਤੋਂ ਯਕੀਨੀ ਬਣੀ ਰਹੇ। ਉਨ੍ਹਾਂ ਕਿਹਾ ਕਿ ਇਹ ਫੀਸਾਂ ਦੇਣ ਦਾ ਮੰਤਵ ਸਿਕਲੀਗਰ ਸਿੱਖ ਬੱਚਿਆਂ ਨੂੰ ਸਵੈ-ਨਿਰਭਰ ਬਣਾਉਣ ਲਈ ਸਿੱਖਿਅਤ ਕਰਨਾ ਹੈ, ਤਾਂ ਜੋ ਭਵਿੱਖ ਵਿਚ ਉਹ ਆਪਣੇ ਪੈਰਾਂ 'ਤੇ ਖੜ੍ਹੇ ਹੋ ਸਕਣ। ਇਸ ਮੌਕੇ ਉਨ੍ਹਾਂ ਨਾਲ ਇੰਚਾਰਜ ਸ. ਗੁਰਮੀਤ ਸਿੰਘ ਸੈਣੀ ਤੇ ਗੁਰਦੁਆਰਾ ਇੰਸਪੈਕਟਰ ਸ. ਮੋਹਨਦੀਪ ਸਿੰਘ ਵੀ ਮੌਜੂਦ ਸਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਂਧਰਾ ਪ੍ਰਦੇਸ਼ ਦੇ ਸਿਕਲੀਗਰ ਤੇ ਵਣਜਾਰੇ ਸਿੱਖ ਬੱਚਿਆਂ ਦੀਆਂ ਫੀਸਾਂ ਲਈ ਦਿੱਤੇ ੧੯ ਲੱਖ ੭੦ ਹਜ਼ਾਰ ਰੁਪਏ

ਸ੍ਰੀ ਅੰਮ੍ਰਿਤਸਰ, ੨੮ ਫ਼ਰਵਰੀ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਿਸ਼ਾਖਾਪਟਨਮ ਆਂਧਰਾ ਪ੍ਰਦੇਸ਼ ਵਿਖੇ ਵੱਖ-ਵੱਖ ਸਕੂਲਾਂ/ਕਾਲਜ਼ਾਂ ਵਿਚ ਪੜ੍ਹਦੇ ੧੦੫ ਸਿਕਲੀਗਰ ਤੇ ਵਣਜਾਰੇ ਸਿੱਖ ਬੱਚਿਆਂ ਦੀਆਂ ਸਾਲ ੨੦੨੩-੨੪ ਦੀਆਂ ਫੀਸਾਂ ਲਈ ੧੯ ਲੱਖ ੭੦ ਹਜ਼ਾਰ ਰੁਪਏ ਦੀ ਰਾਸ਼ੀ ਸੰਬੰਧਿਤ ਸਕੂਲਾਂ/ਕਾਲਜਾਂ ਦੇ ਪ੍ਰਬੰਧਕਾਂ ਨੂੰ ਸੌਂਪੀ ਗਈ। ਇਸ ਤੋਂ ਪਹਿਲਾਂ ਬੀਤੇ ਦਿਨੀਂ ਧਰਮ ਪ੍ਰਚਾਰ ਕਮੇਟੀ ਵੱਲੋਂ ਰਾਏਪੁਰ ਤੇ ਛੱਤੀਸਗੜ੍ਹ ਵਿਖੇ ਵੀ ਸਿਕਲੀਗਰ ਤੇ ਵਣਜਾਰੇ ਸਿੱਖ ਬੱਚਿਆਂ ਦੀਆਂ ਫੀਸਾਂ ਲਈ ੧੩ ਲੱਖ ੪੪ ਹਜ਼ਾਰ ਰੁਪਏ ਦੀ ਰਾਸ਼ੀ ਦਿੱਤੀ ਗਈ ਸੀ। ਇਹ ਰਾਸ਼ੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਸ. ਸੁਰਜੀਤ ਸਿੰਘ ਭਿੱਟੇਵੱਡ, ਸ. ਸੁਖਵਰਸ਼ ਸਿੰਘ ਪੰਨੂ ਤੇ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ ਵੱਲੋਂ ਪ੍ਰਬੰਧਕਾਂ ਨੂੰ ਸੌਂਪੀ ਗਈ ਹੈ।

ਇਸ ਸਬੰਧੀ ਗੱਲ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਧਰਮ ਦੇ ਪ੍ਰਚਾਰ ਪ੍ਰਸਾਰ ਦੇ ਨਾਲ-ਨਾਲ ਸਮਾਜਿਕ ਕਾਰਜਾਂ ਵਿਚ ਵੀ ਹਮੇਸ਼ਾ ਮੋਹਰੀ ਰੋਲ ਅਦਾ ਕਰਦੀ ਆ ਰਹੀ ਹੈ। ਪਿਛਲੇ ਕਈ ਸਾਲਾਂ ਤੋਂ ਸਿਕਲੀਗਰ ਤੇ ਵਣਜਾਰੇ ਸਿੱਖ ਬੱਚਿਆਂ ਨੂੰ ਸਵੈ-ਨਿਰਭਰ ਬਣਾਉਣ ਲਈ ਹਰ ਸਾਲ ਸਕੂਲਾਂ/ਕਾਲਜਾਂ ਦੀਆਂ ਫੀਸਾਂ ਅਦਾ ਕੀਤੀਆਂ ਜਾਂਦੀਆਂ ਹਨ, ਤਾਂ ਜੋ ਭਵਿੱਖ ਵਿਚ ਉਹ ਆਪਣੇ ਪੈਰਾਂ 'ਤੇ ਖੜ੍ਹੇ ਹੋ ਸਕਣ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤੇ ਗਏ ਫ਼ੈਸਲੇ ਅਨੁਸਾਰ ਸਾਲ ਭਰ ਦੀਆਂ ਫੀਸਾਂ ਇੱਕੋ ਸਮੇਂ ਖੁਦ ਜਾ ਕੇ ਜਮ੍ਹਾਂ ਕਰਵਾਈਆਂ ਜਾਂਦੀਆਂ ਹਨ, ਤਾਂ ਜੋ ਇਸ ਦੀ ਸੁਜੋਗ ਵਰਤੋਂ ਯਕੀਨੀ ਬਣੀ ਰਹੇ। ਇਸ ਮੌਕੇ ਉਨ੍ਹਾਂ ਨਾਲ ਇੰਚਾਰਜ ਸ. ਗੁਰਮੀਤ ਸਿੰਘ ਸੈਣੀ, ਸ. ਦਿਲਸ਼ਾਹ ਸਿੰਘ ਅਨੰਦ ਤੇ ਗੁਰਦੁਆਰਾ ਇੰਸਪੈਕਟਰ ਸ. ਮੋਹਨਦੀਪ ਸਿੰਘ ਵੀ ਮੌਜੂਦ ਸਨ।

ਰਿਸ਼ੀਕੇਸ਼ 'ਚ ਸਿੱਖ ਵਪਾਰੀ ਦੀ ਕੁੱਟਮਾਰ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਲਿਆ ਨੋਟਿਸ, ਮੁੱਖ ਮੰਤਰੀ ਨੂੰ ਲਿਖਿਆ ਪੱਤਰ

ਸ੍ਰੀ ਅੰਮ੍ਰਿਤਸਰ, ੩ ਮਾਰਚ- ਉੱਤਰਾਖੰਡ ਦੇ ਰਿਸ਼ੀਕੇਸ਼ ਵਿਖੇ ਸਿੱਖ ਵਪਾਰੀ ਨਾਲ ਭੀੜ ਵੱਲੋਂ ਕੀਤੀ ਗਈ ਕੁੱਟਮਾਰ ਅਤੇ ਉਸ ਦੇ ਸ਼ੋਅਰੂਮ ਨੂੰ ਪਹੁੰਚਾਏ ਗਏ ਨੁਕਸਾਨ ਦਾ ਸਖ਼ਤ ਨੋਟਿਸ ਲੈਂਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਘਟਨਾ ਦੀ ਕਰੜੀ ਨਿੰਦਾ ਕੀਤੀ ਹੈ ਅਤੇ ਦੋਸ਼ੀ ਵਿਅਕਤੀਆਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ ਨੇ ਇਸ ਘਟਨਾ ਨੂੰ ਲੈ ਕੇ ਉੱਤਰਾਖੰਡ ਦੇ ਮੁੱਖ ਮੰਤਰੀ ਸ੍ਰੀ ਪੁਸ਼ਕਰ ਧਾਮੀ ਅਤੇ ਉੱਤਰਾਖੰਡ ਪੁਲਿਸ ਨੂੰ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਲਈ ਈ-ਮੇਲ ਪੱਤਰ ਵੀ ਲਿਖਿਆ ਹੈ। ਉਨ੍ਹਾਂ ਕਿਹਾ ਕਿ ਇਸ ਘਟਨਾ ਦੀ ਵਾਇਰਲ ਵੀਡੀਓ ਤੋਂ ਸਪੱਸ਼ਟ ਹੋ ਰਿਹਾ ਹੈ ਕਿ ਭੀੜ ਵੱਲੋਂ ਸਿੱਖ ਵਪਾਰੀਆਂ ਨਾਲ ਕੁੱਟਮਾਰ ਕਰਨ ਦੇ ਨਾਲ-ਨਾਲ ਉਨ੍ਹਾਂ ਦੇ ਸ਼ੋਅਰੂਮ ਉੱਤੇ ਵੀ ਪੱਥਰਬਾਜ਼ੀ ਕਰ ਕੇ ਬਹੁਤ ਨੁਕਸਾਨ ਪਹੁੰਚਾਇਆ ਹੈ। ਉਨ੍ਹਾਂ ਕਿਹਾ ਕਿ ਕਿਉਂਕਿ ਭੀੜ ਵੱਲੋਂ ਸਿੱਖ ਵਪਾਰੀ ਦੀ ਦਸਤਾਰ ਉਤਾਰੀ ਗਈ ਅਤੇ ਉਸ ਦੇ ਕੇਸਾਂ ਦੀ ਬੇਅਦਬੀ ਕੀਤੀ ਗਈ, ਇਸ ਲਈ ਪੁਲਿਸ ਦੋਸ਼ੀਆਂ ਖ਼ਿਲਾਫ਼ ਦਰਜ ਕੀਤੇ ਗਏ ਪਰਚੇ ਵਿਚ ਧਾਰਮਿਕ ਭਾਵਨਾਵਾਂ ਨੂੰ ਸੱਟ ਮਾਰਨ ਦੀਆਂ ਧਾਰਾਵਾਂ ਵੀ ਸ਼ਾਮਲ ਕਰੇ।

ਸ. ਮੰਨਣ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੀੜਤ ਸਿੱਖ ਨਾਲ ਗੱਲਬਾਤ ਕੀਤੀ ਗਈ ਹੈ ਅਤੇ ਸਿੱਖ ਸੰਸਥਾ ਉਸ ਦੇ ਨਾਲ ਖੜ੍ਹੀ ਹੈ। ਉਨ੍ਹਾਂ ਕਿਹਾ ਕਿ ਸਿੱਖ ਵਪਾਰੀ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਇਸ ਘਟਨਾ ਪਿੱਛੇ ਸਥਾਨਕ ਕਾਂਗਰਸ ਕੌਂਸਲਰ ਦਾ ਹੱਥ ਹੈ ਜੋ ਪਿਛਲੇ ਸਮੇਂ ਤੋਂ ਇਨ੍ਹਾਂ ਸਿੱਖ ਵਪਾਰੀਆਂ ਨੂੰ ਤੰਗ-ਪਰੇਸ਼ਾਨ ਵੀ ਕਰਦਾ ਆ ਰਿਹਾ ਹੈ। ਆਪਣੇ ਪੱਤਰ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸਕੱਤਰ ਨੇ ਉੱਤਰਾਖੰਡ ਦੇ ਮੁੱਖ ਮੰਤਰੀ ਤੋਂ ਮੰਗ ਕੀਤੀ ਹੈ ਕਿ ਉਹ ਸੂਬੇ ਦੀ ਪੁਲਿਸ ਨੂੰ ਆਦੇਸ਼ ਕਰਨ ਕਿ ਇਸ ਘਟਨਾ ਦੀ ਨਿਰਪੱਖ ਜਾਂਚ ਹੋਵੇ ਅਤੇ ਦੋਸ਼ੀ ਵਿਅਕਤੀਆਂ ਦੀ ਪਛਾਣ ਕਰ ਕੇ ਤੁਰੰਤ ਗ੍ਰਿਫ਼ਤਾਰ ਕੀਤੇ ਜਾਣ। ਉਨ੍ਹਾਂ ਸਰਕਾਰਾਂ ਨੂੰ ਸਮੁੱਚੇ ਦੇਸ਼ ਅੰਦਰ ਘੱਟਗਿਣਤੀ ਸਿੱਖਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਵੀ ਆਖਿਆ।

ਸ. ਮੰਨਣ ਨੇ ਇਹ ਵੀ ਕਿਹਾ ਕਿ ਜਲਦ ਹੀ ਸਿੱਖ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇੱਕ ਵਫ਼ਦ ਪੀੜਤ ਸਿੱਖਾਂ ਅਤੇ ਉੱਤਰਾਖੰਡ ਸਰਕਾਰ ਦੇ ਅਧਿਕਾਰੀਆਂ ਨਾਲ ਮੁਲਾਕਾਤ ਕਰੇਗਾ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਵੇਂ ਵਰ੍ਹੇ ਨਾਨਕਸ਼ਾਹੀ ਸੰਮਤ ੫੫੭ ਸੰਬੰਧੀ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਗੁਰਮਤਿ ਸਮਾਗਮ

ਸ੍ਰੀ ਅੰਮ੍ਰਿਤਸਰ, ੧੪ ਮਾਰਚ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਾਨਕਸ਼ਾਹੀ ਸੰਮਤ ੫੫੭ ਦੀ ਆਮਦ 'ਤੇ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਗੁਰਮਤਿ ਸਮਾਗਮ ਕਰਵਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਮਗਰੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਜਗਰੂਪ ਸਿੰਘ ਦੇ ਰਾਗੀ ਜਥੇ ਨੇ ਗੁਰਬਾਣੀ ਕੀਰਤਨ ਕੀਤਾ। ਅਰਦਾਸ ਭਾਈ ਬਲਵਿੰਦਰ ਸਿੰਘ ਨੇ ਕੀਤੀ ਅਤੇ ਪਾਵਨ ਹੁਕਮਨਾਮਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ ਨੇ ਸਰਵਣ ਕਰਵਾਇਆ। ਗਿਆਨੀ ਬਲਜੀਤ ਸਿੰਘ ਨੇ ਸੰਗਤ ਨੂੰ ਨਵੇਂ ਵਰ੍ਹੇ ਦੀ ਵਧਾਈ ਦਿੰਦਿਆਂ ਗੁਰਮਤਿ ਅਨੁਸਾਰ ਜੀਵਨ ਬਤੀਤ ਕਰਨ ਦੀ ਪ੍ਰੇਰਣਾ ਕੀਤੀ।

ਨਾਨਕਸ਼ਾਹੀ ਸੰਮਤ ੫੫੭ ਨਵੇਂ ਵਰ੍ਹੇ ਦੀ ਆਮਦ ਸੰਬੰਧੀ ਬੀਤੀ ਰਾਤ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਗੁਰਮਤਿ ਸਮਾਗਮ ਹੋਏ, ਜਿਸ ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਜਥਿਆਂ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਸਿੰਘ ਸਾਹਿਬਾਨ ਨੇ ਸੰਗਤ ਨੂੰ ਗੁਰ-ਇਤਿਹਾਸ ਨਾਲ ਜੋੜਿਆ। ਸਮਾਗਮ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਸੰਗਤ ਨੂੰ ਸੰਮਤ ਨਾਨਕਸ਼ਾਹੀ ੫੫੭ ਦੀ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਗੁਰਬਾਣੀ ਸਿੱਖ ਦੇ ਜੀਵਨ ਦਾ ਆਧਾਰ ਹੈ, ਸਿੱਖ ਨੂੰ ਹਮੇਸ਼ਾਂ ਗੁਰਬਾਣੀ ਦੀ ਸੇਧ ਵਿਚ ਜੀਵਨ ਬਤੀਤ ਕਰਨਾ ਚਾਹੀਦਾ ਹੈ। ਉਨ੍ਹਾਂ ਸੰਗਤ ਨੂੰ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਕੇ ਗੁਰੂ ਵਾਲੇ ਬਣਨ ਲਈ ਵੀ ਪ੍ਰੇਰਿਆ ਅਤੇ ਕੌਮ ਨੂੰ ਨਾਨਕਸ਼ਾਹੀ ਕੈਲੰਡਰ ਅਨੁਸਾਰ ਦਿਹਾੜੇ ਮਨਾਉਣ ਦੀ ਅਪੀਲ ਕੀਤੀ।

ਇਸੇ ਦੌਰਾਨ ਸਿੰਘ ਸਾਹਿਬ ਗਿਆਨੀ ਬਲਵਿੰਦਰ ਸਿੰਘ ਨੇ ਵਿਚਾਰ ਸਾਂਝੇ ਕਰਦਿਆਂ ਸੰਗਤ ਨੂੰ ਬਾਣੀ ਅਤੇ ਬਾਣੇ ਨਾਲ ਜੁੜਨ ਦੀ ਪ੍ਰੇਰਣਾ ਕੀਤੀ। ਉਨ੍ਹਾਂ ਕਿਹਾ ਕਿ ਹਰ ਸਿੱਖ ਆਪਣੇ ਘਰ ਵਿਚ ਨਾਨਕਸ਼ਾਹੀ ਕੈਲੰਡਰ ਲਗਾਏ ਤਾਂ ਜੋ ਸਾਡੇ ਬੱਚੇ ਸਿੱਖ ਇਤਿਹਾਸ ਦੇ ਦਿਹਾੜਿਆਂ ਤੋਂ ਜਾਣੂ ਹੋ ਸਕਣ। ਦੇਰ ਰਾਤ ਤਕ ਚਲੇ ਗੁਰਮਤਿ ਸਮਾਗਮ 'ਚ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਗੁਰਮੇਲ ਸਿੰਘ, ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੇ ਪ੍ਰੋਫ਼ੈਸਰ ਡਾ. ਜਤਿੰਦਰ ਸਿੰਘ ਦੇ ਜਥਿਆਂ ਨੇ ਸੰਗਤ ਨੂੰ ਗੁਰਬਾਣੀ ਕੀਰਤਨ ਨਾਲ ਜੋੜਿਆ ਅਤੇ ਢਾਡੀ ਭਾਈ ਗੁਰਭੇਜ ਸਿੰਘ ਚਵਿੰਡਾ, ਕਵੀਸ਼ਰ ਭਾਈ ਸਤਨਾਮ ਸਿੰਘ ਬੱਦੋਵਾਲ ਦੇ ਜਥਿਆਂ ਨੇ ਗੁਰ-ਇਤਿਹਾਸ ਦੀ ਸਾਂਝ ਪਾਈ।

ਸਰਦਾਰ ਜੱਸਾ ਸਿੰਘ ਰਾਮਗੜ੍ਹੀਆ

ਸਰਦਾਰ ਹਰੀ ਸਿੰਘ ਨਲਵਾ

Registered with Registrar of Newspaper at No. 354/57

Postal Regd.No.L-I/PB-ASR/007/2025-2027 Without Pre-payment of Postage under License no. PB/0370/ 2025-2027

GURMAT PARKASH April 2025

Dharam Parchar Committee, Shiromani Gurdwara Parbandhak Committee, Sri Amritsar Sahib

ਪ੍ਰਕਾਸ਼ ਅਸਥਾਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ
ਗੁਰਦੁਆਰਾ ਗੁਰੂ ਕੇ ਮਹਿਲ, ਸ੍ਰੀ ਅੰਮ੍ਰਿਤਸਰ ਸਾਹਿਬ

Owner : Shiromani Gurdwara Parbandhak Committee. Publisher & Printer : S. Manjit Singh. Printed at Golden Offset Press, Gurdwara Sri Ramsar Sahib, Sri Amritsar. Published from SGPC office, Teja Singh Samundri Hall, Sri Amritsar. Editor : Satwinder Singh

Date: 2-4-2025